Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 366, 14 ਅਗਸਤ ਤੋਂ 20 ਅਗਸਤ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਨਵੀਆਂ ਇਮੀਗ੍ਰੇਸ਼ਨ ਨੀਤੀਆਂ ਦਾ ਪੰਜਾਬ ਤੇ ਆਰਥਿਕ ਅਤੇ ਸਮਾਜਿਕ ਅਸਰ: ਪੀਆਰ ਔਖੀ, ਸਪਾਊਸ ਕੇਸ ਵਾਲਿਆਂ ਨੂੰ ਵੀ ਮੁਸ਼ਕਿਲਾਂ



## ਪਰਵਾਸ ਦੇ ਬਦਲੇ ਰੁਝਾਨਾਂ ਦਾ ਸਮਾਜਿਕ ਅਤੇ ਆਰਥਿਕ ਪ੍ਰਭਾਵ

ਅੰਤਰਰਾਸ਼ਟਰੀ ਪਰਵਾਸ ਸੰਗਠਨ (ਆਈਓਐਮ) ਜੋ ਦੁਨੀਆ ਭਰ ਵਿੱਚ ਲੋਕਾਂ ਦੇ ਪਰਵਾਸ, ਪ੍ਰਵਾਸੀਆਂ ਦੀ ਮਦਦ ਅਤੇ ਸੁਰੱਖਿਅਤ ਤੇ ਕਾਨੂੰਨੀ ਪਰਵਾਸ ਨੂੰ ਉਤਸ਼ਾਹਿਤ ਕਰਦਾ ਹੈ, ਨੇ ਹਾਲ ਹੀ ਵਿੱਚ ਆਪਣੀ ਇੱਕ ਰਿਪੋਰਟ ਜਾਰੀ ਕੀਤੀ ਹੈ।ਭਾਰਤੀ ਨੌਜਵਾਨਾਂ, ਕੁਸ਼ਲ ਪੇਸ਼ਾਵਰਾਂ ਅਤੇ ਵਿਦਿਆਰਥੀਆਂ ਦਾ ਅੰਤਰਰਾਸ਼ਟਰੀ ਪਰਵਾਸ ਅਤੇ ਗਤੀਸ਼ੀਲਤਾ ਦੇ ਨਾਮ ਨਾਲ ਜਾਰੀ ਕੀਤੀ ਗਈ ਇਸ ਰਿਪੋਰਟ ਵਿੱਚ ਭਾਰਤੀ ਨੌਜਵਾਨਾਂ ਦੇ ਅੰਤਰਰਾਸ਼ਟਰੀ ਪਰਵਾਸ ਦੇ ਬਦਲਦੇ ਰੁਝਾਨਾਂ ਦੀ ਗੱਲ ਕੀਤੀ ਗਈ ਹੈ। ਰਿਪੋਰਟ ਮੁਤਾਬਕ 2024 ਵਿੱਚ ਉੱਚ ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਹੋਈ ਹੈ, ਜਿਸ ਵਿੱਚ ਸਭ ਤੋਂ ਵੱਧ ਗਿਰਾਵਟ ਕੈਨੇਡਾ, ਯੂਕੇ ਅਤੇ ਅਮਰੀਕਾ ਵਿੱਚ ਆਈ।

ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੱਡੇ ਪੱਧਰ @ਤੇ ਘੱਟ ਹੋਈ, ਜਿਸ ਦੇ ਮੁੱਖ ਕਾਰਨ ਸਖ਼ਤ ਵੀਜ਼ਾ ਨਿਯਮ, ਸਟੱਡੀ ਪਰਮਿਟ ਕੈਪ ਅਤੇ ਭਾਰਤ-ਕੈਨੇਡਾ ਰਾਜਨੀਤਿਕ ਤਣਾਅ ਦੱਸਿਆ ਗਿਆ ਹੈ। ਸਟੱਡੀ ਮੁਤਾਬਕ ਭਾਰਤੀ ਵਿਦਿਆਰਥੀਆਂ ਦਾ ਹੁਣ ਰੁਝਾਨ ਜਰਮਨੀ, ਫਰਾਂਸ ਅਤੇ ਹੋਰ ਯੂਰਪੀ ਮੁਲਕਾਂ ਅਤੇ ਰੂਸ ਵੱਲ ਹੋਇਆ ਹੈ, ਜਿੱਥੇ ਸਸਤੀ ਸਿੱਖਿਆ ਤੇ ਬਿਹਤਰ ਇਮੀਗ੍ਰੇਸ਼ਨ ਰਾਹ ਉਪਲੱਬਧ ਹਨ। ਪਰ ਇਹ ਰੁਝਾਨ ਕੈਨੇਡਾ, ਇੰਗਲੈਂਡ ਜਾਂ ਅਮਰੀਕਾ ਦੇ ਮੁਕਾਬਲੇ ਬਹੁਤ ਘੱਟ ਹੈ। ਰਿਪੋਰਟ ਵਿੱਚ ਪੰਜਾਬ ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਮੁਤਾਬਕ ਵੱਖ-ਵੱਖ ਦੇਸ਼ਾਂ ਵੱਲੋਂ ਬਦਲੀਆਂ ਪਰਵਾਸ ਨੀਤੀਆਂ ਦਾ ਅਸਰ ਪੰਜਾਬ ਉੱਤੇ ਹੋਇਆ ਹੈ, ਕਿਉਂਕਿ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿੱਚ ਪੰਜਾਬੀ ਵਿਦਿਆਰਥੀਆਂ ਦਾ ਹਿੱਸਾ ਬਹੁਤ ਵੱਡਾ ਰਿਹਾ ਹੈ।

ਇਸ ਤੋਂ ਇਲਾਵਾ ਰਿਪੋਰਟ ਵਿੱਚ ਆਈਲਸ ਇੰਡਸਟਰੀ ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਮੁਤਾਬਕ ਆਈਲਸ ਕੋਚਿੰਗ ਤੇ ਇਮੀਗ੍ਰੇਸ਼ਨ ਏਜੰਸੀਆਂ ਦਾ ਕਾਰੋਬਾਰ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਗਿਆ ਹੈ ਅਤੇ ਸਥਾਨਕ ਕਾਲਜਾਂ-ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੇ ਦਾਖ਼ਲਿਆਂ ਵਿੱਚ ਵਾਧਾ ਹੋਇਆ ਹੈ। ਚੰਡੀਗੜ੍ਹ ਇੰਸਟੀਚਿਊਟ ਫ਼ਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ (ਆਈਡੀਸੀ) ਦੇ ਐਸੋਸੀਏਟ ਪ੍ਰੋਫੈਸਰ ਡਾ. ਸ਼ੁਚੀ ਕਪੂਰੀਆ ਦਾ ਕਹਿਣਾ ਹੈ ਕਿ ਪਰਵਾਸ ਨੀਤੀਆਂ ਵਿੱਚ ਆਈਆਂ ਤਬਦੀਲੀਆਂ ਦਾ ਪੰਜਾਬ ਅਤੇ ਹਰਿਆਣਾ ਵਿੱਚ ਸਾਮਜਿਕ ਅਤੇ ਆਰਥਿਕ ਅਸਰ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਰਿਪੋਰਟ ਵਿੱਚ ਇਹ ਗੱਲ ਉਜਾਗਰ ਹੋਈ ਹੈ ਕਿ ਨੌਜਵਾਨ ਵਿਦੇਸ਼ ਜਾਣਾ ਚਾਹੁੰਦੇ ਹਨ ਪਰ ਉਸ ਦੇ ਲਈ ਇੱਕ ਠੋਸ ਨੀਤੀ ਬਣਾਉਣ ਦੀ ਲੋੜ ਹੈ ਖ਼ਾਸ ਤੌਰ @ਤੇ ਕਿੱਤਾ ਮੁਖੀ ਕੋਰਸਾਂ ਦੇ ਸਬੰਧ ਵਿੱਚ। ਉਨ੍ਹਾਂ ਦੱਸਿਆ ਜੋ ਨੌਜਵਾਨ ਕਿਸੇ ਕਾਰਨ ਵਿਦੇਸ਼ ਤੋਂ ਵਾਪਸ ਆ ਵੀ ਜਾਂਦੇ ਹਨ ਤਾਂ ਉਸ ਵਿੱਚ ਸਮਾਜ ਦਾ ਨਜ਼ਰੀਆ ਅਹਿਮ ਭੂਮਿਕਾ ਨਿਭਾਉਂਦਾ ਹੈ। ਅਕਸਰ ਇਸ ਨੂੰ ਸਮਾਜ ਵਿੱਚ ਚੰਗਾ ਨਹੀਂ ਸਮਝਿਆ ਜਾਂਦਾ ਹੈ। ਉਨ੍ਹਾਂ ਦੱਸਿਆ ਲੋੜ ਇਸ ਗੱਲ ਦੀ ਵੀ ਹੈ ਕਿ ਜੋ ਨੌਜਵਾਨ ਵਾਪਸ ਦੇਸ਼ ਪਰਤ ਵੀ ਆਉਂਦੇ ਹਨ, ਉਨ੍ਹਾਂ ਦੇ ਪੁਨਰ ਵਸੇਬੇ ਲਈ ਵੀ ਸਰਕਾਰਾਂ ਅਤੇ ਸੰਸਥਾਵਾਂ ਨੂੰ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਮੁਤਾਬਕ ਨੌਜਵਾਨਾਂ ਵਿੱਚ ਬੇਭਰੋਸਗੀ ਦਾ ਮਾਹੌਲ ਹੈ, ਵੀਜ਼ਾ ਰਿਜੈਕਸ਼ਨ ਦਾ ਵਧਣਾ ਅਤੇ ਪੱਕੀ ਰਿਹਾਇਸ਼ ਦੇ ਨਿਯਮ ਸਖ਼ਤ ਹੋਣ ਕਾਰਨ ਲੱਖਾਂ ਰੁਪਏ ਖ਼ਰਚ ਚੁੱਕੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਮਾਨਸਿਕ ਤਣਾਅ ਅਤੇ ਚਿੰਤਾ ਵਧੀ ਹੈ। ਯਾਦ ਰਹੇ ਕਿ ਆਈ.ਡੀ.ਸੀ ਨੇ ਅੰਤਰਰਾਸ਼ਟਰੀ ਪਰਵਾਸ ਸੰਗਠਨ ਨਾਲ ਮਿਲ ਕੇ ਇਸ ਰਿਪੋਰਟ ਉੱਤੇ ਬੀਤੇ ਦਿਨੀਂ ਚੰਡੀਗੜ੍ਹ ਵਿਖੇ ਚਰਚਾ ਵੀ ਕਰਵਾਈ ਸੀ।

ਮੈਂ 2022 ਵਿੱਚ ਸਭ ਕੁਝ ਛੱਡ ਕੇ ਭਾਰਤ ਤੋਂ ਯੂਕੇ ਵਿੱਚ ਵੱਸਣ ਦੇ ਸੁਪਨੇ ਨਾਲ ਸਟੂਡੈਂਟ ਵੀਜ਼ੇ @ਤੇ ਉੱਥੇ ਗਈ ਸੀ, ਤੰਗੀਆਂ ਤੁਰਸ਼ੀਆਂ ਅਤੇ ਸੰਘਰਸ਼ ਦੇ ਨਾਲ ਪੜ੍ਹਾਈ ਵੀ ਪੂਰੀ ਕੀਤੀ ਪਰ ਮੈਨੂੰ ਆਖ਼ਰਕਾਰ ਖ਼ਾਲੀ ਹੱਥ ਵਾਪਸ ਭਾਰਤ ਪਰਤਣਾ ਪਿਆ, ਕਾਰਨ ਯੂਕੇ ਦੇ ਪਰਵਾਸ ਸਬੰਧੀ ਨਿਯਮਾਂ ਵਿੱਚ ਹੋਏ ਬਦਲਾਅ, ਜਿਸ ਕਰ ਕੇ ਮੇਰਾ ਉੱਥੇ ਕੋਈ ਭਵਿੱਖ ਨਹੀਂ ਸੀ।÷, ਇਹ ਸ਼ਬਦ ਹਨ ਪੰਜਾਬ ਦੇ ਮੁਕਤਸਰ ਸਾਹਿਬ ਸ਼ਹਿਰ ਦੀ ਮੋਨਿਕਾ ਢਿੱਲੋਂ ਦੇ।

ਮੋਨਿਕਾ ਨੇ ਦੱਸਿਆ ਕਿ ਉਹ ਚੰਗੇ ਭਵਿੱਖ ਦੀ ਉਮੀਦ ਨਾਲ ਯੂਕੇ ਗਏ ਸਨ, ਪਰ ਉੱਥੇ ਸਭ ਕੁਝ ਉਸ ਦੀ ਸੋਚ ਤੋਂ ਉਲਟ ਹੋਇਆ। ਮੋਨਿਕਾ ਮੁਤਾਬਕ ਯੂਕੇ ਦੀ ਜ਼ਿੰਦਗੀ ਕਾਫੀ ਵਿਦਿਆਰਥੀਆਂ ਲਈ ਬਹੁਤ ਔਖੀ ਹੈ ਜਿਸ ਦੀ ਜਾਣਕਾਰੀ ਪਹਿਲਾਂ ਭਾਰਤ ਵਿੱਚ ਨਹੀਂ ਮਿਲਦੀ।

ਉਨ੍ਹਾਂ ਦੱਸਿਆ ਹਵਾਈ ਅੱਡੇ @ਤੇ ਲੈਂਡ ਕਰਨ ਤੋਂ ਬਾਅਦ ਹੀ ਵਿਦਿਆਰਥੀ ਜੀਵਨ ਦਾ ਸੰਘਰਸ਼ ਸ਼ੁਰੂ ਹੋ ਜਾਂਦਾ ਹੈ, ਮਹਿੰਗਾਈ ਅਤੇ ਨੌਕਰੀ ਨਾ ਮਿਲਣ ਕਾਰਨ ਹਰ ਵਕਤ ਤਣਾਅ ਵਿੱਚ ਰਹਿਣਾ ਪੈਂਦਾ ਹੈ। ਮੋਨਿਕਾ ਨੇ ਦੱਸਿਆ ਸ਼ੁਰੂ ਵਿੱਚ ਉਸ ਨੂੰ ਪਰਿਵਾਰ ਤੋਂ ਪੈਸੇ ਵੀ ਮੰਗਵਾਉਣੇ ਪਏ, ਕਿਉਂਕਿ ਨੌਕਰੀ ਨਾ ਹੋਣ ਕਾਰਨ ਮਕਾਨ ਦਾ ਰੈਂਟ ਦੇਣਾ ਵੀ ਔਖਾ ਸੀ। ਮੋਨਿਕਾ ਮੁਤਾਬਕ ਉਸ ਨੇ ਔਖੇ-ਸੌਖੇ ਤਰੀਕੇ ਨਾਲ ਆਪਣੀ ਮਾਸਟਰਜ਼ ਦੀ ਡਿਗਰੀ ਪੂਰੀ ਕੀਤੀ ਪਰ ਇਸ ਦੌਰਾਨ ਯੂਕੇ ਨੇ ਪਰਵਾਸ ਨਿਯਮਾਂ ਵਿੱਚ ਵੱਡੇ ਪੱਧਰ @ਤੇ ਬਦਲਾਅ ਕਰ ਦਿੱਤਾ। ਦੂਜੇ ਪਾਸੇ ਉਨ੍ਹਾਂ ਦੇ ਪਤੀ ਦੀ ਸਪਾਊਸ ਵੀਜ਼ੇ ਦੀ ਐਪਲੀਕੇਸ਼ਨ ਵੀ ਰੱਦ ਕਰ ਦਿੱਤੀ ਗਈ ਸੀ, ਜਿਸ ਕਾਰਨ ਉਹ ਆਖ਼ਰਕਾਰ ਇਸ ਸਾਲ ਵਾਪਸ ਦੇਸ਼ ਪਰਤ ਆਈ।

ਨਾ ਸਿਰਫ ਮੋਨਿਕਾ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਲਈ ਵਿਦੇਸ਼ ਜਾਣਾ ਕਦੇ ਬਿਹਤਰ ਭਵਿੱਖ ਦੀ ਗਾਰੰਟੀ ਮੰਨਿਆ ਜਾਂਦਾ ਸੀ, ਪਰ ਕੈਨੇਡਾ, ਯੂਕੇ ਅਤੇ ਹੋਰ ਦੇਸ਼ਾਂ ਵੱਲੋਂ ਪਿਛਲੇ ਕੁਝ ਸਾਲਾਂ ਦੌਰਾਨ ਪਰਵਾਸ ਅਤੇ ਵਿਦਿਆਰਥੀ ਵੀਜ਼ਾ ਨਿਯਮਾਂ ਵਿੱਚ ਕੀਤੀ ਗਈ ਸਖ਼ਤੀ ਨੇ ਇਸ ਰੁਝਾਨ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਦੇ ਅਸਰ ਹੁਣ ਸਿਰ਼ਫ ਵਿਦੇਸ਼ ਜਾਣ ਦੇ ਚਾਹਵਾਨਾਂ ਤੱਕ ਸੀਮਤ ਨਹੀਂ ਰਹੇ, ਸਗੋਂ ਪਰਿਵਾਰਕ ਰਿਸ਼ਤਿਆਂ, ਇਮੀਗ੍ਰੇਸ਼ਨ ਕਾਰੋਬਾਰ ਅਤੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਵਿੱਚ ਵੀ ਮਹਿਸੂਸ ਕੀਤੇ ਜਾਣ ਲੱਗੇ ਹਨ।ਹੋਰਨਾਂ ਮੁਲਕਾਂ ਦੀ ਤਰ੍ਹਾਂ ਅਮਰੀਕਾ ਨੇ ਵੀ ਵੀਜ਼ਾ ਜਾਂਚ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਸਖ਼ਤ ਕੀਤੀ ਹੈ, ਜਦੋਂਕਿ ਗੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਡਿਪੋਰਟੇਸ਼ਨ ਕਾਰਵਾਈਆਂ @ਤੇ ਵੀ ਜ਼ੋਰ ਦਿੱਤਾ ਗਿਆ ਹੈ। ਵੱਖ-ਵੱਖ ਦੇਸ਼ਾਂ ਵਲੋਂ ਇਮੀਗ੍ਰੇਸ਼ਨ ਵਿੱਚ ਕੀਤੀਆਂ ਤਬਦੀਲੀਆਂ ਦਾ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਰਿਹਾਇਸ਼ੀ ਸੰਕਟ, ਉੱਚੇ ਪਰਵਾਸ ਅੰਕੜੇ, ਜਨਤਕ ਸੇਵਾਵਾਂ ਉੱਤੇ ਵਧਦਾ ਬੋਝ ਅਤੇ ਵੀਜ਼ਾ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਲੋੜ ਅਤੇ ਰੁਜ਼ਗਾਰ ਦੇ ਘੱਟਦੇ ਮੌਕਿਆਂ ਨੂੰ ਮੰਨਿਆ ਗਿਆ ਹੈ।

**ਪੀਆਰ ਦੀ ਆਸ ਵਿੱਚ ਬਿਤਾਏ ਕਈ ਸਾਲ**

ਮੋਨਿਕਾ ਵਾਂਗ ਲੁਧਿਆਣਾ ਦੇ ਡਾਬਾ ਪਿੰਡ ਦੇ ਹੁਸਨਪ੍ਰੀਤ ਸਿੰਘ ਵੀ ਕੁਝ ਮਹੀਨੇ ਪਹਿਲਾਂ ਕੈਨੇਡਾ ਤੋਂ ਭਾਰਤ ਪਰਤ ਆਏ ਹਨ। ਹੁਸਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ 2020 ਵਿੱਚ ਸਟੂਡੈਂਟ ਵੀਜ਼ੇ @ਤੇ ਕੈਨੇਡਾ ਗਏ ਸਨ ਅਤੇ ਉਸ ਸਮੇਂ ਉਨ੍ਹਾਂ ਦੇ ਦੋਸਤ ਅਤੇ ਕਈ ਰਿਸ਼ਤੇਦਾਰ ਕੈਨੇਡਾ ਜਾ ਚੁੱਕੇ ਸਨ ਅਤੇ ਉਸ ਨੂੰ ਵੀ ਆਪਣਾ ਭਵਿੱਖ ਉੱਥੇ ਹੀ ਨਜ਼ਰ ਆਉਣ ਲੱਗਾ। ਹੁਸਨਪ੍ਰੀਤ ਸਿੰਘ ਮੁਤਾਬਕ, ਕੈਨੇਡਾ ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਵਰਕ ਪਰਮਿਟ ਮਿਲ ਗਿਆ ਅਤੇ ਤਿੰਨ ਸਾਲ ਬਾਅਦ ਉਹ ਖ਼ਤਮ ਹੋ ਗਿਆ। ਇਸ ਤੋਂ ਬਾਅਦ ਟਰੱਕ ਡਰਾਈਵਰ ਦੇ ਤੌਰ @ਤੇ ਐਲ.ਐਮ.ਆਈ.ਏ ਲਈ ਪਰ ਸਰਕਾਰ ਨੇ ਇਸ ਕੈਟਾਗਰੀ ਵਿੱਚ ਪੀ ਆਰ ਹੀ ਬੰਦ ਕਰ ਦਿੱਤੀ।

ਅਸਲ ਵਿੱਚ ਐਲ.ਐਮ.ਆਈ.ਏ ਇੱਕ ਪੱਤਰ ਹੁੰਦਾ ਹੈ ਜਿਸ ਤਹਿਤ ਕੈਨੇਡਾ ਵਿੱਚ ਕੋਈ ਕੰਪਨੀ ਜਾਂ ਇੰਪਲੋਇਰ ਜਦੋਂ ਵਿਦੇਸ਼ੀ ਵਿਅਕਤੀ ਨੂੰ ਨੌਕਰੀ ਦੇਣਾ ਚਾਹੁੰਦਾ ਹੈ, ਤਾਂ ਉਸ ਨੂੰ ਸਰਕਾਰ ਤੋਂ ਇਜਾਜ਼ਤ ਲੈਣੀ ਪੈਂਦੀ ਹੈ, ਉਸ ਇਜਾਜ਼ਤ ਦਾ ਨਾਮ ਹੈ ਐਲ.ਐਮ.ਆਈ.ਏ ਹੈ। ਹੁਸਨਪ੍ਰੀਤ ਸਿੰਘ ਦੱਸਦੇ ਹਨ ਜਦੋਂ ਕੈਨੇਡਾ ਵਿੱਚ ਰਹਿਣਾ ਦਾ ਕੋਈ ਭਵਿੱਖ ਨਜ਼ਰ ਨਹੀਂ ਆਇਆ ਤਾਂ ਉਨ੍ਹਾਂ ਨੇ ਵਾਪਸ ਦੇਸ਼ ਪਰਤਣ ਦਾ ਫ਼ੈਸਲਾ ਕੀਤਾ। ਹੁਸਨਪ੍ਰੀਤ ਸਿੰਘ ਆਖਦੇ ਹਨ ਕਿ ਕੈਨੇਡਾ ਨੇ ਉਨ੍ਹਾਂ ਨੂੰ ਬਹੁਤ ਸਿਖਾਇਆ, ਪਰ ਅ਼ਫਸੋਸ ਇਸ ਗੱਲ ਦਾ ਹੈ ਉਨ੍ਹਾਂ ਦੀ ਜ਼ਿੰਦਗੀ ਦੇ ਅਹਿਮ ਸਾਲ ਉੱਥੇ ਖ਼ਰਾਬ ਹੋ ਗਏ ਅਤੇ ਉਨ੍ਹਾਂ ਨੂੰ ਮੁੜ ਤੋਂ ਭਾਰਤ ਆ ਕੇ ਜ਼ਿੰਦਗੀ ਜ਼ੀਰੋ ਤੋਂ ਸ਼ੁਰੂ ਕਰਨੀ ਪੈ ਰਹੀ ਹੈ। ਭਾਵੇਂ ਹੁਸਨਪ੍ਰੀਤ ਸਿੰਘ ਨੇ ਹੁਣ ਕੈਨੇਡਾ ਨੂੰ ਭੁਲਾ ਕੇ ਇੱਕ ਵਾਰ ਫਿਰ ਤੋਂ ਜ਼ਿੰਦਗੀ ਨੂੰ ਲੀਹਾਂ ਉੱਤੇ ਲਿਆਉਣ ਦੇ ਲਈ ਆਪਣਾ ਕੰਮ ਸ਼ੁਰੂ ਕੀਤਾ ਹੈ, ਪਰ ਉਨ੍ਹਾਂ ਮੁਤਾਬਕ ਇਸ ਲਈ ਕਾ਼ਫੀ ਮੁਸ਼ਕਿਲਾਂ ਹਨ। ਉਨ੍ਹਾਂ ਮੁਤਾਬਕ, ਖ਼ਾਸ ਤੌਰ @ਤੇ ਸਮਾਜ ਦੇ ਨਜ਼ਰੀਏ ਪੱਖੋਂ, ਕਿਉਂਕਿ ਕੈਨੇਡਾ ਤੋਂ ਵਾਪਸ ਪਰਤਣ ਦੇ ਫ਼ੈਸਲੇ ਸਬੰਧੀ ਉਨ੍ਹਾਂ ਨੂੰ ਅਕਸਰ ਸਵਾਲ ਪੁੱਛੇ ਜਾਂਦੇ ਹਨ।

**ਸਪਾਊਸ ਵੀਜ਼ਾ ਜ਼ਰੀਏ ਵਿਦੇਸ਼ ਜਾਣਾ ਪਹਿਲਾਂ ਨਾਲੋਂ ਮੁਸ਼ਕਿਲ ਹੋਇਆ**

ਬਦਲੀਆਂ ਪਰਵਾਸ ਨੀਤੀਆਂ ਨੇ ਆਰਥਿਕ ਤੌਰ @ਤੇ ਹੀ ਨਹੀਂ ਸਗੋਂ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਅਤੇ ਰਿਸ਼ਤਿਆਂ ਦੀ ਮਰਿਆਦਾ ਤੇ ਵੀ ਅਸਰ ਪਾਇਆ ਹੈ। ਖ਼ਾਸ ਤੌਰ @ਤੇ ਸਪਾਊਸ ਵੀਜ਼ਾ ਦੇ ਨਿਯਮ ਸਖ਼ਤ ਹੋਣ ਤੋਂ ਬਾਅਦ ਤੋਂ ਆਪਸੀ ਰਿਸ਼ਤਿਆਂ ਦਾ ਭਵਿੱਖ ਕੀ ਹੋਵੇਗਾ, ਇਸ ਉੱਤੇ ਫ਼ਿਲਹਾਲ ਵੱਡਾ ਸਵਾਲ ਲੱਗਾ ਹੋਇਆ ਹੈ। ਲੁਧਿਆਣਾ ਜ਼ਿਲ੍ਹੇ ਦੇ ਧਾਂਦਰਾ ਪਿੰਡ ਦੇ ਰਣਧੀਰ ਸਿੰਘ ਦਾ ਵਿਆਹ 2022 ਵਿੱਚ ਹੋਇਆ ਸੀ ਅਤੇ 2023 ਵਿੱਚ ਉਨ੍ਹਾਂ ਨੇ ਆਪਣੀ ਪਤਨੀ ਨੂੰ ਕੈਨੇਡਾ ਪੜ੍ਹਾਈ ਲਈ ਭੇਜ ਦਿੱਤਾ। ਰਣਧੀਰ ਸਿੰਘ ਦੇ ਦੱਸਣ ਮੁਤਾਬਕ ਉਨ੍ਹਾਂ ਦੀ ਪਤਨੀ ਨੇ ਸਪਾਊਸ ਵੀਜ਼ੇ ਤਹਿਤ ਉਨ੍ਹਾਂ ਦਾ ਕੇਸ ਅਪਲਾਈ ਵੀ ਕੀਤਾ ਸੀ, ਪਰ ਵੀਜ਼ਾ ਅਰਜ਼ੀ ਦੋ ਵਾਰ ਰੱਦ ਹੋ ਗਈ। ਯਾਦ ਰਹੇ ਕਿ ਕੈਨੇਡਾ ਨੇ ਇਮੀਗ੍ਰੇਸ਼ਨ ਨੀਤੀਆਂ ਵਿੱਚ ਜੋ ਬਦਲਾਅ ਕੀਤੇ ਹਨ, ਉਸ ਵਿੱਚ ਸਪਾਊਸ ਵੀਜ਼ਾ ਕੈਟਾਗਰੀ ਵੀ ਸ਼ਾਮਲ ਹੈ, ਜੋ ਪਹਿਲਾਂ ਦੇ ਮੁਕਾਬਲੇ ਕਾ਼ਫੀ ਸਖ਼ਤ ਹੋ ਗਈ ਹੈ ਅਤੇ ਵਿਦਿਆਰਥੀ ਵੀਜ਼ੇ ਤਹਿਤ ਪਤੀ ਜਾਂ ਪਤਨੀ ਨੂੰ ਕੈਨੇਡਾ ਬੁਲਾਉਣਾ ਪਹਿਲਾਂ ਦੇ ਮੁਕਾਬਲੇ ਕਾ਼ਫੀ ਔਖਾ ਹੋ ਗਿਆ। ਖੇਤੀਬਾੜੀ ਦੇ ਕਿੱਤੇ ਨਾਲ ਸਬੰਧਿਤ ਰਣਧੀਰ ਸਿੰਘ ਦੱਸਦੇ ਹਨ ਕਿ ਸਮਝ ਨਹੀਂ ਆ ਰਿਹਾ, ਹੁਣ ਕੀ ਕੀਤਾ ਜਾਵੇ, ਕਿਉਂਕਿ ਜ਼ਿੰਦਗੀ ਅੱਧ ਵਿਚਾਲੇ ਫਸੀ ਹੋਈ ਹੈ। ਉਨ੍ਹਾਂ ਨੇ ਦੱਸਿਆ ਵਿਆਹ ਅਤੇ ਪਤਨੀ ਨੂੰ ਕੈਨੇਡਾ ਪੜ੍ਹਾਈ ਲਈ ਭੇਜਣ ਵਿੱਚ ਉਨ੍ਹਾਂ ਦੇ ਹੁਣ ਤੱਕ ਕਰੀਬ ਚਾਲੀ ਲੱਖ ਰੁਪਏ ਖ਼ਰਚ ਹੋ ਗਏ ਹਨ ਪਰ ਕੈਨੇਡਾ ਜਾਣ ਦਾ ਸੁਪਨਾ ਫ਼ਿਲਹਾਲ ਸਾਕਾਰ ਨਹੀਂ ਹੋ ਰਿਹਾ ਹੈ। ਵੈਸੇ ਅਜੇ ਵੀ ਰਣਧੀਰ ਸਿੰਘ ਨੂੰ ਉਮੀਦ ਹੈ ਕਿ ਕੈਨੇਡਾ ਸਰਕਾਰ ਅਸਲੀ ਵਿਆਹ ਵਾਲੇ ਕੇਸਾਂ ਨੂੰ ਪੁਨਰ ਵਿਚਾਰ ਜ਼ਰੂਰ ਕਰੇਗੀ। ਪੰਜਾਬ ਵਿੱਚ ਕੁੜੀ ਦੇ ਆਈਲਸ ਬੈਂਡ ਦੇ ਆਧਾਰ @ਤੇ ਮੁੰਡੇ ਵਾਲਿਆਂ ਵੱਲੋਂ ਖ਼ਰਚਾ ਕਰ ਕੇ ਵਿਦੇਸ਼ ਭੇਜਣ ਅਤੇ ਬਾਅਦ ਵਿੱਚ @ਸਪਾਊਸ ਵੀਜ਼ਾ@ @ਤੇ ਪਤੀ ਨੂੰ ਕੈਨੇਡਾ ਬੁਲਾਉਣ ਦਾ ਰੁਝਾਨ ਕਾ਼ਫੀ ਚੱਲਿਆ ਸੀ। ਸਪਾਊਸ ਵੀਜ਼ਾ ਅਤੇ ਵਰਕ ਪਰਮਿਟ ਨਿਯਮਾਂ ਵਿੱਚ ਸਖ਼ਤੀ ਕਾਰਨ ਅਜਿਹੇ ? ਕਈ ਵਿਆਹਾਂ ਵਿੱਚ ਧੋਖਾਧੜੀ, ਅਦਾਲਤੀ ਕੇਸ ਅਤੇ ਪਰਿਵਾਰਕ ਵਿਵਾਦ ਦੇ ਮਾਮਲੇ ਵੀ ਪਿਛਲੇ ਕੁਝ ਸਮੇਂ ਦੌਰਾਨ ਸਾਹਮਣੇ ਆ ਰਹੇ ਹਨ। ਪੰਜਾਬ ਪੁਲਿਸ ਦੇ ਐਨ. ਆਰ. ਆਈ. ਵਿਭਾਗ ਦੇ ਇੱਕ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ @ਤੇ ਬੀਬੀਸੀ ਪੰਜਾਬੀ ਨੂੰ ਦੱਸਿਆ ਕਿ ਹੁਣ ਜਦੋਂ ਵਿਦੇਸ਼ਾਂ ਵਿੱਚ ਸਪਾਊਸ ਵੀਜ਼ਾ ਦੇ ਨਿਯਮ ਸਖ਼ਤ ਹੋ ਗਏ ਹਨ ਤਾਂ ਪਤੀ-ਪਤਨੀ ਰਿਸ਼ਤਿਆਂ ਉੱਤੇ ਵੀ ਇਸ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਥਾਣਿਆਂ ਅਤੇ ਅਦਾਲਤਾਂ ਵਿੱਚ ਧੋਖਾਧੜੀ ਅਤੇ ਵਿਵਾਦਾਂ ਦੇ ਕੇਸ ਵਧ ਰਹੇ ਹਨ, ਜੋ ਇਹ ਦਰਸਾਉਂਦਾ ਹੈ ਕਿ ਬਦਲੀਆਂ ਇਮੀਗ੍ਰੇਸ਼ਨ ਨੀਤੀਆਂ ਨੇ ਸਾਡੇ ਸਮਾਜਿਕ ਤਾਣੇ-ਬਾਣੇ ਅਤੇ ਰਿਸ਼ਤਿਆਂ ਦੀ ਮਰਿਆਦਾ @ਤੇ ਵੀ ਡੂੰਘੀ ਚੋਟ ਕੀਤੀ ਹੈ। ਬੀਬੀਸੀ ਪੰਜਾਬੀ ਨੇ ਵੀ ਅਜਿਹੇ ਕੁਝ ਮਾਮਲਿਆਂ ਨੂੰ ਪਿਛਲੇ ਸਮੇਂ ਦੌਰਾਨ ਰਿਪੋਰਟ ਕੀਤਾ ਹੈ।

**ਆਈਲੈਟਸ ਅਤੇ ਇਮੀਗ੍ਰੇਸ਼ਨ ਕਾਰੋਬਾਰ ਤੇ ਮੰਦੀ**

ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਇਮੀਗ੍ਰੇਸ਼ਨ ਦਾ ਕਾਰੋਬਾਰ ਬਹੁਤ ਤੇਜ਼ੀ ਨਾਲ ਉਭਰਿਆ ਸੀ ਅਤੇ ਇਸ ਨੇ ਇੱਕ ਇੰਡਸਟਰੀ ਦਾ ਰੂਪ ਲੈ ਲਿਆ ਸੀ। ਸਥਿਤੀ ਇਹ ਸੀ ਕਿ ਪੰਜਾਬ ਦੇ ਹਰ ਜ਼ਿਲ੍ਹੇ, ਸ਼ਹਿਰ, ਕਸਬਿਆਂ ਵਿੱਚ ਆਈਲਸ ਅਤੇ ਇਮੀਗ੍ਰੇਸ਼ਨ ਦਾ ਕੰਮ ਕਰਨ ਵਾਲਿਆਂ ਦੇ ਦ਼ਫਤਰਾਂ ਦੀ ਭਰਮਾਰ ਸੀ। ਖ਼ਾਸ ਤੌਰ ਉੱਤੇ ਬਠਿੰਡਾ, ਮੋਗਾ, ਬਰਨਾਲਾ, ਸੰਗਰੂਰ, ਲੁਧਿਆਣਾ, ਜਲੰਧਰ, ਮੁਹਾਲੀ ਅਤੇ ਅੰਮ੍ਰਿਤਸਰ ਵਰਗੇ ਜ਼ਿਲ੍ਹੇ ਵਿਦੇਸ਼ ਜਾਣ ਦੇ ਚਾਹਵਾਨਾਂ ਲਈ ਹੱਬ ਦਾ ਰੂਪ ਧਾਰਨ ਕਰ ਗਏ ਸਨ। ਪੰਜਾਬ ਦੇ ਹਰ ਦੂਜੇ ਮੋੜ @ਤੇ ਖੁੱਲ੍ਹੇ ਇਹ ਆਈਲਸ ਸੈਂਟਰ ਅਤੇ ਇਮੀਗ੍ਰੇਸ਼ਨ ਏਜੰਸੀਆਂ ਕਿਸੇ ਸਮੇਂ ਪੰਜਾਬੀ ਨੌਜਵਾਨਾਂ ਦੇ ਵਿਦੇਸ਼ੀ ਸੁਪਨਿਆਂ ਦੀ ਪਹਿਲੀ ਪੌੜੀਆਂ ਹੁੰਦੀਆਂ ਸਨ। ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲੋਂ ਵੀਜ਼ਾ ਨਿਯਮਾਂ ਵਿੱਚ ਕੀਤੀ ਸਖ਼ਤੀ ਨੇ ਨਾ ਸਿਰ਼ਫ ਪੰਜਾਬ ਦੇ ਇਮੀਗ੍ਰੇਸ਼ਨ ਕਾਰੋਬਾਰ ਤੇ ਅਸਰ ਪਾਇਆ ਹੈ, ਸਗੋਂ ਪੰਜਾਬੀ ਨੌਜਵਾਨਾਂ ਨੂੰ ਆਪਣੇ ਭਵਿੱਖ ਬਾਰੇ ਮੁੜ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਬਠਿੰਡਾ ਦੀ ਅਜੀਤ ਰੋਡ, ਜੋ ਅਕਸਰ ਬੋਲ ਚਾਲ ਦੀ ਭਾਸ਼ਾ ਵਿੱਚ ਆਈਲਸ ਜਾਂ ਕੈਨੇਡਾ ਵਾਲੀ ਗਲੀ (ਸੜਕ) ਦੇ ਨਾਮ ਮਸ਼ਹੂਰ ਸੀ, ਇਸ ਦਾ ਕਾਰਨ ਸੀ ਇੱਥੇ ਇਮੀਗ੍ਰੇਸ਼ਨ ਦੇ ਦ਼ਫਤਰਾਂ ਦੀ ਭਰਮਾਰ। ਕਰੀਬ ਇੱਕ ਕਿੱਲੋਮੀਟਰ ਲੰਮੀ ਇਸ ਰੋਡ ਦੇ ਦੋਵੇਂ ਪਾਸੇ ਕਿਸੇ ਵਕਤ ਇਮੀਗ੍ਰੇਸ਼ਨ ਅਤੇ ਆਈਲਸ ਸੈਂਟਰ ਹੁੰਦੇ ਸਨ ਪਰ ਹੁਣ ਇੱਥੇ ਪਹਿਲਾਂ ਵਾਂਗ ਚਹਿਲ-ਪਹਿਲ ਦੀ ਥਾਂ ਚੁੱਪ ਹੈ। ਇੱਥੇ ਇਮੀਗ੍ਰੇਸ਼ਨ ਦਾ ਕੰਮ ਕਰਨ ਵਾਲੇ ਰਾਜਕਰਨ ਸਿੰਘ ਬਰਾੜ ਕਹਿੰਦੇ ਹਨ ਕੰਮ ਬਹੁਤ ਘੱਟ ਰਹਿ ਗਿਆ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


# ਪੰਜਾਬ ਵਿੱਚ ਨਸ਼ੇ ਦੇ ਮਰੀਜ਼ਾਂ ਨੂੰ ਦਿੱਤੀ ਜਾਂਦੀ 'ਬੁਪ੍ਰੇਨੋਰਫੀਨ ਗੋਲੀ' ਬਾਰੇ ਕੀ ਵਿਵਾਦ ਖੜ੍ਹਾ ਹੋਇਆ, ਇਹ ਗੋਲੀ ਕਿਸ ਕੰਮ ਆਉਂਦੀ ਹੈ




ਪੰਜਾਬ ਵਿਧਾਨ ਸਭਾ ਦੀ ਸਰਕਾਰੀ ਕਾਰੋਬਾਰ ਕਮੇਟੀ ਨੇ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ। ਹਾਲ ਦੇ ਵਿੱਚ ਪੰਜਾਬ ਸਰਕਾਰ ਦੇ ਅਦਾਰੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਪੀਐੱਚਐੱਸਸੀ) ਦੇ ਕੰਮਕਾਜ ਬਾਰੇ ਹਾਊਸ ਵਿੱਚ ਪੇਸ਼ ਕੀਤੀ ਗਈ 129ਵੀਂ ਰਿਪੋਰਟ ਵਿਚ ਕਮੇਟੀ ਨੇ ਸਵਾਲ ਕੀਤਾ ਕਿ ਜੇਕਰ ਨਸ਼ਾ ਛੱਡਣ ਵਾਲਾ ਵਿਅਕਤੀ ਸਾਲਾਂ ਤੱਕ ਬੁਪ੍ਰੇਨੋਰਫੀਨ ਗੋਲੀ (ਇਹ ਦਵਾਈ ਹੈ ਜੋ ਨਸ਼ੇ ਦੀ ਲੱਤ ਨੂੰ ਕੰਟਰੋਲ ਕਰਨ ਚ ਮਦਦ ਕਰਦੀ ਹੈ) ਤੇ ਹੀ ਨਿਰਭਰ ਰਹਿੰਦਾ ਹੈ ਤਾਂ ਉਸ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਕਿਵੇਂ ਮੰਨਿਆ ਜਾ ਸਕਦਾ ਹੈ। ਵਿਧਾਨ ਸਭਾ ਦੀ ਕਮੇਟੀ ਦੀ ਇਹ ਰਿਪੋਰਟ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਬਾਰੇ ਹੈ, ਜੋ ਮੁੱਖ ਤੌਰ ਉੱਤੇ ਪੰਜਾਬ ਵਿੱਚ ਚੱਲ ਰਹੇ ਨਸ਼ਾ ਛਡਾਊ ਪ੍ਰੋਗਰਾਮ ਨੂੰ ਚਲਾ ਰਹੀ ਹੈ। ਇਸ ਰਿਪੋਰਟ ਨੂੰ ਕਮੇਟੀ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਨੇ ਵੀਰਵਾਰ ਨੂੰ ਪੇਸ਼ ਕੀਤਾ।

ਪੰਜਾਬ ਵਿੱਚ ਬੁਪ੍ਰੇਨੋਰਫੀਨ ਗੋਲੀ ਦੀ ਡਿਮਾਂਡ ਵਿੱਚ ਲਗਾਤਾਰ ਇਜ਼ਾਫਾ ਹੋਣ ਉੱਤੇ ਚਿੰਤਾ ਪ੍ਰਗਟਾਉਂਦਿਆਂ ਵਿਧਾਨ ਸਭਾ ਦੀ ਕਮੇਟੀ ਨੇ ਸਵਾਲ ਚੁੱਕਦਿਆਂ ਆਖਿਆ ਹੈ ਕਿ ਰਾਜ ਦਾ ਨਸ਼ਾ ਛੁਡਾਉਣ ਵਾਲਾ ਪ੍ਰੋਗਰਾਮ ਅਸਲ ਵਿੱਚ ਨਸ਼ਾ ਘਟਾ ਰਿਹਾ ਹੈ ਜਾਂ ਇੱਕ ਨਸ਼ੇ ਦੀ ਥਾਂ ਦੂਜਾ ਨਸ਼ਾ, ਪੀੜਤਾਂ ਨੂੰ ਲਗਾ ਰਿਹਾ ਹੈ। ਦੂਜੇ ਪਾਸੇ ਪੰਜਾਬ ਵਿੱਚ ਬੁਪ੍ਰੇਨੋਰਫੀਨ ਗੋਲੀ ਦੀ ਵਧੀ ਮੰਗ ਉੱਤੇ ਟਿੱਪਣੀ ਕਰਦਿਆਂ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਆਖਿਆ ਕਿ ਗੋਲੀਆਂ ਦੀ ਵਧੀ ਵਰਤੋਂ ਇਲਾਜ ਦੀ ਰਣਨੀਤੀ ਵਿੱਚ ਤਬਦੀਲੀ ਦਿਖਾਉਂਦੀ ਹੈ। ਉਨ੍ਹਾਂ ਮੁਤਾਬਕ ਲੋਕਾਂ ਨੂੰ ਸੂਈ ਵਾਲੇ ਨਸ਼ਿਆਂ ਤੋਂ ਹਟਾ ਕੇ ਮੂੰਹ ਰਾਹੀਂ ਲੈਣ ਵਾਲੀਆਂ ਦਵਾਈਆਂ ਤੇ ਲਿਆਂਦਾ ਜਾ ਰਿਹਾ ਹੈ।

ਵਿਸ਼ਵ ਸਿਹਤ ਸੰਸਥਾ ਬੁਪ੍ਰੇਨੋਰਫੀਨ ਨੂੰ ਓਪੀਓਇਡ ਨਿਰਭਰਤਾ ਦੇ ਇਲਾਜ ਲਈ ਪ੍ਰਭਾਵਸ਼ਾਲੀ ਅਤੇ ਸਬੂਤ-ਆਧਾਰਿਤ ਦਵਾਈ ਮੰਨਦੀ ਹੈ। ਡਬਲਿਊਐੱਚਓ ਮੁਤਾਬਕ ਇਸ ਤਰ੍ਹਾਂ ਦੀ ਥੈਰੇਪੀ ਗੈਰ-ਕਾਨੂੰਨੀ ਨਸ਼ਿਆਂ ਦੀ ਵਰਤੋਂ, ਓਵਰਡੋਜ਼ ਕਾਰਨ ਮੌਤਾਂ ਅਤੇ ਹੋਰ ਸਿਹਤ ਖ਼ਤਰਿਆਂ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੋਈ ਹੈ।

ਬੁਪ੍ਰੇਨੋਰਫੀਨ ਨੂੰ ਵਿਸ਼ਵ ਸਿਹਤ ਸੰਸਥਾ ਦੀ ਮਾਡਲ ਲਿਸਟ ਆਫ਼ ਐਸੈਂਸ਼ੀਅਲ ਮੈਡੀਸਿਨਜ਼ ਵਿੱਚ ਵੀ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿੱਚ ਉਹ ਦਵਾਈਆਂ ਰੱਖੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਜਨਤਕ ਸਿਹਤ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਇਹ ਦਵਾਈ ਮਰੀਜ਼ਾਂ ਨੂੰ ਓਓਏਟੀ (ਆਊਟਪੇਸ਼ੰਟ ਓਪੀਓਇਡ ਅਸਿਸਟੈਂਡ ਟਰੀਟਮੈਂਟ) ਕਲੀਨਿਕਸ ਵਿੱਚ ਮੁਫ਼ਤ ਮਿਲਦੀ ਹੈ। ਇਸ ਦੇ ਲਈ ਪੀੜਤਾਂ ਦੇ ਬਕਾਇਦਾ ਸ਼ਨਾਖ਼ਤੀ ਕਾਰਡ ਬਣਾਏ ਹੋਏ ਹਨ।

ਕਮੇਟੀ ਨੇ ਨਸ਼ਾ ਛੁਡਾਉਣ ਲਈ ਵਰਤੀਆਂ ਜਾਣ ਵਾਲੀਆਂ ਬੁਪ੍ਰੇਨੋਰਫੀਨ ਗੋਲੀਆਂ ਦੀ ਹਰ ਸਾਲ ਵਧ ਰਹੀ ਖ਼ਰੀਦ ਤੇ ਵੀ ਸਵਾਲ ਖੜ੍ਹੇ ਕੀਤੇ ਹਨ, ਪਰ ਸਰਕਾਰ ਇਹ ਨਹੀਂ ਦੱਸ ਸਕੀ ਕਿ ਅਸਲ ਵਿਚ ਕਿੰਨੇ ਨੌਜਵਾਨ ਨਸ਼ਿਆਂ ਤੋਂ ਪੂਰੀ ਤਰ੍ਹਾਂ ਬਾਹਰ ਆਏ ਹਨ। ਯਾਦ ਰਹੇ ਕਿ ਪੰਜਾਬ ਵਿੱਚ ਪਿਛਲੇ ਸਾਲਾਂ ਦੌਰਾਨ ਨਸ਼ਾ ਇੱਕ ਵੱਡਾ ਮੁੱਦਾ ਰਿਹਾ ਹੈ ਅਤੇ ਚੋਣਾਂ ਸਮੇਂ ਇਹ ਮੁੱਦਾ ਹਰ ਰਾਜਨੀਤਿਕ ਪਾਰਟੀ ਵੱਲੋਂ ਵੱਡੇ ਪੱਧਰ ਉੱਤੇ ਉਭਾਰਿਆ ਜਾਂਦਾ ਹੈ। ਮੌਜੂਦਾ ਸਰਕਾਰ ਵੱਲੋਂ ਵੀ ਲਗਾਤਾਰ ਯੁੱਧ ਨਸ਼ਾ ਵਿਰੁੱਧ ਮੁਹਿੰਮ ਨੂੰ ਵੱਡੇ ਪੱਧਰ ਤੇ ਪ੍ਰਚਾਰਿਆ ਜਾ ਰਿਹਾ ਹੈ।

**ਗ਼ੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰਾਂ ਦੀ ਸਥਿਤੀ**

ਇਸ ਰਿਪੋਰਟ ਵਿੱਚ ਪੰਜਾਬ ਵਿੱਚ ਚੱਲ ਰਹੇ ਗ਼ੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਵਿਚ ਇਸ ਗੱਲ ਦਾ ਖ਼ੁਲਾਸਾ ਹੋਇਆ ਹੈ ਕਿ ਅੰਮ੍ਰਿਤਸਰ ਸਮੇਤ ਕਈ ਜ਼ਿਲ੍ਹਿਆਂ ਵਿਚ ਬਿਨਾਂ ਲਾਇਸੈਂਸ ਅਤੇ ਬਿਨਾਂ ਮਾਹਿਰ ਦੇ ਨਿੱਜੀ ਕੋਠੀਆਂ ਵਿੱਚ ਕੇਂਦਰ ਚੱਲ ਰਹੇ ਹਨ, ਜਿੱਥੇ ਮਰੀਜ਼ਾਂ ਤੋਂ ਮਨਮਰਜ਼ੀ ਦੀ ਰਕਮ ਵਸੂਲੀ ਜਾਂਦੀ ਹੈ। ਖ਼ਾਸ ਗੱਲ ਇਹ ਵੀ ਇਨ੍ਹਾਂ ਕੇਂਦਰਾਂ ਤੱਕ ਵੀ @ਬੁਪ੍ਰੇਨੋਰਫੀਨ@ ਦਵਾਈ ਪਹੁੰਚ ਰਹੀ ਹੈ ਅਤੇ ਅਜਿਹੇ ਕਿਵੇਂ ਹੋ ਰਿਹਾ ਹੈ ਇਸ ਉੱਤੇ ਕਾਰਪੋਰੇਸ਼ਨ ਦੇ ਅਧਿਕਾਰੀ ਕੁਝ ਸਪਸ਼ਟ ਨਹੀਂ ਦੱਸ ਪਾਏ। ਇਸ ਉੱਤੇ ਕਮੇਟੀ ਨੇ ਜਾਂਚ ਕਰ ਕੇ ਵਿਸਥਾਰਪੂਰਵਕ ਰਿਪੋਰਟ ਪੇਸ਼ ਕਰਨ ਦੀ ਸਿਫ਼ਾਰਸ਼ ਕੀਤੀ। ਯਾਦ ਰਹੇ ਕਿ @ਬੁਪ੍ਰੇਨੋਰਫੀਨ@ ਦਵਾਈ ਸਿਰਫ਼ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਨਸ਼ਾ ਛਡਾਊ ਕੇਂਦਰ ਵਿੱਚ ਮਿਲਦੀ ਹੈ। ਨਿੱਜੀ ਕੇਂਦਰਾਂ ਨੂੰ ਇਹ ਦਵਾਈ ਆਪਣੇ ਪੱਧਰ @ਤੇ ਖਰੀਦਣੀ ਪੈਂਦੀ ਹੈ।

**ਮੁੜ ਵਸੇਬੇ ਅਤੇ ਕਾਊਂਸਲਿੰਗ 'ਚ ਕਮੀ**

ਕਮੇਟੀ ਨੇ ਜਾਂਚ ਦੌਰਾਨ ਇਹ ਵੀ ਪਾਇਆ ਕਿ ਮੌਜੂਦਾ ਰੂਪ ਵਿੱਚ ਪੰਜਾਬ ਨਸ਼ਾ ਮੁਕਤ ਸਿਰਫ਼ ਦਵਾਈ ਦੇ ਸਿਰ ਉੱਤੇ ਨਹੀਂ ਹੋ ਸਕਦਾ। ਇਸ ਦੇ ਲਈ ਪੀੜਤਾਂ ਦੇ ਮੁੜ ਵਸੇਬੇ ਅਤੇ ਕਾਊਂਸਲਿੰਗ ਦੀ ਜ਼ਰੂਰਤ ਹੈ ਜਿਸ ਦੀ ਮੌਜੂਦਾ ਸਮੇਂ ਵਿੱਚ ਕਮੀ ਹੈ। ਰਿਪੋਰਟ ਵਿਚ ਸੂਬਾ ਪੱਧਰ ਤੇ ਵਿਆਪਕ ਜਾਗਰੂਕਤਾ ਮੁਹਿੰਮ, ਮਨੋਵਿਗਿਆਨਕ ਸਲਾਹ, ਪ੍ਰਭਾਵਸ਼ਾਲੀ ਮੁੜ ਵਸੇਬਾ ਦੇ ਪ੍ਰਬੰਧ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਕਮੇਟੀ ਮੁਤਾਬਕ ਸਰਕਾਰ ਦੇ ਨਸ਼ਾ ਵਿਰੋਧੀ ਮੁਹਿੰਮ ਦੀ ਸਫ਼ਲਤਾ ਇਸ ਗੱਲ ਨਾਲ ਮਾਪੀ ਜਾਣੀ ਚਾਹੀਦੀ ਹੈ ਕਿ ਕਿੰਨੇ ਲੋਕ ਪੱਕੇ ਤੌਰ @ਤੇ ਨਸ਼ਾ ਛੱਡ ਕੇ ਆਮ ਜ਼ਿੰਦਗੀ ਵਿੱਚ ਵਾਪਸ ਆਏ ਹਨ, ਨਾ ਕਿ ਕਿੰਨੀਆਂ ਦਵਾਈਆਂ ਖ਼ਰੀਦੀਆਂ ਗਈਆਂ ਜਾਂ ਕਿੰਨੇ ਮਰੀਜ਼ ਰਜਿਸਟਰ ਹੋਏ।

**ਹਸਪਤਾਲਾਂ 'ਚ ਬੁਨਿਆਦੀ ਢਾਂਚੇ 'ਤੇ ਸਵਾਲ**

ਰਿਪੋਰਟ ਵਿੱਚ ਹਸਪਤਾਲਾਂ ਵਿੱਚ ਬੁਨਿਆਦੀ ਢਾਂਚੇ ਦੀਆਂ ਕਮੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਖ਼ਾਸ ਤੌਰ ਉੱਤੇ ਲੁਧਿਆਣਾ ਸਿਵਲ ਹਸਪਤਾਲ ਦਾ ਉਚੇਚੇ ਤੌਰ ਉੱਤੇ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਰੋਜ਼ਾਨਾ 250 ਤੋਂ ਵੱਧ ਮਰੀਜ਼ ਲੁਧਿਆਣਾ ਸਿਵਲ ਹਸਪਤਾਲ ਵਿੱਚ ਇਲਾਜ ਲਈ ਆਉਂਦੇ ਹਨ, ਪਰ ਇੱਥੇ ਸਿਰਫ਼ 15 ਬੈੱਡ ਹੀ ਹਨ। ਆਪ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਕਿਹਾ ਕਿ ਹਸਪਤਾਲ ਵਿਚ ਨਸ਼ਾ ਛੱਡਣ ਲਈ ਆਉਣ ਵਾਲੇ ਮਰੀਜ਼ਾਂ ਦੀਆਂ ਲੰਬੀਆਂ ਕਤਾਰਾਂ ਲੱਗਦੀਆਂ ਹਨ, ਪਰ ਬੈੱਡ ਉਪਲਬਧ ਨਾ ਹੋਣ ਕਾਰਨ ਕਈ ਮਰੀਜ਼ਾਂ ਨੂੰ ਉਡੀਕ ਕਰਨੀ ਪੈਂਦੀ ਹੈ ਅਤੇ ਇਲਾਜ ਦੀ ਸਮਰੱਥਾ ਮੰਗ ਦੇ ਮੁਕਾਬਲੇ ਬਹੁਤ ਘੱਟ ਹੈ। ਇਸ ਉੱਤੇ ਕਮੇਟੀ ਨੇ ਬੈੱਡਾਂ ਦੀ ਗਿਣਤੀ ਵਧਾਉਣ ਦੀ ਸਿਫ਼ਾਰਸ਼ ਕੀਤੀ ਹੈ।

**ਕਮੇਟੀ ਦੀ ਰਿਪੋਰਟ ਤੇ ਸਿਹਤ ਮੰਤਰੀ ਦਾ ਪੱਖ**

ਇਸ ਰਿਪੋਰਟ ਦੇ ਜਵਾਬ ਵਿੱਚ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਆਖਿਆ ਹੈ ਕਿ ਜੇਲ੍ਹਾਂ ਵਿੱਚ ਦਵਾਈਆਂ ਦੀ ਸਪਲਾਈ ਵਧਣ ਦਾ ਕਾਰਨ ਇਹ ਹੈ ਕਿ ਸਰਕਾਰ ਨੇ ਖ਼ਾਸ ਕਰ ਕੇ ਜੇਲ੍ਹਾਂ ਵਿੱਚ ਡੀ-ਐਡਿਕਸ਼ਨ ਸੇਵਾਵਾਂ ਵਿੱਚ ਵਾਧਾ ਕੀਤਾ ਹੈ ਅਤੇ ਉੱਥੇ ਖ਼ਾਸ ਵਾਰਡ ਅਤੇ ਓਓਏਟੀ ਕਲੀਨਿਕ ਖੋਲ੍ਹੇ ਗਏ ਹਨ। ਇਸ ਤੋਂ ਇਲਾਵਾ ਡਾਕਟਰ ਅਤੇ ਕਾਊਂਸਲਿੰਗ ਲਈ ਮਾਹਰ ਲੋਕ ਤੈਨਾਤ ਕੀਤੇ ਗਏ ਹਨ ਤਾਂ ਜੋ ਜੇਲ੍ਹ ਤੋਂ ਰਿਹਾਈ ਤੋਂ ਪਹਿਲਾਂ ਪੀੜਤ ਦਾ ਇਲਾਜ ਹੋ ਸਕੇ ਸਕਣ। ਪੰਜਾਬ ਵਿੱਚ @ਬੁਪ੍ਰੇਨੋਰਫੀਨ@ ਗੋਲੀ ਦੀ ਵਧੀ ਮੰਗ ਉੱਤੇ ਟਿੱਪਣੀ ਕਰਦਿਆਂ ਡਾਕਟਰ ਬਲਬੀਰ ਸਿੰਘ ਨੇ ਆਖਿਆ ਕਿ ਗੋਲੀਆਂ ਦੀ ਵਧੀ ਵਰਤੋਂ ਇਲਾਜ ਦੀ ਰਣਨੀਤੀ ਵਿੱਚ ਤਬਦੀਲੀ ਦਿਖਾਉਂਦੀ ਹੈ। ਉਨ੍ਹਾਂ ਮੁਤਾਬਕ ਲੋਕਾਂ ਨੂੰ ਸੂਈ ਵਾਲੇ ਨਸ਼ਿਆਂ ਤੋਂ ਹਟਾ ਕੇ ਮੂੰਹ ਰਾਹੀਂ ਲੈਣ ਵਾਲੀਆਂ ਦਵਾਈਆਂ @ਤੇ ਲਿਆਂਦਾ ਜਾ ਰਿਹਾ ਹੈ। ਪਹਿਲਾਂ ਇੰਜੈਕਸ਼ਨ ਵਾਲੇ ਨਸ਼ਿਆਂ ਨਾਲ ਓਵਰ ਡੋਜ਼ ਨਾਲ ਮੌਤਾਂ ਆਮ ਸਨ, ਇਸ ਲਈ ਦਵਾਈਆਂ ਰਾਹੀਂ ਨਸ਼ੇ ਨੂੰ ਘੱਟ ਕੀਤਾ ਜਾ ਰਿਹਾ ਹੈ ਅਤੇ ਇਸ ਤੋਂ ਇਲਾਵਾ ਪੀੜਤਾਂ ਦੇ ਮੁੜ ਵਸੇਬੇ, ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਸਾਬਕਾ ਰਜਿਸਟਰਾਰ ਡਾਕਟਰ ਪਿਆਰੇ ਲਾਲ ਗਰਗ ਨੇ ਵੀ ਪੰਜਾਬ ਸਰਕਾਰ ਦੀ @ਯੁੱਧ ਨਸ਼ਿਆਂ ਵਿਰੁੱਧ@ ਮੁਹਿੰਮ ਉੱਤੇ ਸਵਾਲ ਚੁੱਕੇ ਹਨ। ਡਾਕਟਰ ਪਿਆਰੇ ਲਾਲ ਗਰਗ ਮੁਤਾਬਕ ਇੱਕ ਨਸ਼ੇ ਨੂੰ ਛਡਾਉਣ ਲਈ ਦੂਜੇ ਨਸ਼ੇ ਉੱਤੇ ਲਿਆਉਣ ਦਾ ਕੋਈ ਤਰਕ ਨਹੀਂ ਹੈ। ਉਨ੍ਹਾਂ ਆਖਿਆ ਜੇਕਰ ਪੰਜਾਬ ਵਿੱਚ ਨਸ਼ਾ ਖ਼ਤਮ ਕਰਨਾ ਹੈ ਤਾਂ ਉਹ ਕਿਸੇ ਦਵਾਈ ਨਾਲ ਨਹੀਂ ਸਗੋਂ ਸਮਾਜਿਕ ਅਤੇ ਜਨਤਕ ਮੁਹਿੰਮ ਰਾਹੀ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਪਰ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਸਹੀ ਰੂਪ ਵਿੱਚ ਨਸ਼ੇ ਨੂੰ ਖ਼ਤਮ ਕਰਨ ਲਈ ਗੰਭੀਰ ਹੀ ਨਹੀਂ ਹੋਈਆਂ। ਉਨ੍ਹਾਂ ਮੁਤਾਬਕ ਨਸ਼ਾ ਇੱਕ ਸਮਾਜਿਕ ਬੁਰਾਈ ਹੈ ਅਤੇ ਇਸ ਦਾ ਇਲਾਜ ਮੈਡੀਕਲ, ਸਮਾਜਿਕ ਅਤੇ ਪੀੜਤਾਂ ਦੇ ਮੁੜ ਵਸੇਬੇ ਕਰ ਕੇ ਹੀ ਹੋਣਾ ਹੈ, ਪ੍ਰਚਾਰ ਜਾਂ ਕਮੇਟੀਆਂ ਬਣਾ ਕੇ ਨਹੀਂ ਹੋ ਸਕਦਾ ਹੈ

## ਜੇਲ੍ਹਾਂ ਵਿੱਚ ਨਸ਼ਾ ਵਿਰੋਧੀ ਦਵਾਈ ਦੀ ਖਪਤ ਚ ਅੱਠ ਗੁਣਾ ਵਾਧਾ

ਕਮੇਟੀ ਨੇ ਜੇਲ੍ਹਾਂ ਵਿੱਚ ਵੀ ਇਸ ਦਵਾਈ ਦੀ ਵਰਤੋਂ ਬਾਰੇ ਸਵਾਲ ਉਠਾਏ ਹਨ। ਕਮੇਟੀ ਨੇ 2025 ਵਿੱਚ ਪੰਜਾਬ ਦੀਆਂ ਜੇਲ੍ਹਾਂ ਨੂੰ ਸਪਲਾਈ ਕੀਤੀਆਂ ਗਈਆਂ ਬੁਪ੍ਰੇਨੋਰਫੀਨ ਗੋਲੀਆਂ ਦਾ ਵੇਰਵਾ ਮੰਗਿਆ। ਜੇਲ੍ਹਾਂ ਵਿੱਚ ਐਨਡੀਪੀਐਸ ਐਕਟ ਹੇਠ ਬੰਦ ਕਈ ਕੈਦੀ ਹਨ, ਇਸ ਲਈ ਦਵਾਈਆਂ ਦੀ ਵੰਡ ਤੇ ਸਖ਼ਤ ਨਿਗਰਾਨੀ ਚਾਹੀਦੀ ਹੈ। ਕਮੇਟੀ ਦੇ ਚੇਅਰਮੈਨ ਵਿਧਾਇਕ ਜਗਰੂਪ ਸਿੰਘ ਗਿੱਲ ਦੀ ਅਗਵਾਈ ਵਿੱਚ ਬਣੀ ਇਸ ਰਿਪੋਰਟ ਵਿੱਚ ਦਵਾਈਆਂ ਦੀ ਖ਼ਰੀਦ ਅਤੇ ਸਪਲਾਈ ਦੇ ਅੰਕੜਿਆਂ @ਤੇ ਧਿਆਨ ਦੇਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ। ਰਿਪੋਰਟ ਵਿੱਚ ਜੇਲ੍ਹਾਂ ਵਿੱਚ ਨਸ਼ਾ ਛਡਾਊ ਦਵਾਈਆਂ ਦੀ ਖਪਤ ਵਧਣ ਦਾ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਮੁਤਾਬਕ 2022 ਵਿੱਚ ਜੇਲ੍ਹਾਂ ਨੂੰ ਲਗਭਗ 1.17 ਕਰੋੜ ਗੋਲੀਆਂ ਮਿਲੀਆਂ ਸਨ, ਜੋ 2026 ਵਿੱਚ ਲਗਭਗ 8.87 ਕਰੋੜ ਹੋ ਗਈਆਂ ਹਨ, ਭਾਵ ਅੱਠ ਗੁਣਾ ਇਜ਼ਾਫਾ, ਜਿਸ ਉੱਤੇ ਵਿਧਾਨ ਸਭਾ ਦੀ ਕਮੇਟੀ ਨੇ ਚਿੰਤਾ ਪ੍ਰਗਟਾਈ ਹੈ। ਜਗਰੂਪ ਸਿੰਘ ਗਿੱਲ ਮੁਤਾਬਕ ÷ਅਸੀਂ ਇਹ ਯਕੀਨੀ ਬਣਾਈਏ ਕਿ ਨਸ਼ੇ ਤੋਂ ਮੁਕਤ ਕਰਦਿਆਂ ਅਸੀਂ ਕਿਸੇ ਹੋਰ ਦਵਾਈ @ਤੇ ਨਿਰਭਰਤਾ ਨਾ ਬਣਾ ਦੇਈਏ। ਇਸ ਸਭ ਦੇ ਬਾਵਜੂਦ ਕਮੇਟੀ ਨੇ ਸਿਹਤ ਵਿਭਾਗ ਦੀ ਚਰਚਾ ਕਰਦਿਆਂ ਆਖਿਆ ਹੈ ਕਿ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਤੋਂ ਚੰਗੇ ਨਤੀਜੇ ਨਿਕਲੇ ਹਨ ਜਿਸ ਕਾਰਨ ਵੱਧ ਮਰੀਜ਼ ਡੀ-ਐਡਿਕਸ਼ਨ ਸੈਂਟਰਾਂ ਅਤੇ ਹਸਪਤਾਲਾਂ ਵਿੱਚ ਆ ਰਹੇ ਹਨ।

## ਪੰਜਾਬ ਵਿੱਚ ਬੁਪ੍ਰੇਨੋਰਫੀਨ ਦਵਾਈ ਦੀ ਕਿੰਨੀ ਖਪਤ ?

ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ ਉੱਤੇ ਨਸ਼ਾ ਛੁਡਾਊ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਪਰ ਕਮੇਟੀ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਪਿਛਲੇ ਕਰੀਬ ਸਾਢੇ ਚਾਰ ਸਾਲਾਂ ਵਿੱਚ ਓਪੀਓਇਡ ਸਬਸਟੀਟਿਊਸ਼ਨ ਥੈਰੇਪੀ ਲਈ 43.44 ਕਰੋੜ ਬੁਪ੍ਰੇਨੋਰਫੀਨ ਗੋਲੀਆਂ ਖ਼ਰੀਦੀਆਂ ਗਈਆਂ ਹਨ ਅਤੇ ਹਰ ਸਾਲ ਇਸ ਦੀ ਖਪਤ ਵਧਦੀ ਜਾ ਰਹੀ ਹੈ। ਰਿਪੋਰਟ ਅਨੁਸਾਰ ਸਾਲ 2022ਚ 7 ਕਰੋੜ, 2023ਚ 9.44 ਕਰੋੜ, 2024 'ਚ 10 ਕਰੋੜ, 2025 'ਚ 11 ਕਰੋੜ ਅਤੇ 2026 'ਚ ਛੇ ਕਰੋੜ (ਰਿਪੋਰਟ ਹੋਣ ਤੱਕ) ਬੁਪ੍ਰੇਨੋਰਫੀਨ ਗੋਲੀਆਂ ਖਰੀਦੀਆਂ ਜਾ ਚੁੱਕੀਆਂ ਹਨ।ਇਹ ਸਾਰੀਆਂ ਓਟ ਕਲੀਨਿਕਸ ਰਾਹੀਂ ਮਰੀਜ਼ਾਂ ਨੂੰ ਦਿੱਤੀਆਂ ਜਾਂਦੀਆਂ ਹਨ। ਅਧਿਕਾਰੀਆਂ ਨੇ ਇਹ ਵੀ ਮੰਨਿਆ ਕਿ ਨਵੇਂ ਰਜਿਸਟਰਡ ਮਰੀਜ਼ਾਂ ਦੀ ਗਿਣਤੀ ਦੋ ਲੱਖ ਤੋਂ ਵਧ ਕੇ 3 ਲੱਖ 17 ਹਜ਼ਾਰ ਦੇ ਨੇੜੇ ਪਹੁੰਚ ਗਈ ਹੈ। ਕਮੇਟੀ ਨੇ ਜਾਂਚ ਦੌਰਾਨ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰ ਸਵਾਲ ਕੀਤਾ ਕਿ 2022 ਵਿੱਚ ਇਲਾਜ ਸ਼ੁਰੂ ਕਰਨ ਵਾਲਿਆਂ ਵਿੱਚੋਂ ਕਿੰਨੇ ਮਰੀਜ਼ ਅੱਜ ਵੀ ਇਹ ਦਵਾਈ ਖਾ ਰਹੇ ਹਨ ਅਤੇ ਕਿੰਨੇ ਨਸ਼ਾ ਛੱਡ ਚੁੱਕੇ ਹਨ। ਇਸ 'ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ @ਬੁਪ੍ਰੇਨੋਰਫੀਨ@ ਇਲਾਜ ਦਾ ਹਿੱਸਾ ਹੈ ਅਤੇ ਜੋ ਵਿਅਕਤੀ ਗ਼ੈਰ-ਕਾਨੂੰਨੀ ਨਸ਼ਾ ਛੱਡ ਕੇ ਇਹ ਦਵਾਈ ਲੈ ਰਿਹਾ ਹੈ, ਉਸ ਨੂੰ ਵੀ ਡੀ-ਐਡੀਕਟਡ ਮੰਨਿਆ ਜਾਂਦਾ ਹੈ ਅਤੇ ਇਸ ਦਵਾਈ ਨੂੰ ਜਾਰੀ ਰੱਖਣ ਦੀ ਕੋਈ ਤੈਅ ਸਮਾਂ-ਸੀਮਾ ਨਹੀਂ ਹੈ। ਇਸ ਤੋਂ ਬਾਅਦ ਕਮੇਟੀ ਮੈਂਬਰਾਂ ਨੇ ਸਪੱਸ਼ਟ ਸ਼ਬਦਾਂ ਵਿਚ ਸਵਾਲ ਕੀਤਾ ਕਿ, ਕੀ ਇਸ ਦਾ ਮਤਲਬ ਇਹ ਕੱਢਿਆ ਜਾਵੇ ਕਿ ਸਰਕਾਰ ਬੁਪ੍ਰੇਨੋਰਫੀਨ ਨੂੰ ਨਸ਼ਾ ਨਹੀਂ ਮੰਨਦੀ ਅਤੇ ਲੋਕਾਂ ਨੂੰ ਇਸ ਦੇ ਲੰਬੇ ਸਮੇਂ ਤੱਕ ਸੇਵਨ ਦੀ ਮਨਜ਼ੂਰੀ ਦੇ ਰਹੀ ਹੈ। ਵਿਧਾਨ ਸਭਾ ਦੀ ਕਮੇਟੀ ਮੈਂਬਰ ਡਾ. ਜਸਬੀਰ ਸਿੰਘ ਸੰਧੂ ਨੇ ਇਹ ਮੁੱਦਾ ਵੀ ਉਠਾਇਆ ਕਿ ਜੇ ਇਹ ਨਸ਼ਾ ਨਹੀਂ ਹੈ ਤਾਂ ਬੁਪ੍ਰੇਨੋਰਫੀਨ ਲੈਣ ਵਾਲੇ ਵਿਅਕਤੀ ਨੂੰ ਹਥਿਆਰਾਂ ਦਾ ਲਾਇਸੈਂਸ ਲੈਣ ਵਿਚ ਦਿੱਕਤ ਕਿਉਂ ਆਉਂਦੀ ਹੈ। ਅਧਿਕਾਰੀਆਂ ਨੇ ਜਵਾਬ ਦਿੱਤਾ ਕਿ ਡਾਕਟਰੀ ਪਰਚੀ ਹੋਣ ਦੀ ਸਥਿਤੀ ਵਿੱਚ ਅਜਿਹੇ ਵਿਅਕਤੀ ਨੂੰ ਲਾਇਸੈਂਸ ਤੋਂ ਵਾਂਝਾ ਨਹੀਂ ਕੀਤਾ ਜਾਂਦਾ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


# ਐੱਚ.-1ਬੀ ਅਤੇ ਗ੍ਰੀਨ ਕਾਰਡ ਦੀ ਰਾਹ ਹੋਵੇਗੀ ਹੋਰ ਔਖੀ ! ਉੱਠੀ 20 ਸਾਲ ਤੋਂ ਵੱਧ ਪੁਰਾਣੇ ਨਿਯਮ ਬਦਲਣ ਦੀ ਮੰਗ




ਵਾਸ਼ਿੰਗਟਨ, 9 ਅਗਸਤ (ਪ੍ਰਤੀਨਿਧੀ) : ਅਮਰੀਕਾ ਵਿੱਚ ਪੱਕੇ ਹੋਣ ਦੀ ਉਡੀਕ ਕਰ ਰਹੇ ਭਾਰਤੀ ਆਈ.ਟੀ. ਪੇਸ਼ੇਵਰਾਂ ਅਤੇ ਹੋਰ ਵਿਦੇਸ਼ੀ ਕਾਮਿਆਂ ਲਈ ਚਿੰਤਾਜਨਕ ਖ਼ਬਰ ਸਾਹਮਣੇ ਆ ਰਹੀ ਹੈ। ਇੱਕ ਰਿਪਬਲਿਕਨ ਅਮਰੀਕੀ ਸੈਨੇਟਰ ਨੇ ਵਿਦੇਸ਼ੀ ਕਾਮਿਆਂ ਨੂੰ ਗ੍ਰੀਨ ਕਾਰਡ (ਸਥਾਈ ਨਿਵਾਸ) ਸਪੌਂਸਰ ਕਰਨ ਵਾਲੀਆਂ ਕੰਪਨੀਆਂ ਲਈ ਭਰਤੀ ਦੇ ਨਿਯਮਾਂ ਨੂੰ ਹੋਰ ਸਖ਼ਤ ਕਰਨ ਦੀ ਤਜਵੀਜ਼ ਪੇਸ਼ ਕੀਤੀ ਹੈ। ਇਸ ਕਦਮ ਨਾਲ ਭਾਰਤੀ ਪੇਸ਼ੇਵਰਾਂ 'ਤ ਵੱਡਾ ਅਸਰ ਪੈ ਸਕਦਾ ਹੈ, ਜੋ ਅਮਰੀਕੀ ਐੱਚ.-1ਬੀ ਵੀਜ਼ਾ ਪ੍ਰਣਾਲੀ ਦਾ ਸਭ ਤੋਂ ਵੱਡਾ ਹਿੱਸਾ ਹਨ। ਅਮਰੀਕੀ ਨਾਗਰਿਕਤਾ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਦੀ ਰਿਪੋਰਟ ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2025 ਵਿੱਚ ਮਨਜ਼ੂਰ ਹੋਈਆਂ ਸਾਰੀਆਂ ਐੱਚ.-1ਬੀ ਅਰਜ਼ੀਆਂ ਵਿੱਚੋਂ 70 ਫ਼ੀਸਦੀ ਹਿੱਸਾ ਭਾਰਤੀਆਂ ਦਾ ਹੈ। ਜ਼ਿਆਦਾਤਰ ਭਾਰਤੀ ਸਟੂਡੈਂਟ ਵੀਜ਼ਾ ਅਤੇ ਔਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ (ਓ.ਪੀ.ਟੀ.) ਤਹਿਤ ਅਮਰੀਕਾ ਜਾਂਦੇ ਹਨ ਅਤੇ ਫ਼ਿਰ ਐੱਚ.-1ਬੀ ਵੀਜ਼ਾ ਰਾਹੀਂ ਗ੍ਰੀਨ ਕਾਰਡ ਦੇ ਰਾਹ 'ਤੇ ਅੱਗੇ ਵੱਧਦੇ ਹਨ। ਸੈਨੇਟਰ ਐਰਿਕ ਸਮਿੱਟ ਵਲੋਂ ਪ੍ਰਸਤਾਵਿਤ ਇਹ ਬਦਲਾਅ ਇਸ ਪੂਰੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਮਿਸੂਰੀ ਦੇ ਸੈਨੇਟਰ ਏਰਿਕ ਸਮਿੱਟ ਨੇ ਕਾਰਜਕਾਰੀ ਕਿਰਤ ਸਕੱਤਰ ਕੀਥ ਸੋਂਡਰਲਿੰਗ ਨੂੰ ਪ੍ਰੋਗਰਾਮ ਇਲੈਕਟ੍ਰੋਨਿਕ ਰੀਵੀਊ ਮੈਨੇਜਮੈਂਟ, ਜਾਂ ੂ5ਵ$, ਪ੍ਰਕਿਰਿਆ ਨੂੰ ਆਧੁਨਿਕ ਬਣਾਉਣ ਲਈ ਕਿਹਾ। ਉਨ੍ਹਾਂ ਦਾ ਤਰਕ ਹੈ ਕਿ ਮੌਜੂਦਾ ਨਿਯਮ 20 ਸਾਲ ਤੋਂ ਵੱਧ ਪੁਰਾਣੇ ਹਨ, ਜੋ ਕਿ ਅੱਜ ਦੇ ਡਿਜੀਟਲ ਯੁੱਗ ਮੁਤਾਬਕ ਨਹੀਂ ਹਨ। ਸੈਨੇਟਰ ਅਨੁਸਾਰ, 'ਪੁਰਾਣੇ ਨਿਯਮਾਂ ਕਾਰਨ ਕੰਪਨੀਆਂ ਅਮਰੀਕੀ ਕਾਮਿਆਂ ਦੀ ਬਜਾਏ ਸਸਤੇ ਵਿਦੇਸ਼ੀ ਕਾਮਿਆਂ ਨੂੰ ਤਰਜੀਹ ਦਿੰਦੀਆਂ ਹਨ'। ਜ਼ਿਕਰਯੋਗ ਹੈ ਕਿ ਪਰਮ ਐੱਚ.-1ਬੀ ਪ੍ਰੋਗਰਾਮ ਤੋਂ ਵੱਖਰਾ ਹੈ। ਐੱਚ.-1ਬੀ ਵਿਸ਼ੇਸ਼ ਕਿੱਤਿਆਂ ਵਿੱਚ ਅਸਥਾਈ ਰੁਜ਼ਗਾਰ ਦੀ ਆਗਿਆ ਦਿੰਦਾ ਹੈ, ਜਦੋਂ ਕਿ ਪਰਮ ਆਮ ਤੌਰ 'ਤੇ ਸਥਾਈ ਨਿਵਾਸ ਦੀ ਮੰਗ ਕਰਨ ਦੀ ਪ੍ਰਕਿਰਿਆ ਵਿੱਚ ਵਰਤਿਆ ਜਾਂਦਾ ਹੈ। ਸਮਿੱਟ ਦੇ ਪੱਤਰ ਵਿੱਚ ਵੀਜ਼ਾ, ਅਰਜ਼ੀਆਂ ਜਾਂ ਮੌਜੂਦਾ ਇੰਮੀਗ੍ਰੇਸ਼ਨ ਸਥਿਤੀ ਨੂੰ ਤੁਰੰਤ ਰੱਦ ਕਰਨ ਦਾ ਪ੍ਰਸਤਾਵ ਨਹੀਂ ਹੈ।

ਹੁਣ ਕੰਪਨੀਆਂ ਲਈ ਸਿਰਫ਼ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣਾ ਕਾਫ਼ੀ ਨਹੀਂ ਹੋਵੇਗਾ; ਉਨ੍ਹਾਂ ਨੂੰ ਹਰ ਨੌਕਰੀ ਆਪਣੀ ਵੈੱਬਸਾਈਟ ਅਤੇ ਵੱਡੇ ਔਨਲਾਈਨ ਪਲੇਟਫ਼ਾਰਮਾਂ 'ਤੇ ਪਾਉਣੀ ਪਵੇਗੀ। ਕੰਪਨੀਆਂ ਨੂੰ ਇਹ ਦਸਤਾਵੇਜ਼ੀ ਸਬੂਤ ਦੇਣੇ ਹੋਣਗੇ ਕਿ ਉਨ੍ਹਾਂ ਨੇ ਹਰ ਅਮਰੀਕੀ ਬਿਨੈਕਾਰ 'ਤੇ ਵਿੱਚਾਰ ਕੀਤਾ ਸੀ ਅਤੇ ਉਨ੍ਹਾਂ ਨੂੰ ਰੱਦ ਕਰਨ ਦਾ ਠੋਸ ਕਾਰਨ ਕੀ ਸੀ। ਜੇਕਰ ਕੰਪਨੀ ਨੇ ਹਾਲ ਹੀ ਵਿੱਚ ਅਮਰੀਕੀ ਕਾਮਿਆਂ ਨੂੰ ਕੱਢਿਆ ਹੈ, ਤਾਂ ਉਸੇ ਅਹੁਦੇ ਲਈ ਵਿਦੇਸ਼ੀ ਕਾਮੇ ਨੂੰ ਰੱਖਣ ਤੋਂ ਪਹਿਲਾਂ ਉਨ੍ਹਾਂ ਅਮਰੀਕੀਆਂ ਨੂੰ ਸੂਚਿਤ ਕਰਨਾ ਅਤੇ ਇੰਟਰਵਿਊ ਕਰਨਾ ਜ਼ਰੂਰੀ ਹੋਵੇਗਾ। ਮਾਹਿਰਾਂ ਅਨੁਸਾਰ ਜੇਕਰ ਇਹ ਪ੍ਰਸਤਾਵ ਲਾਗੂ ਹੁੰਦੇ ਹਨ, ਤਾਂ ਗ੍ਰੀਨ ਕਾਰਡ ਦੀ ਪ੍ਰਕਿਰਿਆ ਹੋਰ ਲੰਬੀ ਅਤੇ ਗੁੰਝਲਦਾਰ ਹੋ ਜਾਵੇਗੀ। ਕੰਪਨੀਆਂ ਲਈ ਵਿਦੇਸ਼ੀ ਕਾਮਿਆਂ ਨੂੰ ਸਪੌਂਸਰ ਕਰਨਾ ਔਖਾ ਹੋ ਜਾਵੇਗਾ ਕਿਉਂਕਿ ਉਨ੍ਹਾਂ 'ਤ ਸਰਕਾਰੀ ਨਿਗਰਾਨੀ ਅਤੇ ਜਾਂਚ ਵੱਧ ਜਾਵੇਗੀ। ਹਾਲਾਂਕਿ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਸਿਰਫ਼ ਇੱਕ ਪ੍ਰਸਤਾਵ ਹੈ ਅਤੇ ਅਜੇ ਤੱਕ ਨਿਯਮਾਂ ਵਿੱਚ ਕੋਈ ਤੁਰੰਤ ਬਦਲਾਅ ਨਹੀਂ ਕੀਤਾ ਗਿਆ ਹੈ। ਸੈਨੇਟਰ ਨੇ ਲੇਬਰ ਵਿਭਾਗ ਨੂੰ ਨਵੇਂ ਨਿਯਮ ਲਿਖਣ ਅਤੇ ਪਿਛਲੇ ਡੇਟਾ ਦੀ ਜਾਂਚ ਕਰਨ ਲਈ ਕਿਹਾ ਹੈ।

## ਜੇਲ੍ਹ 'ਚ ਬੰਦ ਇਮਰਾਨ ਖ਼ਾਨ ਦੀ ਸੁਰੱਖਿਆ ਨੂੰ ਲੈ ਕੇ ਪੁੱਤਰਾਂ ਨੇ ਪ੍ਰਗਟਾਈ ਚਿੰਤਾ





ਲੰਡਨ, 9 ਅਗਸਤ (ਪ੍ਰਤੀਨਿਧੀ) : ਜਿਵੇਂ ਕਿ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪੀ.ਟੀ.ਆਈ. ਮੁੱਖੀ ਇਮਰਾਨ ਖਾਨ ਜੇਲ੍ਹ 'ਚ 3 ਸਾਲ ਪੂਰੇ ਕਰ ਰਹੇ ਹਨ, ਉਨ੍ਹਾਂ ਦੇ 2 ਪੁੱਤਰਾਂ, ਕਾਸਿਮ ਅਤੇ ਸੁਲੇਮਾਨ ਖਾਨ ਨੇ ਸੀ.ਐੱਨ.ਐੱਨ. ਨਾਲ ਇੱਕ ਵਿਸ਼ੇਸ਼ ਇੰਟਰਵਿਊ 'ਚ ਆਪਣੇ ਪਿਤਾ ਦੀ ਸੁਰੱਖ਼ਿਆ ਅਤੇ ਵਿਗੜਦੀ ਸਿਹਤ ਬਾਰੇ ਡੂੰਘੀ ਚਿੰਤਾ ਪ੍ਰਗਟ ਕੀਤੀ। ਲੰਡਨ ਤੋਂ ਮੀਡੀਆ ਨਾਲ ਗੱਲ ਕਰਦਿਆਂ, ਉਨ੍ਹਾਂ ਨੇ ਇਹ ਗੰਭੀਰ ਦੋਸ਼ ਲਗਾਇਆ ਕਿ ਪਿਛਲੇ 7 ਮਹੀਨਿਆਂ ਤੋਂ, ਪਰਿਵਾਰ, ਨਿੱਜੀ ਡਾਕਟਰਾਂ ਅਤੇ ਵਕੀਲਾਂ ਨੂੰ ਇਮਰਾਨ ਖਾਨ ਤਕ ਪਹੁੰਚ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨਾਲ ਸਬੰਧਤ ਸਾਰੀ ਸਿਹਤ ਜਾਣਕਾਰੀ ਛੁਪਾਈ ਜਾ ਰਹੀ ਹੈ।

ਇਸ ਦੌਰਾਨ ਪੁੱਤਰਾਂ ਨੇ ਇਹ ਵੀ ਦਾਅਵਾ ਕੀਤਾ ਕਿ ਜਦੋਂ ਵੀ ਉਹ ਅੰਤਰਰਾਸ਼ਟਰੀ ਪਲੇਟਫ਼ਾਰਮਾਂ 'ਤੇ ਆਪਣੇ ਪਿਤਾ ਦੇ ਹੱਕਾਂ ਲਈ ਆਵਾਜ਼ ਉਠਾਉਂਦੇ ਹਨ, ਤਾਂ ਪਾਕਿਸਤਾਨੀ ਅਧਿਕਾਰੀ ਜਾਣਬੁੱਝ ਕੇ ਉਨ੍ਹਾਂ ਦੇ ਵੀਜ਼ਾ ਅਤੇ ਜ਼ਰੂਰੀ ਦਸਤਾਵੇਜ਼ਾਂ ਦੀ ਪ੍ਰਕਿਰਿਆ 'ਚ ਦੇਰੀ ਕਰਦੇ ਹਨ ਤਾਂ ਜੋ ਉਹ ਆਪਣੇ ਪਿਤਾ ਨੂੰ ਮਿਲਣ ਲਈ ਪਾਕਿਸਤਾਨ ਨਾ ਆ ਸਕਣ।

ਦੂਜੇ ਪਾਸੇ, ਪਾਕਿਸਤਾਨੀ ਸਰਕਾਰ ਅਤੇ ਸੂਚਨਾ ਮੰਤਰਾਲੇ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ, ਇਹ ਕਹਿੰਦੇ ਹੋਏ ਕਿ ਇਮਰਾਨ ਖਾਨ ਜੇਲ੍ਹ 'ਚ ਪੂਰੀ ਤਰ੍ਹਾਂ ਸੁਰੱਖ਼ਿਅਤ ਹਨ ਅਤੇ ਲੋੜੀਂਦੀ ਡਾਕਟਰੀ ਦੇਖਭਾਲ ਪ੍ਰਾਪਤ ਕਰ ਰਹੇ ਹਨ। ਸਰਕਾਰ ਦਾ ਤਰਕ ਹੈ ਕਿ ਪੁੱਤਰਾਂ ਦੇ ਦਾਅਵੇ ਪੂਰੀ ਤਰ੍ਹਾਂ ਗੁੰਮਰਾਹਕੁੰਨ ਹਨ ਅਤੇ ਇੱਕ ਆਮ ਪ੍ਰਸ਼ਾਸ਼ਕੀ ਪ੍ਰਕਿਰਿਆ ਦਾ ਰਾਜਨੀਤੀਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਹਾਲਾਂਕਿ, ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਐਮਨੈਸਟੀ ਇੰਟਰਨੈਸ਼ਨਲ ਨੇ ਵੀ ਇਸ ਪੂਰੇ ਮਾਮਲੇ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਪਾਕਿਸਤਾਨੀ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਹੈ ਕਿ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਨੂੰ ਤੁਰੰਤ ਉਨ੍ਹਾਂ ਦੇ ਪਰਿਵਾਰ ਅਤੇ ਵਕੀਲਾਂ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਦਿੱਤੀ ਜਾਵੇ।

### ਕੈਲਗਰੀ ਵਰਕ ਪਰਮਿਟ ਵਿਵਾਦ

## ਲੱਖਾਂ ਦੀ ਫ਼ੀਸ ਦੇ ਕੇ ਵੀ ਸੜਕਾਂ 'ਤੇ ਸਟੂਡੈਂਟ, 70 ਦਿਨਾਂ 'ਚ ਵਾਪਸੀ ਦੀ ਲਟਕੀ ਤਲਵਾਰ




ਕੈਲਗਰੀ , 9 ਅਗਸਤ (ਪ੍ਰਤੀਨਿਧੀ) : ਕੈਨੇਡਾ ਦੇ ਕੈਲਗਰੀ ਸ਼ਹਿਰ 'ਚ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ (ਪੀ.ਜੀ.ਡਬਲਿਊ.ਪੀ.) ਤੋਂ ਵਾਂਝੇ ਕੀਤੇ ਗਏ ਹਜ਼ਾਰਾਂ ਬੱਚੇ ਰੋਸ ਮੁਜ਼ਾਹਰਾ ਕਰ ਰਹੇ ਹਨ ਅਤੇ ਇਹ ਮੁਜ਼ਾਹਰਾ ਤਕਰੀਬਨ 20 ਦਿਨ ਤੋਂ ਚੱਲ ਰਿਹਾ ਹੈ। ਪੰਜਾਬ ਤੋਂ ਕਰੀਬ ਇੱਕ ਹਜ਼ਾਰ ਬੱਚੇ ਇਸ ਸਮੱਸਿਆ ਨਾਲ ਜੂਝ ਰਹੇ ਹਨ।

**ਨਾਨ-ਕ੍ਰੈਡਿਬਲ ਮੰਨਦੇ ਹੋਏ ਵਿੱਦਿਆਰਥੀ ਵਰਕ ਪਰਮਿਟ ਬਿਨੈ-ਪੱਤਰ ਖਾਰਿਜ**

ਜਾਣਕਾਰੀ ਅਨੁਸਾਰ ਉਕਤ ਇੰਸਟੀਚਿਊਟ ਨੇ ਪੋਰਟੇਜ ਕਾਲਜ ਦੇ ਨਾਲ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਹੇਠ ਵੱਖ-ਵੱਖ ਡਿਪਲੋਮਾ ਕੋਰਸ ਚਲਾਏ ਸਨ। ਇਨ੍ਹਾਂ ਕੋਰਸਾਂ ਦੀ ਮਿਆਦ 8 ਮਹੀਨੇ ਤੋਂ 2 ਸਾਲ ਤਕ ਸੀ। ਬਾਅਦ 'ਚ ਕੈਨੇਡਾ ਦੇ ਇੰਮੀਗ੍ਰੇਸ਼ਨ ਵਿਭਾਗ ਨੇ ਇਨ੍ਹਾਂ ਕੋਰਸਾਂ ਨੂੰ ਨਾਨ-ਕ੍ਰੈਡਿਬਲ ਮੰਨਦਿਆਂ ਵਿੱਦਿਆਰਥੀਆਂ ਦੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਦੇ ਬਿਨੈ-ਪੱਤਰ ਖਾਰਿਜ ਕਰ ਦਿੱਤੇ। ਵਿੱਦਿਆਰਥੀਆਂ ਨੇ ਪਿਛਲੇ ਸਾਲ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਰਕ ਪਰਮਿਟ ਲਈ ਬਿਨੈ-ਪੱਤਰ ਦਿੱਤਾ ਸੀ ਪਰ ਜੁਲਾਈ ਦੇ ਮੱਧ 'ਚ ਵੱਡੀ ਗਿਣਤੀ 'ਚ ਬਿਨੈ-ਪੱਤਰ ਇਹ ਕਹਿੰਦਿਆਂ ਖਾਰਿਜ ਕਰ ਦਿੱਤੇ ਕਿ ਸਬੰਧਤ ਕੋਰਸ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ।

ਪੀੜਤ ਵਿੱਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹਰ ਸਾਲ ਲਗਭਗ 32,000 ਕੈਨੇਡੀਅਨ ਡਾਲਰ (ਤਕਰੀਬਨ 20 ਲੱਖ ਰੁਪਏ) ਫ਼ੀਸ ਚੁਕਾਈ ਸੀ। ਉਨ੍ਹਾਂ ਦਾ ਮਕਸਦ ਕੈਨੇਡਾ 'ਚ ਕੰਮ ਦਾ ਤਜਰਬਾ ਹਾਸਲ ਕਰ ਕੇ ਪੱਕੀ ਰਿਹਾਇਸ਼ (ਪੀ.ਆਰ.) ਪ੍ਰਾਪਤ ਕਰਨਾ ਸੀ ਪਰ ਹੁਣ ਉਨ੍ਹਾਂ ਨੂੰ ਅਦਾਲਤਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਵਿੱਦਿਆਰਥੀਆਂ ਨੂੰ ਸਥਾਨਕ ਪੰਜਾਬੀ ਭਾਈਚਾਰੇ ਦਾ ਸਮਰਥਨ ਮਿਲ ਰਿਹਾ ਹੈ। ਹੁਣ ਤਾਂ ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਬੱਚਿਆਂ ਨੂੰ ਜੇਕਰ ਭਾਰਤ ਪਰਤਣਾ ਪਵੇਗਾ ਤਾਂ ਉਨ੍ਹਾਂ 'ਚੋਂ ਕਈ ਡਿਪ੍ਰੈਸ਼ਨ ਅਤੇ ਹੋਰ ਸਮੱਸਿਆਵਾਂ ਤੋਂ ਪੀੜਤ ਹੋ ਸਕਦੇ ਹਨ। ਜੇਕਰ ਵਿੱਦਿਆਰਥੀਆਂ ਨੂੰ ਜਲਦ ਰਾਹਤ ਨਾ ਮਿਲੀ ਤਾਂ ਉਨ੍ਹਾਂ ਨੂੰ ਅਗਲੇ ਲੱਗਭਗ 70 ਦਿਨਾਂ ਦੇ ਅੰਦਰ ਭਾਰਤ ਪਰਤਣਾ ਪੈ ਸਕਦਾ ਹੈ।

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


# ਪਾਕਿਸਤਾਨ 'ਚ ਮੁੰਡਿਆਂ ਨਾਲ ਜਿਣਸੀ ਸ਼ੋਸ਼ਣ ਦਾ ਸੰਕਟ ! ਸਮਾਜਿਕ ਚੁੱਪ ਤੇ ਕਾਨੂੰਨੀ ਅਣਦੇਖੀ ਬਣੀ ਵੱਡੀ ਚੁਣੌਤੀ

ਇਸਲਾਮਾਬਾਦ ਪਾਕਿਸਤਾਨ 'ਚ ਬੱਚਿਆਂ ਨਾਲ ਹੋਣ ਵਾਲੇ ਜਿਣਸੀ ਸ਼ੋਸ਼ਣ ਦੇ ਮਾਮਲਿਆਂ 'ਚ ਲੜਕਿਆਂ ਦੀ ਸਥਿਤੀ ਬੇਹੱਦ ਗੰਭੀਰ ਹੁੰਦੀ ਜਾ ਰਹੀ ਹੈ। ਹਾਲ ਹੀ ਵਿੱਚ ਸਾਹਮਣੇ ਆਏ ਅੰਕੜਿਆਂ ਅਤੇ ਵਿਸ਼ਲੇਸ਼ਣ ਅਨੁਸਾਰ ਦੇਸ਼ ਵਿੱਚ ਲੜਕਿਆਂ ਨਾਲ ਹੋਣ ਵਾਲੀ ਜਿਣਸੀ ਹਿੰਸਾ ਇੱਕ ਅਜਿਹਾ ਸੰਕਟ ਬਣ ਗਈ ਹੈ, ਜਿਸ ਬਾਰੇ ਸਮਾਜ ਅਤੇ ਸਰਕਾਰ ਅਜੇ ਵੀ ਖੁੱਲ੍ਹ ਕੇ ਗੱਲ ਕਰਨ ਜਾਂ ਢੁੱਕਵੇਂ ਕਦਮ ਚੁੱਕਣ ਤੋਂ ਕਤਰਾਉਂਦੇ ਹਨ।



ਰਿਪੋਰਟਾਂ ਮੁਤਾਬਕ ਦੇਸ਼ ਭਰ ਵਿੱਚ ਦਰਜ ਕੀਤੇ ਗਏ ਬੱਚਿਆਂ ਦੇ ਜਿਣਸੀ ਸ਼ੋਸ਼ਣ ਦੇ 3,364 ਮਾਮਲਿਆਂ ਵਿੱਚੋਂ ਲੱਗਭਗ 47 ਫ਼ੀਸਦੀ ਪੀੜਤ ਲੜਕੇ ਸਨ। ਵਿਸ਼ੇਸ਼ ਤੌਰ 'ਤ 11 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਵਿੱਚ, ਜੋ ਕਿ ਸਭ ਤੋਂ ਵੱਧ ਜ਼ੋਖਮ ਵਾਲਾ ਸਮੂਹ ਹੈ, ਲੜਕੀਆਂ ਦੇ ਮੁਕਾਬਲੇ ਲੜਕੇ ਇਸ ਹਿੰਸਾ ਦਾ ਸ਼ਿਕਾਰ ਜ਼ਿਆਦਾ ਹੋਏ ਹਨ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਇਹ ਸਮੱਸਿਆ ਲੜਕੀਆਂ ਦੇ ਬਰਾਬਰ ਹੀ ਗੰਭੀਰ ਹੈ, ਪਰ ਇਸ ਵਲ ਸੰਸਥਾਗਤ ਧਿਆਨ ਬਹੁਤ ਘੱਟ ਦਿੱਤਾ ਜਾ ਰਿਹਾ ਹੈ।

ਸਰੋਤਾਂ ਅਨੁਸਾਰ, ਪਾਕਿਸਤਾਨੀ ਸਮਾਜ ਵਿੱਚ ਜਿਣਸੀ ਸ਼ੋਸ਼ਣ ਨੂੰ ਅਕਸਰ ਸਿਰਫ਼ ਲੜਕੀਆਂ ਨਾਲ ਜੁੜੀ ਸਮੱਸਿਆ ਵਜੋਂ ਦੇਖਿਆ ਜਾਂਦਾ ਹੈ। ਸਮਾਜ ਵਿੱਚ ਪ੍ਰਚੱਲਿਤ 'ਮਰਦਾਨਗੀ' ਦੇ ਸੰਕਲਪ ਕਾਰਨ, ਪੀੜਤ ਲੜਕੇ ਅਤੇ ਉਨ੍ਹਾਂ ਦੇ ਪਰਿਵਾਰ ਅਕਸਰ ਬਦਨਾਮੀ ਦੇ ਡਰੋਂ ਚੁੱਪ ਰਹਿਣਾ ਬਿਹਤਰ ਸਮਝਦੇ ਹਨ। ਇਹੀ ਕਾਰਨ ਹੈ ਕਿ ਰਿਸ਼ਤੇਦਾਰ, ਜਾਣ-ਪਛਾਣ ਵਾਲੇ ਅਤੇ ਧਾਰਮਿਕ ਅਧਿਆਪਕ ਅਕਸਰ ਇਸ ਭਰੋਸੇਯੋਗ ਚੁੱਪ ਦਾ ਫ਼ਾਇਦਾ ਉਠਾ ਕੇ ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ।

ਹਾਲਾਂਕਿ ਪਾਕਿਸਤਾਨ ਨੇ 'ਜ਼ੈਨਬ ਅਲਰਟ ਐਕਟ 2019' ਵਰਗੇ ਸਖ਼ਤ ਕਾਨੂੰਨ ਪਾਸ ਕੀਤੇ ਹਨ, ਪਰ ਇਨ੍ਹਾਂ ਦਾ ਪ੍ਰਚਾਰ ਅਤੇ ਸਰੂਪ ਮੁੱਖ ਤੌਰ 'ਤ ਮਹਿਲਾ ਪੀੜਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੈ। ਲੜਕਿਆਂ ਦੇ ਜਿਣਸੀ ਸ਼ੋਸ਼ਣ ਨੂੰ ਨੀਤੀਗਤ ਭਾਸ਼ਾ ਅਤੇ ਜਨਤਕ ਮੁਹਿੰਮਾਂ ਵਿੱਚ ਅਕਸਰ ਦੂਜੇ ਦਰਜੇ 'ਤੇ ਰੱਖਿਆ ਜਾਂਦਾ ਹੈ। ਸਾਲ 2015 ਦੇ ਕਸੂਰ ਸਕੈਂਡਲ ਨੇ ਪੂਰੇ ਪਾਕਿਸਤਾਨ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਦੇਸ਼ ਲਈ ਇੱਕ ਚਿਤਾਵਨੀ ਵਜੋਂ ਉਭਰਿਆ ਸੀ ਪਰ ਇੱਕ ਦਹਾਕਾ ਬੀਤ ਜਾਣ ਦੇ ਬਾਵਜੂਦ ਨਾ ਤਾਂ ਅੰਕੜਿਆਂ ਵਿੱਚ ਸੁਧਾਰ ਹੋਇਆ ਹੈ ਅਤੇ ਨਾ ਹੀ ਰਾਜ ਦੀਆਂ ਨੀਤੀਆਂ ਵਿੱਚ ਲੜਕਿਆਂ ਦੀ ਸੁਰੱਖਿਆ ਨੂੰ ਲੈ ਕੇ ਕੋਈ ਵੱਡੀ ਤਬਦੀਲੀ ਆਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹਰ ਅਣਗੌਲਿਆ ਮਾਮਲਾ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ।

# 'ਡਿਜੀਟਲ ਕੈਦ' 'ਚੋਂ ਕੱਢਣ ਲਈ ਨੌਜਵਾਨਾਂ ਨੂੰ ਸੁਧਾਰ ਕੇਂਦਰ ਭੇਜ ਰਹੇ ਨੇ ਚੀਨੀ ਪਰਿਵਾਰ !

ਸ਼ੰਘਈ , 9 ਅਗਸਤ (ਪ੍ਰਤੀਨਿਧੀ) : ਚੀਨ 'ਚ ਇੰਟਰਨੈੱਟ ਅਤੇ ਵੀਡੀਓ ਗੇਮਾਂ ਦੀ ਲਤ ਛਡਾਉਣ ਵਾਲੇ ਸੁਧਾਰ ਕੇਂਦਰ ਹੁਣ ਵਿਵਾਦਾਂ ਦੇ ਘੇਰੇ 'ਚ ਆ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ, ਇਹ ਕੇਂਦਰ ਹੁਣ ਸਿਰਫ਼ ਨਾਬਾਲਗਾਂ ਜਾਂ ਕਿਸ਼ੋਰਾਂ ਤਕ ਸੀਮਤ ਨਹੀਂ ਰਹੇ, ਸਗੋਂ ਹੁਣ 18 ਸਾਲ ਤੋਂ ਵੱਧ ਉਮਰ ਦੇ ਬਾਲਗਾਂ ਨੂੰ ਵੀ ਇਨ੍ਹਾਂ ਵਿੱਚ ਜ਼ਬਰਦਸਤੀ ਬੰਦ ਕੀਤਾ ਜਾ ਰਿਹਾ ਹੈ। ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਪਰਿਵਾਰ ਆਪਣੇ ਵੱਡੇ ਹੋ ਚੁੱਕੇ ਬੱਚਿਆਂ ਨੂੰ ਇੰਟਰਨੈੱਟ ਦੀ ਜ਼ਿਆਦਾ ਵਰਤੋਂ ਕਰਨ, ਬੇਰੁਜ਼ਗਾਰੀ, ਘਰੇਲੂ ਕਲੇਸ਼ ਜਾਂ ਵਿਵਹਾਰਕ ਸਮੱਸਿਆਵਾਂ ਕਾਰਨ ਇਨ੍ਹਾਂ ਕੇਂਦਰਾਂ ਵਿੱਚ ਭੇਜ ਰਹੇ ਹਨ। ਕਈ ਮਾਮਲਿਆਂ ਵਿੱਚ ਬਾਲਗਾਂ ਨੂੰ ਨੀਂਦ ਦੀਆਂ ਗੋਲੀਆਂ ਦੇ ਕੇ, ਧੋਖੇ ਨਾਲ ਜਾਂ ਅਗਵਾ ਵਰਗੇ ਤਰੀਕਿਆਂ ਨਾਲ ਇਨ੍ਹਾਂ ਕੈਂਪਾਂ ਵਿੱਚ ਪਹੁੰਚਾਇਆ ਜਾਂਦਾ ਹੈ। ਇਨ੍ਹਾਂ ਨਿੱਜੀ ਕੇਂਦਰਾਂ 'ਚ ਕੈਦੀਆਂ ਵਾਂਗ ਸਖ਼ਤ ਨਿਯਮ ਲਾਗੂ ਕੀਤੇ ਜਾਂਦੇ ਹਨ। ਬਾਹਰੀ ਦੁਨੀਆ ਅਤੇ ਪਰਿਵਾਰ ਨਾਲ ਸੰਪਰਕ ਪੂਰੀ ਤਰ੍ਹਾਂ ਕੱਟ ਦਿੱਤਾ ਜਾਂਦਾ ਹੈ। ਰਿਪੋਰਟਾਂ ਅਨੁਸਾਰ ਇੱਥੇ ਸਰੀਰਕ ਸਜ਼ਾ ਦੇਣ, ਮਾਨਸਿਕ ਤਸ਼ੱਦਦ ਅਤੇ ਜ਼ਬਰਦਸਤੀ ਦਵਾਈਆਂ ਖੁਆਉਣ ਵਰਗੇ ਗੰਭੀਰ ਦੋਸ਼ ਵੀ ਸਾਹਮਣੇ ਆਏ ਹਨ। ਬਾਲਗ ਨਾਗਰਿਕਾਂ ਨੂੰ ਉਨ੍ਹਾਂ ਦੀ ਇੱਛਾ ਤੋਂ ਬਿਨਾਂ ਗੈਰ-ਕਾਨੂੰਨੀ ਢੰਗ ਨਾਲ ਹਿਰਾਸਤ 'ਚ ਰੱਖਣ ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਕਾਨੂੰਨੀ ਮਾਹਿਰਾਂ ਵਲੋਂ ਚੀਨ ਸਰਕਾਰ ਦੇ ਨਿਯਮਾਂ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ, ਜਿਸ ਕਾਰਨ ਨੌਜਵਾਨਾਂ ਨੂੰ ਡਿਜੀਟਲ ਦੁਨੀਆਂ ਦੀ ਕੈਦ 'ਚੋਂ ਬਾਹਰ ਕੱਢ ਕੇ ਅਸਲ ਦੁਨੀਆਂ 'ਚ ਲਿਆਉਣ ਲਈ ਚੁੱਕਿਆ ਗਿਆ ਇਹ ਕਦਮ ਵਿਵਾਦਾਂ 'ਚ ਘਿਰ ਗਿਆ ਹੈ।



### ਯੂ.ਐੱਸ. ਵਲੋਂ ਟਰੰਪ ਨੂੰ ਵੱਡਾ ਝਟਕਾ

# 'ਤੁਸੀਂ ਵ੍ਹਾਈਟ ਹਾਊਸ ਦੇ ਮਾਲਕ ਨਹੀਂ, ਸਿਰਫ਼ ਕਿਰਾਏਦਾਰ ਹੋ...'

ਵਾਸ਼ਿੰਗਟਨ, 9 ਅਗਸਤ (ਪ੍ਰਤੀਨਿਧੀ) : ਅਮਰੀਕਾ ਦੀ ਇੱਕ ਫ਼ੈਡਰਲ ਅਪੀਲ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਵੱਡਾ ਝਟਕਾ ਦਿੰਦਿਆਂ ਟਰੰਪ ਪ੍ਰਸ਼ਾਸ਼ਨ ਦੇ ਬਹੁਤ ਹੀ ਮਹੱਤਵਪੂਰਨ ਅਤੇ ਮਹਿੰਗੇ 'ਵ੍ਹਾਈਟ ਹਾਊਸ ਬਾਲਰੂਮ ਪ੍ਰੋਜੈਕਟ' 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਸਾਫ਼ ਤੌਰ 'ਤੇ ਕਿਹਾ ਹੈ ਕਿ ਕੋਈ ਵੀ ਰਾਸ਼ਟਰਪਤੀ ਇਸ ਇਤਿਹਾਸਕ ਇਮਾਰਤ ਦਾ ਮਾਲਕ ਨਹੀਂ ਹੁੰਦਾ। ਵਾਸ਼ਿੰਗਟਨ ਵਿੱਚ ਸਥਿਤ 'ਯੂ.ਐੱਸ. ਕੋਰਟ ਔਫ਼ ਅਪੀਲਜ਼ ਫ਼ੌਰ ਦ ਡਿਸਟ੍ਰਿਕਟ ਔਫ਼ ਕੋਲੰਬੀਆ ਸਰਕਟ' ਨੇ 2-1 ਦੇ ਬਹੁਮਤ ਨਾਲ ਇਹ ਫ਼ੈਸਲਾ ਸੁਣਾਇਆ। ਅਦਾਲਤ ਨੇ ਆਪਣੀ ਟਿੱਪਣੀ ਵਿੱਚ ਲਿਖਿਆ, 'ਹਰ ਰਾਸ਼ਟਰਪਤੀ ਵ੍ਹਾਈਟ ਹਾਊਸ ਦਾ ਇੱਕ ਅਸਥਾਈ ਕਿਰਾਏਦਾਰ ਹੁੰਦਾ ਹੈ, ਮਾਲਕ ਨਹੀਂ'। ਅਦਾਲਤ ਨੇ ਸਪੱਸ਼ਟ ਕੀਤਾ ਕਿ ਯੂ.ਐੱਸ. ਕਾਂਗਰਸ (ਅਮਰੀਕੀ ਸੰਸਦ) ਦੀ ਮਨਜ਼ੂਰੀ ਲਏ ਬਿਨਾਂ ਕਾਰਜ ਪਾਲਿਕਾ ਵ੍ਹਾਈਟ ਹਾਊਸ ਵਰਗੀ ਮਹੱਤਵਪੂਰਨ ਅਤੇ ਇਤਿਹਾਸਕ ਇਮਾਰਤ ਵਿੱਚ ਇੰਨਾ ਵੱਡਾ ਬਦਲਾਅ ਨਹੀਂ ਕਰ ਸਕਦੀ। ਇਸ ਫ਼ੈਸਲੇ ਦੇ ਤਹਿਤ ਅਦਾਲਤ ਨੇ ਟਰੰਪ ਪ੍ਰਸ਼ਾਸ਼ਨ ਨੂੰ ਵ੍ਹਾਈਟ ਹਾਊਸ ਦੇ ਢਾਹੇ ਜਾ ਚੁੱਕੇ 'ਈਸਟ ਵਿੰਗ' ਦੀ ਥਾਂ 'ਤ 400 ਮਿਲੀਅਨ ਡਾਲਰ (ਲੱਗਭਗ 3,500 ਕਰੋੜ ਰੁਪਏ) ਦੀ ਭਾਰੀ ਲਾਗਤ ਨਾਲ ਬਣਨ ਵਾਲੇ ਆਲੀਸ਼ਾਨ ਬਾਲਰੂਮ ਦਾ ਨਿਰਮਾਣ ਕਾਰਜ ਤੁਰੰਤ ਰੋਕਣ ਦਾ ਆਦੇਸ਼ ਦਿੱਤਾ ਹੈ।

# ਇੱਕ ਔਰਤ ਨੇ ਸ.ਫ਼ਾਈ ਕਰਮਚਾਰੀ ਦੀ ਮਦਦ ਨਾਲ ਜਿੱਤੀ 11 ਕਰੋੜ ਦੇ ਇਨਾਮ ਵਾਲੀ ਲਾਟਰੀ !

ਰੋਮ, 9 ਅਗਸਤ (ਪ੍ਰਤੀਨਿਧੀ) : ਸ.ਫ਼ਾਈ ਕਰਮਚਾਰੀਆਂ ਦੀ ਮਦਦ ਨਾਲ ਇੱਕ ਔਰਤ ਕਰੋੜਪਤੀ ਬਣ ਗਈ । ਇਹ ਸੁਣਨ ਵਿੱਚ ਅਜੀਬ ਲੱਗ ਸਕਦਾ ਹੈ ਪਰ ਸੱਚ ਹੈ। ਅਸਲ ਵਿੱਚ ਇਟਲੀ ਦੀ ਰਹਿਣ ਵਾਲੀ ਇੱਕ ਔਰਤ ਨੇ ਲੱਗਭਗ 11 ਕਰੋੜ ਰੁਪਏ (1 ਮਿਲੀਅਨ ਯੂਰੋ) ਦਾ ਲਾਟਰੀ ਇਨਾਮ ਜਿੱਤਿਆ ਸੀ, ਪਰ ਉਸ ਨੂੰ ਇਸ ਬਾਰੇ ਪਤਾ ਨਹੀਂ ਸੀ। ਉਸ ਨੇ ਟਿਕਟ ਨੂੰ ਬੇਕਾਰ ਸਮਝਦਿਆਂ ਇਸ ਨੂੰ ਕੂੜੇ ਵਿੱਚ ਸੁੱਟ ਦਿੱਤਾ। ਇਸ ਮਗਰੋਂ ਸ.ਫ਼ਾਈ ਕਰਮਚਾਰੀਆਂ ਨੇ ਜੋ ਕੀਤਾ, ਉਨ੍ਹਾਂ ਦੇ ਕੰਮ ਦੀ ਵਿਆਪਕ ਤੌਰ 'ਤੇ ਪ੍ਰਸ਼ੰਸਾ ਕੀਤੀ ਜਾ ਰਹੀ ਹੈ।



ਰਿਪੋਰਟਾਂ ਅਨੁਸਾਰ ਔਰਤ ਨੇ ਇੱਕ ਲਾਟਰੀ ਟਿਕਟ ਖਰੀਦੀ ਸੀ। ਥੋੜ੍ਹੀ ਦੇਰ ਬਾਅਦ ਉਹ ਇਸ ਨੂੰ ਚੈੱਕ ਕਰਨ ਲਈ ਇੱਕ ਸੈਲਫ਼ ਸਰਵਿਸ ਮਸ਼ੀਨ ਕੋਲ ਗਈ। ਹਾਲਾਂਕਿ ਇੱਕ ਤਕਨੀਕੀ ਖ਼ਰਾਬੀ ਕਾਰਨ ਸਕ੍ਰੀਨ 'ਤ ਇੱਕ ਸੁਨੇਹਾ ਆਇਆ, ਜਿਸ ਨਾਲ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਉਸ ਦੀ ਟਿਕਟ ਨੇ ਇਨਾਮ ਨਹੀਂ ਜਿੱਤਿਆ ਹੈ। ਦੁਬਾਰਾ ਜਾਂਚ ਕੀਤੇ ਬਿਨਾਂ, ਔਰਤ ਨੇ ਟਿਕਟ ਨੂੰ ਬੇਕਾਰ ਸਮਝ ਕੇ ਕੂੜੇ ਵਿੱਚ ਸੁੱਟ ਦਿੱਤਾ। ਉਹ ਅਣਜਾਣ ਸੀ ਕਿ ਉਸੇ ਟਿਕਟ 'ਤੇ ਕਰੋੜਾਂ ਰੁਪਏ ਦਾ ਇਨਾਮ ਨਿਕਲਿਆ ਹੈ। ਹੋਰ ਜਾਂਚ ਕਰਨ 'ਤੇ ਪਤਾ ਲੱਗਾ ਕਿ ਉਹ ਜੇਤੂ ਟਿਕਟ ਸੀ, ਜਿਸ ਦੀ ਰਕਮ 1 ਮਿਲੀਅਨ ਯੂਰੋ, ਜਾਂ ਭਾਰਤੀ ਮੁੱਦਰਾ ਵਿੱਚ ਲੱਗਭਗ 11 ਕਰੋੜ ਰੁਪਏ ਸੀ। ਇਹ ਸੁਣ ਕੇ ਔਰਤ ਬਹੁਤ ਦੁੱਖੀ ਹੋ ਗਈ। ਉਹ ਤੁਰੰਤ ਦੁਕਾਨ 'ਤੇ ਪਹੁੰਚੀ, ਪਰ ਕੂੜਾ ਪਹਿਲਾਂ ਹੀ ਅੱਗੇ ਭੇਜਿਆ ਜਾ ਚੁੱਕਾ ਸੀ।

ਸਥਾਨਕ ਕੂੜਾ ਪ੍ਰਬੰਧਨ ਕੰਪਨੀ, ਛ1ਟ2 ਦੇ ਅਧਿਕਾਰੀਆਂ ਨੂੰ ਘਟਨਾ ਦੀ ਜਾਣਕਾਰੀ ਦਿੱਤੀ ਗਈ। ਕੰਪਨੀ ਦੇ ਡਾਇਰੈਕਟਰ ਅਤੇ ਉਸ ਦੀ ਟੀਮ ਨੇ ਔਰਤ ਦੀ ਮਦਦ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਪਹਿਲਾਂ ਪਛਾਣ ਕੀਤੀ ਕਿ ਕੂੜਾ ਕਿਸ ਟਰੱਕ ਵਿੱਚ ਲੱਦਿਆ ਗਿਆ ਸੀ ਅਤੇ ਇਸ ਦੀ ਮੌਜੂਦਾ ਸਥਿਤੀ। ਫ਼ਿਰ ਟਰੱਕ ਨੂੰ ਅੱਗੇ ਦੀ ਪ੍ਰਕਿਰਿਆ ਤੋਂ ਰੋਕ ਦਿੱਤਾ ਗਿਆ ਤਾਂ ਜੋ ਟਿਕਟ ਲੱਭੀ ਜਾ ਸਕੇ। ਫ਼ਿਰ ਸ.ਫ਼ਾਈ ਕਰਮਚਾਰੀਆਂ ਨੇ ਇੱਕ ਬਹੁਤ ਹੀ ਮੁਸ਼ਕਿਲ ਕੰਮ ਸ਼ੁਰੂ ਕੀਤਾ। ਉਨ੍ਹਾਂ ਨੂੰ ਉਹ ਛੋਟੀ ਲਾਟਰੀ ਟਿਕਟ ਲੱਭਣ ਲਈ 6 ਟਨ ਤੋਂ ਵੱਧ ਕੂੜੇ ਦੀ ਖੋਜ ਕਰਨੀ ਪਈ। ਘੰਟਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਕਰਮਚਾਰੀਆਂ ਨੂੰ ਆਖਿਰਕਾਰ ਇਹ ਮਿਲ ਗਿਆ। ਟਿਕਟ ਚੰਗੀ ਹਾਲਤ ਵਿੱਚ ਸੀ। ਇਸ ਨੇ ਔਰਤ ਨੂੰ ਕਰੋੜਪਤੀ ਬਣਾ ਦਿੱਤਾ। ਜਦੋਂ ਅਧਿਕਾਰੀਆਂ ਨੇ ਔਰਤ ਨੂੰ ਦੱਸਿਆ ਕਿ ਉਸ ਦੀ ਟਿਕਟ ਮਿਲ ਗਈ ਹੈ, ਤਾਂ ਉਹ ਖੁਸ਼ੀ ਨਾਲ ਭਰ ਗਈ। ਰਿਪੋਰਟਾਂ ਦੇ ਅਨੁਸਾਰ ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਸ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਉਸ ਨੂੰ ਉਹ ਟਿਕਟ ਮਿਲ ਗਈ ਹੈ ਜੋ ਉਸ ਨੇ ਕੂੜੇ ਵਿੱਚ ਸੁੱਟ ਦਿੱਤੀ ਸੀ। ਲੋਕ ਸ.ਫ਼ਾਈ ਕਰਮਚਾਰੀਆਂ ਅਤੇ ਕੂੜਾ ਪ੍ਰਬੰਧਨ ਟੀਮ ਦੀ ਇਮਾਨਦਾਰੀ ਅਤੇ ਮਿਹਨਤ ਦੀ ਪ੍ਰਸ਼ੰਸਾ ਕਰ ਰਹੇ ਹਨ। ਉਹ ਇਸ ਮਾਮਲੇ ਨੂੰ ਅਣਦੇਖਿਆ ਕਰ ਸਕਦੇ ਸਨ, ਪਰ ਉਨ੍ਹਾਂ ਨੇ ਪੂਰੀ ਜ਼ਿੰਮੇਵਾਰੀ ਨਾਲ ਇਸ ਦੀ ਭਾਲ ਕਰਨ ਦਾ ਫ਼ੈਸਲਾ ਕੀਤਾ। ਕੂੜਾ ਪ੍ਰਬੰਧਨ ਕੰਪਨੀ ਦੇ ਡਾਇਰੈਕਟਰ ਨੇ ਕਿਹਾ ਕਿ ਇੰਨੀ ਵੱਡੀ ਮਾਤਰਾ ਵਿੱਚ ਕੂੜੇ ਦੇ ਵਿੱਚਕਾਰ ਇੱਕ ਛੋਟੀ ਟਿਕਟ ਲੱਭਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਉਸ ਨੇ ਮਜ਼ਾਕ ਵਿੱਚ ਇਹ ਵੀ ਕਿਹਾ ਕਿ ਉਸ ਨੇ ਖੁਸ਼ਕਿਸਮਤ ਟਿਕਟ ਨੂੰ ਛੂਹਿਆ ਨਹੀਂ ਸੀ ਅਤੇ ਬਾਅਦ ਵਿੱਚ ਖੁਦ ਇੱਕ ਸਕ੍ਰੈਚ ਕਾਰਡ ਖਰੀਦਿਆ, ਜਿਸ ਵਿੱਚ ਉਸ ਨੇ 50 ਯੂਰੋ ਦਾ ਇਨਾਮ ਜਿੱਤਿਆ। ਇਹ ਇਤਾਲਵੀ ਔਰਤ ਖੁਸ਼ਕਿਸਮਤੀ ਸੀ ਕਿ ਇਮਾਨਦਾਰ ਸ.ਫ਼ਾਈ ਕਰਮਚਾਰੀਆਂ ਦੀ ਸਖ਼ਤ ਮਿਹਨਤ ਸਦਕਾ, ਉਸ ਨੂੰ ਆਪਣੇ ਲੱਗਭਗ 11 ਕਰੋੜ ਰੁਪਏ ਵਾਪਸ ਮਿਲ ਗਏ।

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


*ਭਾਰਤੀ ਰੇਨੂ ਬਣ ਗਈ 'ਰੁਪੰਜ਼ਲ' !*

## 8 ਫ਼ੁੱਟ 10 ਇੰਚ ਲੰਬੇ ਵਾਲਾਂ ਨਾਲ ਗਿੰਨੀਜ਼ ਬੁੱਕ 'ਚ ਦਰਜ ਕਰਵਾਇਆ ਨਾਮ





ਹਲਦਵਾਨੀ, : ਉੱਤਰਾਖੰਡ ਦੇ ਹਲਦਵਾਨੀ ਦੀ ਰਹਿਣ ਵਾਲੀ ਸੋਸ਼ਲ ਮੀਡੀਆ ਇਨਫ਼ਲੂਐਂਸਰ ਰੇਨੂ ਧਰੀਆਲ ਨੇ ਪੂਰੀ ਦੁਨੀਆਂ 'ਚ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਉਸ ਦੇ ਨਾਂ ਦੁਨੀਆਂ 'ਚ ਸਭ ਤੋਂ ਲੰਬੇ ਵਾਲ ਹੋਣ ਦਾ ਅਨੋਖਾ 'ਗਿੰਨੀਜ਼ ਵਰਲਡ ਰਿਕਾਰਡ' ਦਰਜ ਹੋ ਗਿਆ ਹੈ। ਰੇਨੂ ਦੇ ਇਨ੍ਹਾਂ ਕਾਲੇ ਅਤੇ ਸੰਘਣੇ ਵਾਲਾਂ ਦੀ ਕੁੱਲ ਲੰਬਾਈ 271.50 ਸੈਂਟੀਮੀਟਰ ਯਾਨੀ 8 ਫ਼ੁੱਟ 10 ਇੰਚ ਮਾਪੀ ਗਈ ਹੈ। ਇਹ ਲੰਬਾਈ ਇੱਕ ਆਮ ਇਨਸਾਨ ਦੀ ਉੱਚਾਈ ਤੋਂ ਵੀ ਕਿਤੇ ਜ਼ਿਆਦਾ ਹੈ। ਅੱਜ ਦੇ ਦੌਰ 'ਚ ਜਿੱਥੇ ਵਾਲਾਂ ਦਾ ਝੜਨਾ ਇੱਕ ਆਮ ਸਮੱਸਿਆ ਹੈ, ਉੱਥੇ ਰੇਨੂ ਦੇ ਇੰਨੇ ਲੰਬੇ ਵਾਲ ਕਿਸੇ ਚਮਤਕਾਰ ਤੋਂ ਘੱਟ ਨਹੀਂ ਹਨ। ਰੇਨੂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ ਅਤੇ ਲੋਕ ਉਸ ਨੂੰ ਪਿਆਰ ਨਾਲ 'ਰੈਪੁੰਜ਼ਲ' ਕਹਿ ਕੇ ਬੁਲਾਉਂਦੇ ਹਨ, ਜਿਸ ਦਾ ਜਰਮਨ ਕਥਾਵਾਂ 'ਚ ਅਰਥ 'ਪਰੀ' ਹੁੰਦਾ ਹੈ। ਇੰਟਰਨੈੱਟ 'ਤੇ ਲੋਕ ਰੇਨੂ ਦੀ ਲਗਨ ਦੀ ਸ਼ਲਾਘਾ ਕਰ ਰਹੇ ਹਨ, ਕਿਉਂਕਿ ਇੰਨੇ ਲੰਬੇ ਵਾਲਾਂ ਨੂੰ ਧੋਣ, ਸੁਕਾਉਣ ਅਤੇ ਸੰਭਾਲਣ ਲਈ ਘੰਟਿਆਂ ਦੀ ਸਖ਼ਤ ਮਿਹਨਤ ਲੱਗਦੀ ਹੋਵੇਗੀ। ਉਸ ਦੇ ਵਾਲਾਂ ਦੀ ਮਜ਼ਬੂਤੀ ਅਤੇ ਚਮਕ ਇੱਕ ਗੱਲ ਦਾ ਸਬੂਤ ਹਨ ਕਿ ਉਹ ਇਨ੍ਹਾਂ ਦੀ ਕਿੰਨੀ ਪ੍ਰਵਾਹ ਕਰਦੀ ਹੈ। ਆਪਣੀ ਇਸ ਇਤਿਹਾਸਕ ਪ੍ਰਾਪਤੀ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਰੇਨੂ ਧਰੀਆਲ ਨੇ ਦੱਸਿਆ ਕਿ ਗਿਨੀਜ਼ ਵਰਲਡ ਰਿਕਾਰਡ 'ਚ ਆਪਣਾ ਨਾਂ ਦਰਜ ਕਰਵਾਉਣਾ ਉਸ ਦਾ ਇੱਕ ਵੱਡਾ ਸੁਪਨਾ ਸੀ, ਜਿਸ ਨੂੰ ਉਸ ਨੇ ਆਪਣੀ ਮਿਹਨਤ ਨਾਲ ਪੂਰਾ ਕਰ ਲਿਆ ਹੈ। ਰੇਨੂ ਦੀ ਇਸ ਸਫ਼ਲਤਾ 'ਤ ਉਸ ਦੇ ਪਰਿਵਾਰ, ਹਲਦਵਾਨੀ ਨਿਵਾਸੀਆਂ ਅਤੇ ਪੂਰੇ ਦੇਸ਼ 'ਚ ਮਾਣ ਦਾ ਮਾਹੌਲ ਹੈ।

## ਤਾਨਾਸ਼ਾਹ ਕਿਮ ਜੋਂਗ ਦੀ ਕੋਈ ਉੱਘ-ਸੁੱਘ ਨਹੀਂ ! ਸਿਹਤ ਨੂੰ ਲੈ ਕੇ ਅਟਕਲਾਂ ਹੋਈਆ ਤੇਜ਼

ਸੋਲ, 11 ਅਗਸਤ (ਪ੍ਰਤੀਨਿਧੀ) : ਲੰਬੇ ਸਮੇਂ ਤੋਂ ਉੱਤਰੀ ਕੋਰੀਆ ਦੇ ਤਾਨਾਸ਼ਾਹ ਨੇਤਾ ਕਿਮ ਜੋਂਗ ਉਨ ਜਨਤਕ ਤੌਰ 'ਤੇ ਨਜ਼ਰ ਨਹੀਂ ਆਏ ਹਨ। ਕਰੀਬ 2 ਮਹੀਨਿਆਂ ਤੋਂ ਉਨ੍ਹਾਂ ਨੇ ਕਿਸੇ ਵੀ ਸਰਕਾਰੀ ਅਤੇ ਜਨਤਕ ਪ੍ਰੋਗਰਾਮ ਵਿੱਚ ਸ਼ਿਰਕਤ ਨਹੀਂ ਕੀਤੀ ਹੈ। ਅਤੇ ਨਾ ਹੀ ਉਨ੍ਹਾਂ ਦੀਆਂ ਕੋਈ ਹਾਲੀਆ ਤਸਵੀਰਾਂ ਸਾਹਮਣੇ ਆਈਆਂ ਹਨ। ਕਿਮ ਜੋਂਗ ਉਨ ਕੋਰੀਆਈ ਯੁੱਧ ਦੇ ਅੰਤ ਦੀ 73ਵੀਂ ਵਰ੍ਹੇਗੰਢ 'ਤੇ ਵੀ ਨਜ਼ਰ ਨਹੀਂ ਆਏ। ਇਸ ਨਾਲ ਸਵਾਲ ਉੱਠੇ ਹਨ ਕਿ ਉੱਤਰੀ ਕੋਰੀਆ ਦਾ ਸਭ ਤੋਂ ਸ਼ਕਤੀਸ਼ਾਲੀ ਨੇਤਾ ਆਖਿਰ ਕਿੱਥੇ ਹੈ। 'ਡੇਲੀ ਸਟਾਰ' ਦੇ ਅਨੁਸਾਰ ਕਿਮ ਜੋਂਗ ਉਨ ਦੀ ਆਖਰੀ ਫੋਟੋ 9 ਜੂਨ ਨੂੰ ਲਈ ਗਈ ਸੀ, ਜਿੱਥੇ ਉਹ ਉੱਤਰੀ ਕੋਰੀਆ ਵਿੱਚ ਆਪਣੇ ਚੀਨੀ ਹਮਰੁਤਬਾ ਨਾਲ ਮੁਲਾਕਾਤ ਕਰਦੇ ਦਿਖਾਈ ਦਿੱਤੇ ਸਨ। ਉਦੋਂ ਤੋਂ, ਉਨ੍ਹਾਂ ਦੀਆਂ ਜਨਤਕ ਗਤੀਵਿਧੀਆਂ ਮੁਕਾਬਲਤਨ ਸ਼ਾਂਤ ਰਹੀਆਂ ਹਨ। ਕਿਮ ਜੋਂਗ ਉਨ ਦੀ ਗੈਰ-ਹਾਜ਼ਰੀ ਉੱਤਰੀ ਕੋਰੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਈ ਹੈ ਕਿਉਂਕਿ ਉਹ ਆਮ ਤੌਰ 'ਤੇ ਸਰਕਾਰੀ ਸਮਾਗਮਾਂ ਵਿੱਚ ਨਿੱਜੀ ਤੌਰ 'ਤੇ ਸ਼ਾਮਲ ਹੁੰਦੇ ਹਨ। ਖ਼ਾਸ ਕਰ ਕੇ ਇਮਾਰਤਾਂ, ਫੈਕਟਰੀਆਂ ਅਤੇ ਹੋਰ ਵੱਡੇ ਪ੍ਰੋਜੈਕਟਾਂ ਦੇ ਉਦਘਾਟਨ ਸਮੇਂ ਉਨ੍ਹਾਂ ਦੀ ਮੌਜੂਦਗੀ ਨੂੰ ਅਕਸਰ ਪ੍ਰਚਾਰ ਦਾ ਹਿੱਸਾ ਬਣਾਇਆ ਜਾਂਦਾ ਹੈ। ਹਾਲਾਂਕਿ ਹਾਲ ਹੀ ਦੇ ਕਈ ਸਮਾਗਮਾਂ ਵਿੱਚ ਅਜਿਹਾ ਨਹੀਂ ਹੋਇਆ ਹੈ। ਇਸ ਹਫ਼ਤੇ ਉੱਤਰੀ ਕੋਰੀਆ ਵਿੱਚ ਕਈ ਮਹੱਤਵਪੂਰਨ ਘਟਨਾਵਾਂ ਵਾਪਰੀਆਂ। ਅਧਿਕਾਰੀਆਂ ਨੇ ਪਿਓਂਗਯਾਂਗ ਵਿੱਚ ਕਿਮ ਜੋਂਗ ਥਾਏ ਇਲੈਕਟ੍ਰਿਕ ਲੋਕੋਮੋਟਿਵ ਕੰਪਲੈਕਸ ਦੇ ਨਿਰਮਾਣ ਅਤੇ ਨਾਮਫੋ ਵਿੱਚ ਇੱਕ ਸਕੂਲੀ ਬੱਚਿਆਂ ਦੇ ਮਹਿਲ ਦੇ ਉਦਘਾਟਨ ਦੀ ਨਿਗਰਾਨੀ ਕੀਤੀ। ਇਨ੍ਹਾਂ ਸਮਾਗਮਾਂ ਲਈ ਕਿਮ ਜੋਂਗ ਉਨ ਦੀ ਥਾਂ ਹੋਰ ਸੀਨੀਅਰ ਅਧਿਕਾਰੀਆਂ ਨੂੰ ਲਿਆ ਗਿਆ ਸੀ। ਬੱਚਿਆਂ ਦੇ ਇੱਕ ਪ੍ਰੋਗਰਾਮ ਵਿੱਚ ਕਿਮ ਦੀ ਗੈਰ-ਹਾਜ਼ਰੀ ਵੀ ਚਰਚਾ ਦਾ ਵਿਸ਼ਾ ਬਣ ਗਈ। ਇਸ ਤੋਂ ਇਲਾਵਾ ਉੱਤਰੀ ਕੋਰੀਆ ਨੇ ਅਮਰੀਕਾ, ਜਾਪਾਨ ਅਤੇ ਦੱਖਣੀ ਕੋਰੀਆ ਨੂੰ ਸ਼ਾਮਲ ਕਰਨ ਵਾਲੇ ਫੌਜੀ ਅਭਿਆਸ ਬਾਰੇ ਵੀ ਇੱਕ ਬਿਆਨ ਜਾਰੀ ਕੀਤਾ। ਹਾਲਾਂਕਿ, ਕਿਮ ਜੋਂਗ ਉਨ ਖੁਦ ਇਸ ਮਾਮਲੇ ਵਿੱਚ ਦਿਖਾਈ ਨਹੀਂ ਦਿੱਤੇ। ਕਿਮ ਜੋਂਗ ਉਨ ਦੀ ਗੈਰ-ਹਾਜ਼ਰੀ ਸਿਰਫ਼ ਜਨਤਕ ਸਮਾਗਮਾਂ ਤਕ ਸੀਮਤ ਨਹੀਂ ਹੈ। ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਪਿਓਂਗਯਾਂਗ ਵਿੱਚ ਉਨ੍ਹਾਂ ਦੀ ਕੋਈ ਨਵੀਂ ਟੀਵੀ ਫੁਟੇਜ ਜਾਂ ਅੰਦਰੂਨੀ ਮੀਟਿੰਗਾਂ ਦੀਆਂ ਤਸਵੀਰਾਂ ਸਾਹਮਣੇ ਨਹੀਂ ਆਈਆਂ ਹਨ। ਉੱਤਰੀ ਕੋਰੀਆ ਦਾ ਸਰਕਾਰੀ ਮੀਡੀਆ ਆਮ ਤੌਰ 'ਤੇ ਕਿਮ ਦੀਆਂ ਗਤੀਵਿਧੀਆਂ ਨੂੰ ਉਜਾਗਰ ਕਰਦਾ ਹੈ, ਇਸ ਲਈ ਇੰਨੇ ਲੰਬੇ ਸਮੇਂ ਤੋਂ ਉਸ ਦੀਆਂ ਨਵੀਆਂ ਫੋਟੋਆਂ ਸਾਹਮਣੇ ਨਹੀਂ ਆਈਆਂ ਹਨ। ਕਿਮ ਜੋਂਗ ਉਨ ਦੀ ਗੈਰ-ਹਾਜ਼ਰੀ ਬਾਰੇ ਕਈ ਅਟਕਲਾਂ ਹਨ, ਜਿਨ੍ਹਾਂ ਵਿੱਚੋਂ ਕਿਸੇ ਦੀ ਵੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਮੌਸਮ ਨੂੰ ਵੀ ਇੱਕ ਕਾਰਕ ਵਜੋਂ ਦਰਸਾਇਆ ਜਾ ਰਿਹਾ ਹੈ। ਉੱਤਰੀ ਕੋਰੀਆ ਵਿੱਚ ਇਸ ਸਮੇਂ ਤਾਪਮਾਨ ਲੱਗਭਗ 37 ਡਿਗਰੀ ਸੈਲਸੀਅਸ ਤਕ ਪਹੁੰਚਣ ਦੀ ਰਿਪੋਰਟ ਹੈ, ਅਤੇ ਹਵਾ ਕਾਫ਼ੀ ਨਮੀ ਵਾਲੀ ਹੈ। ਇਸ ਲਈ ਕਿਮ ਦੀ ਸਿਹਤ ਅਤੇ ਤੰਦਰੁਸਤੀ ਉਸ ਦੀ ਗੈਰ ਹਾਜ਼ਰੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਕਿਮ ਜੋਂਗ ਉਨ ਦੀ ਲੰਮੀ ਗੈਰ-ਹਾਜ਼ਰੀ ਕਾਰਨ ਉਨ੍ਹਾਂ ਦੀ ਸਿਹਤ 'ਤੇ ਸਵਾਲ ਉਠਾ ਰਹੇ ਹਨ, ਜਦੋਂ ਕਿ ਕੁੱਝ ਹੋਰ ਵੀ ਗੰਭੀਰ ਦਾਅਵੇ ਕੀਤੇ ਜਾਰਹੇ ਹਨ। ਕੁੱਝ ਅਟਕਲਾਂ ਮੁਤਾਬਕ ਕਿਮ ਜੋਂਗ ਉਨ ਮਰ ਗਿਆ ਹੋ ਸਕਦਾ ਹੈ ਜਾਂ ਉਸ ਦੀ ਜਗ੍ਹਾ ਲੈਣ ਲਈ ਇੱਕ ਬੌਡੀ ਡਬਲ ਦੀ ਵਰਤੋਂ ਕੀਤੀ ਜਾ ਰਹੀ ਹੈ। ਹਾਲਾਂਕਿ, ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਨਹੀਂ ਹੋਈ ਹੈ ਅਤੇ ਇਹਨਾਂ ਦੇ ਸਮਰਥਨ ਲਈ ਕੋਈ ਭਰੋਸੇਯੋਗ ਸਬੂਤ ਸਾਹਮਣੇ ਨਹੀਂ ਆਏ ਹਨ। ਕੀ ਉਹ ਕਿਸੇ ਨਿੱਜੀ ਜਗ੍ਹਾ 'ਤੇ ਆਰਾਮ ਕਰ ਰਿਹਾ ਹੈ, ਸਿਹਤ ਸਬੰਧੀ ਚਿੰਤਾਵਾਂ ਕਾਰਨ ਜਨਤਕ ਸਮਾਗਮਾਂ ਤੋਂ ਬਚ ਰਿਹਾ ਹੈ, ਜਾਂ ਇਸ ਪਿੱਛੇ ਕੋਈ ਹੋਰ ਕਾਰਨ ਹੈ ? ਜਵਾਬ ਅਜੇ ਵੀ ਅਸਪੱਸ਼ਟ ਹੈ। ਜਦੋਂ ਤਕ ਉੱਤਰੀ ਕੋਰੀਆ ਦੀ ਸਰਕਾਰ ਜਾਂ ਸਰਕਾਰੀ ਮੀਡੀਆ ਉਸਦੀ ਸਥਿਤੀ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੰਦਾ, ਉੱਭਰ ਰਹੀਆਂ ਰਿਪੋਰਟਾਂ ਸਿਰਫ਼ ਅਟਕਲਾਂ ਹੀ ਰਹਿਣਗੀਆਂ।



## ਪਾਕਿਸਤਾਨ 'ਚ ਵਿਗੜਦੇ ਜਾ ਰਹੇ ਹਾਲਾਤ ! 8 ਲੋਕ ਅਚਾਨਕ ਹੋ ਗਏ ਲਾਪਤਾ

ਮਸਤੁੰਗ, ਪੰਜਗੁਰ (ਬਲੋਚਿਸਤਾਨ) , ਪਾਕਿਸਤਾਨੀ ਸੁਰੱਖ਼ਿਆ ਬਲਾਂ ਕਾਰਨ ਬਲੋਚਿਸਤਾਨ ਵਿੱਚ ਦਹਿਸ਼ਤ ਵਾਲਾ ਮਾਹੌਲ ਬਣ ਗਿਆ ਹੈ। ਮਸਤੁੰਗ, ਪੰਜਗੁਰ ਅਤੇ ਕੇਚ ਜ਼ਿਲ੍ਹਿਆਂ ਵਿੱਚ ਛਾਪੇਮਾਰੀ ਦੌਰਾਨ ਘੱਟੋ-ਘੱਟ 8 ਲੋਕਾਂ ਨੂੰ ਜ਼ਬਰਦਸਤੀ ਅਗਵਾ (ਬਲੋਚਿਸਤਾਨ ਜ਼ਬਰਦਸਤੀ ਲਾਪਤਾ) ਕੀਤੇ ਜਾਣ ਦੀ ਰਿਪੋਰਟ ਮਿਲੀ ਹੈ। ਸਥਾਨਕ ਮੀਡੀਆ ਅਨੁਸਾਰ, ਮਸਤੁੰਗ ਜ਼ਿਲ੍ਹੇ ਵਿੱਚ ਇੱਕ ਹੀ ਰਾਤ ਵਿੱਚ 5 ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕਿਆ ਗਿਆ, ਜਦੋਂ ਕਿ 5 ਹੋਰਾਂ ਨੂੰ ਪੰਜਗੁਰ ਅਤੇ ਕੇਚ ਦੇ ਵੱਖ-ਵੱਖ ਇਲਾਕਿਆਂ ਤੋਂ ਚੁੱਕਿਆ ਗਿਆ। ਇਸ ਦੌਰਾਨ 5 ਬਲੋਚ ਵਿੱਦਿਆਰਥੀ ਅਤੇ 3 ਔਰਤਾਂ ਜੋ ਪਹਿਲਾਂ ਲਾਪਤਾ ਸਨ, ਘਰ ਵਾਪਸ ਆ ਗਈਆਂ ਹਨ।




ਜ਼ਿਕਰਯੋਗ ਹੈ ਕਿ ਕਰਾਚੀ ਦੇ ਮੌਰੀਪਰ ਇਲਾਕੇ ਦੇ ਟਿੱਕਰੀ ਤੋਂ ਹਾਲ ਹੀ ਵਿੱਚ 3 ਮਾਮਲੇ ਸਾਹਮਣੇ ਆਏ ਹਨ। ਸੂਤਰਾਂ ਅਨੁਸਾਰ, 6 ਅਗਸਤ ਰਾਤ 8:30 ਵਜੇ ਟਿੱਕਰੀ ਦੇ ਰਹਿਣ ਵਾਲੇ 28 ਸਾਲਾ ਮਜ਼ਦੂਰ ਸਾਬੀਰ ਨੂੰ ਰੇਂਜਰਸ ਦੇ ਜਵਾਨ ਉਸ ਦੇ ਘਰ ਦੇ ਨੇੜੇ ਤੋਂ ਚੁੱਕ ਕੇ ਲੈ ਗਏ। ਉਸ ਦਾ ਅਜੇ ਵੀ ਪਤਾ ਨਹੀਂ ਹੈ। ਨੂਰ ਦਾਦ ਦੇ 30 ਸਾਲਾ ਪੁੱਤਰ ਅਬਦੁਲ ਅਜ਼ੀਜ਼ ਅਤੇ ਅਬਦੁਲ ਵਾਹਿਦ ਦੇ 28 ਸਾਲਾ ਪੁੱਤਰ ਅਤੇ ਸਥਾਨਕ ਦੁਕਾਨਦਾਰ ਆਮਿਰ ਨੂੰ 5 ਅਗਸਤ ਨੂੰ ਰਾਤ 8:00 ਵਜੇ ਦੇ ਕਰੀਬ ਰੇਂਜਰਸ ਅਤੇ ਅਤਿਵਾਦ ਵਿਰੋਧੀ ਵਿਭਾਗ (ਸੀ.ਟੀ.ਡੀ.) ਦੇ ਕਰਮਚਾਰੀ ਉਸ ਨੂੰ ਆਪਣੇ ਨਾਲ ਲੈ ਗਏ।

ਉਨ੍ਹਾਂ ਦੇ ਪਰਿਵਾਰਾਂ ਨੇ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ, ਉਨ੍ਹਾਂ ਨੂੰ ਟਿਕਾਣੇ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ। ਬਲੋਚ ਸਟੂਡੈਂਟਸ ਐਕਸ਼ਨ ਕਮੇਟੀ (ਬੀ.ਐੱਸ.ਏ.ਸੀ.) ਨੇ ਕਿਹਾ ਕਿ ਕਰਾਚੀ ਯੂਨੀਵਰਸਿਟੀ ਦੇ 5 ਵਿੱਦਿਆਰਥੀ, ਜਿਨ੍ਹਾਂ ਨੂੰ 5 ਅਗਸਤ ਦੀ ਰਾਤ ਨੂੰ ਗੁਲਸ਼ਨ-ਏ-ਇੱਕਬਾਲ ਤੋਂ ਜ਼ਬਰਦਸਤੀ ਗਾਇਬ ਕਰ ਦਿੱਤਾ ਗਿਆ ਸੀ, ਨੂੰ ਬਰਾਮਦ ਕਰ ਲਿਆ ਅਤੇ ਉਹ ਸੁਰੱਖ਼ਿਅਤ ਘਰ ਵਾਪਸ ਆ ਗਏ ਹਨ। ਬਲੋਚ ਯਕਜੇਹਤੀ ਕਮੇਟੀ, ਪੈਨਕ ਅਤੇ ਬਲੋਚ ਮਹਿਲਾ ਫੋਰਮ ਵਰਗੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਜ਼ਬਰੀ ਲਾਪਤਾ ਕਰਨ ਦੀ ਇਸ 'ਯੋਜਨਾਬੱਧ ਰਣਨੀਤੀ' ਨੂੰ ਰੋਕਣ ਲਈ ਅੰਤਰਰਾਸ਼ਟਰੀ ਸੰਗਠਨਾਂ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ।

## ਅਮਰੀਕੀ ਅਦਾਲਤ ਵੱਲੋਂ ਗੌਤਮ ਅਡਾਨੀ ਵਿਰੁੱਧ ਅਪਰਾਧਿਕ ਮਾਮਲਾ ਖਾਰਜ

ਨਿਊਯਾਰਕ/: ਇੱਕ ਅਮਰੀਕੀ ਅਦਾਲਤ ਨੇ ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ, ਉਨ੍ਹਾਂ ਦੇ ਭਤੀਜੇ ਸਾਗਰ ਅਡਾਨੀ ਅਤੇ ਅਡਾਨੀ ਗ੍ਰੀਨ ਦੇ ਸਾਬਕਾ ਸੀ.ਈ.ਓ. ਵਿਨੀਤ ਜੈਨ ਵਿਰੁੱਧ ਚੱਲ ਰਹੇ ਕਥਿਤ ਧੋਖਾਧੜੀ ਅਤੇ ਰਿਸ਼ਵਤਖੋਰੀ ਦੇ ਅਪਰਾਧਿਕ ਮਾਮਲੇ ਨੂੰ ਖਾਰਜ ਕਰ ਦਿੱਤਾ ਹੈ। ਇਸ ਫੈਸਲੇ ਨਾਲ ਪਿਛਲੇ ਲਗਭਗ ਦੋ ਸਾਲਾਂ ਤੋਂ ਚੱਲ ਰਹੀ ਕਾਨੂੰਨੀ ਕਾਰਵਾਈ ਪੂਰੀ ਤਰ੍ਹਾਂ ਸਮਾਪਤ ਹੋ ਗਈ ਹੈ। ਈਸਟਰਨ ਡਿਸਟ੍ਰਿਕਟ ਆਫ਼ ਨਿਊਯਾਰਕ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਨਿਕੋਲਸ ਗਾਰੌਫਿਸ ਨੇ ਅਮਰੀਕੀ ਨਿਆਂ ਵਿਭਾਗ ਦੀ ਗ੍ਰਿਫ਼ਤਾਰੀ ਪੱਤਰ/ਦੋਸ਼ਾਂ ਨੂੰ ਵਾਪਸ ਲੈਣ ਦੀ ਪਟੀਸ਼ਨ ਨੂੰ ਪ੍ਰਵਾਨਗੀ ਦੇ ਦਿੱਤੀ। ਅਦਾਲਤ ਨੇ ਇਹ ਮਾਮਲਾ with prejudice ਖਾਰਜ ਕੀਤਾ ਹੈ, ਜਿਸ ਦਾ ਮਤਲਬ ਹੈ ਕਿ ਇਹ ਅਪਰਾਧਿਕ ਕਾਰਵਾਈਆਂ ਪੱਕੇ ਤੌਰ 'ਤੇ ਬੰਦ ਹੋ ਗਈਆਂ ਹਨ ਅਤੇ ਇਹਨਾਂ ਦੋਸ਼ਾਂ ਨੂੰ ਦੁਬਾਰਾ ਦਰਜ ਨਹੀਂ ਕੀਤਾ ਜਾ ਸਕਦਾ। ਇਹ ਮਾਮਲਾ ਨਵੰਬਰ 2024 ਵਿੱਚ ਸ਼ੁਰੂ ਹੋਇਆ ਸੀ, ਜਦੋਂ ਅਮਰੀਕੀ ਸਰਕਾਰੀ ਵਕੀਲਾਂ ਨੇ ਦੋਸ਼ ਲਗਾਇਆ ਸੀ ਕਿ ਅਡਾਨੀ ਗਰੁੱਪ ਦੇ ਅਧਿਕਾਰੀਆਂ ਨੇ ਭਾਰਤ ਵਿੱਚ ਸੌਰ ਊਰਜਾ ਦੇ ਠੇਕੇ ਪ੍ਰਾਪਤ ਕਰਨ ਲਈ ਭਾਰਤੀ ਸਰਕਾਰੀ ਅਧਿਕਾਰੀਆਂ ਨੂੰ 250 ਮਿਲੀਅਨ ਅਮਰੀਕੀ ਡਾਲਰ ਦੀ ਰਿਸ਼ਵਤ ਦੇਣ ਦੀ ਸਾਜ਼ਿਸ਼ ਰਚੀ ਸੀ। ਅਡਾਨੀ ਗਰੁੱਪ ਨੇ ਸ਼ੁਰੂ ਤੋਂ ਹੀ ਇਹਨਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਖਾਰਜ ਕੀਤਾ ਸੀ। ਅਦਾਲਤ ਵਿੱਚ ਆਪਣੀ ਪਟੀਸ਼ਨ ਦੌਰਾਨ ਟਰੰਪ ਪ੍ਰਸ਼ਾਸਨ ਦੇ ਨਿਆਂ ਵਿਭਾਗ ਨੇ ਕਿਹਾ ਕਿ ਇਸ ਕੇਸ ਨੂੰ ਅੱਗੇ ਵਧਾਉਣਾ ਹੁਣ ਨਿਆਂ ਦੇ ਹਿੱਤ ਵਿੱਚ ਨਹੀਂ ਹੈ।

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ "ਸੱਚਾ ਗੁਰੂ ਲਾਧੋ ਰੇ" ਦਿਵਸ ਸ਼ਰਧਾ ਨਾਲ ਮਨਾਇਆ






ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ
ਸੰਪਰਕ : 646-403-7334

ਨਿਊਯਾਰਕ : ਨਿਊਯਾਰਕ ਦੇ ਰਿਚਮੰਡ ਹਿੱਲ ਵਿਖੇ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸੱਚਾ ਗੁਰੂ ਲਾਧੋ ਰੇ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤਿੰਨ ਰੋਜ਼ਾ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਹਾਲ ਵਿੱਚ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਅਤੇ ਢਾਡੀ ਜਥਿਆਂ ਨੇ ਗੁਰਬਾਣੀ ਕੀਰਤਨ ਅਤੇ ਸਿੱਖ ਇਤਿਹਾਸ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬਾਨ ਦੇ ਚਰਨਾਂ ਨਾਲ ਜੋੜਿਆ।

**ਇਤਿਹਾਸ ਦੀ ਗੱਲ**

ਸੱਚਾ ਗੁਰੂ ਲਾਧੋ ਰੇ ਦਿਵਸ ਦਾ ਸਬੰਧ ਸਿੱਖ ਇਤਿਹਾਸ ਦੀ ਇੱਕ ਬਹੁਤ ਹੀ ਮਹੱਤਵਪੂਰਨ ਘਟਨਾ ਨਾਲ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਦੋਂ ਬਾਬਾ ਬਕਾਲਾ ਸਾਹਿਬ ਵਿਖੇ ਭਗਤੀ ਅਤੇ ਬੰਦਗੀ ਵਿੱਚ ਲੀਨ ਸਨ, ਉਸ ਸਮੇਂ ਮਹਾਨ ਸਿੱਖ ਸਰਦਾਰ ਅਤੇ ਪ੍ਰਸਿੱਧ ਵਪਾਰੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਮੁੰਦਰੀ ਵਪਾਰ ਕਰਦੇ ਸਨ। ਇੱਕ ਵਾਰ ਉਨ੍ਹਾਂ ਦਾ ਸਮੁੰਦਰੀ ਜਹਾਜ਼ ਭਿਆਨਕ ਤੂਫ਼ਾਨ ਵਿੱਚ ਫਸ ਗਿਆ। ਆਪਣੀ ਜਾਨ ਅਤੇ ਬੇੜੇ ਦੀ ਸੁਰੱਖਿਆ ਲਈ ਬਾਬਾ ਮੱਖਣ ਸ਼ਾਹ ਜੀ ਨੇ ਸੱਚੇ ਪਾਤਸ਼ਾਹ ਅੱਗੇ ਅਰਦਾਸ ਕੀਤੀ ਕਿ ਜੇ ਉਨ੍ਹਾਂ ਦਾ ਬੇੜਾ ਸਹੀ-ਸਲਾਮਤ ਕਿਨਾਰੇ ਲੱਗ ਗਿਆ ਤਾਂ ਉਹ ਪੰਜ ਸੌ ਸੋਨੇ ਦੀਆਂ ਮੋਹਰਾਂ ਗੁਰੂ ਦੇ ਦਰਬਾਰ ਵਿੱਚ ਭੇਟ ਕਰਨਗੇ। ਅਰਦਾਸ ਪ੍ਰਵਾਨ ਹੋਈ ਅਤੇ ਬਾਬਾ ਮੱਖਣ ਸ਼ਾਹ ਜੀ ਦਾ ਬੇੜਾ ਸਹੀ-ਸਲਾਮਤ ਕਿਨਾਰੇ ਲੱਗ ਗਿਆ। ਆਪਣੀ ਕੀਤੀ ਅਰਦਾਸ ਨੂੰ ਯਾਦ ਕਰਦਿਆਂ ਉਹ ਬਾਬਾ ਬਕਾਲਾ ਸਾਹਿਬ ਵਿਖੇ ਸੱਚੇ ਗੁਰੂ ਦੀ ਭਾਲ ਲਈ ਪਹੁੰਚੇ। ਉਸ ਸਮੇਂ ਬਾਬਾ ਬਕਾਲਾ ਸਾਹਿਬ ਵਿਖੇ ਕਈ ਵਿਅਕਤੀ ਆਪਣੇ ਆਪ ਨੂੰ ਗੁਰੂ ਦੱਸ ਰਹੇ ਸਨ। ਬਾਬਾ ਮੱਖਣ ਸ਼ਾਹ ਜੀ ਨੇ ਸੱਚੇ ਗੁਰੂ ਦੀ ਪਰਖ ਕਰਨ ਲਈ ਹਰੇਕ ਦੇ ਅੱਗੇ ਦੋ ਮੋਹਰਾਂ ਰੱਖੀਆਂ।

ਜਦੋਂ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿੱਚ ਪਹੁੰਚੇ ਤਾਂ ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਕੀਤੀ ਅਰਦਾਸ ਅਤੇ ਪੰਜ ਸੌ






























Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 366
Website: www.preetnama.com Email preetnamausa@gmail.com
14 AUGUST TO 20 AUGUST, 2026

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ "ਸੱਚਾ ਗੁਰੂ ਲਾਧੋ ਰੇ" ਦਿਵਸ ਸ਼ਰਧਾ ਨਾਲ ਮਨਾਇਆ

ਮੋਹਰਾਂ ਦੀ ਯਾਦ ਦਿਵਾਈ। ਇਹ ਦੇਖ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੂੰ ਪੂਰਾ ਵਿਸ਼ਵਾਸ ਹੋ ਗਿਆ ਕਿ ਇਹੀ ਸੱਚੇ ਪਾਤਸ਼ਾਹ ਹਨ। ਉਨ੍ਹਾਂ ਨੇ ਕੋਠੇ 'ਤੇ ਚੜ੍ਹ ਕੇ ਉੱਚੀ ਆਵਾਜ਼ ਵਿੱਚ ਪੁਕਾਰਿਆ—

**"ਗੁਰੂ ਲਾਧੋ ਰੇ ! ਗੁਰੂ ਲਾਧੋ ਰੇ !**

ਇਹ ਪੁਕਾਰ ਸਿੱਖ ਇਤਿਹਾਸ ਵਿੱਚ ਹਮੇਸ਼ਾ ਲਈ ਅਮਰ ਹੋ ਗਈ।

**ਅੱਜ ਦੀ ਪੀੜ੍ਹੀ ਲਈ ਸੰਦੇਸ਼**

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਸ. ਸੁਖਜਿੰਦਰ ਸਿੰਘ ਸੁਭਾਨਪੁਰ ਜੀ ਦੀ ਅਗਵਾਈ ਹੇਠ ਸਮੇਂ-ਸਮੇਂ 'ਤੇ ਸਿੱਖ ਇਤਿਹਾਸ ਅਤੇ ਸਿੱਖੀ ਨਾਲ ਸਬੰਧਤ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਇਨ੍ਹਾਂ ਸਮਾਗਮਾਂ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਆਪਣੇ ਮਹਾਨ ਇਤਿਹਾਸ, ਧਰਮ ਅਤੇ ਵਿਰਸੇ ਨਾਲ ਜੋੜਨਾ ਹੈ। ਜਿਸ ਤਰ੍ਹਾਂ ਸਮੋਕੀ ਪਾਰਕ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦ ਵਿੱਚ ਵੱਡੇ ਪੱਧਰ 'ਤੇ ਧਾਰਮਿਕ ਸਮਾਗਮ ਕਰਵਾਇਆ ਗਿਆ ਸੀ, ਉਸੇ ਤਰ੍ਹਾਂ ਇਸ ਵਾਰ ਸੱਚਾ ਗੁਰੂ ਲਾਧੋ ਰੇ ਦਿਵਸ ਵੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਅਜਿਹੇ ਸਮਾਗਮ ਸਾਡੀ ਨਵੀਂ ਪੀੜ੍ਹੀ ਨੂੰ ਇਹ ਯਾਦ ਕਰਵਾਉਂਦੇ ਹਨ ਕਿ ਸਾਡਾ ਇਤਿਹਾਸ ਸਾਡੀ ਪਹਿਚਾਣ ਹੈ ਅਤੇ ਆਪਣੇ ਵਿਰਸੇ ਨਾਲ ਜੁੜੇ ਰਹਿਣਾ ਸਾਡੀ ਜ਼ਿੰਮੇਵਾਰੀ ਹੈ।

**28 ਸਾਲਾਂ ਬਾਅਦ ਹੋਇਆ ਮਿਲਾਪ**

ਇਸ ਸਮਾਗਮ ਦੌਰਾਨ ਇੱਕ ਹੋਰ ਬਹੁਤ ਹੀ ਭਾਵਨਾਤਮਕ ਅਤੇ ਮਹੱਤਵਪੂਰਨ ਪਲ ਦੇਖਣ ਨੂੰ ਮਿਲਿਆ। ਲਗਭਗ 28 ਸਾਲਾਂ ਬਾਅਦ ਗਿਆਨੀ ਸੁਰਜੀਤ ਸਿੰਘ ਜੀ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਸਾਹਿਬ ਵਿਖੇ ਪਹੁੰਚੇ। ਲੰਮੇ ਸਮੇਂ ਤੋਂ ਚੱਲ ਰਹੀਆਂ ਕੁਝ ਗਲਤਫਹਿਮੀਆਂ ਅਤੇ ਗਿਲੇ-ਸ਼ਿਕਵੇ ਇਸ ਪਵਿੱਤਰ ਦਿਹਾੜੇ 'ਤੇ ਆਪਸੀ ਗੱਲਬਾਤ ਅਤੇ ਮਿਲਾਪ ਨਾਲ ਦੂਰ ਹੋਏ। ਪੁਰਾਣੀਆਂ ਗੱਲਾਂ ਨੂੰ ਪਿੱਛੇ ਛੱਡ ਕੇ ਆਪਸੀ ਪਿਆਰ, ਸਾਂਝ ਅਤੇ ਭਾਈਚਾਰੇ ਨੂੰ ਅੱਗੇ ਵਧਾਉਣ ਦਾ ਸੰਦੇਸ਼ ਦਿੱਤਾ ਗਿਆ। ਇਹ ਮਿਲਾਪ ਸਮੁੱਚੀ ਕੌਮ ਅਤੇ ਭਾਈਚਾਰੇ ਲਈ ਇੱਕ ਸਲਾਹੁਣਯੋਗ ਅਤੇ ਪ੍ਰੇਰਨਾਦਾਇਕ ਕਦਮ ਹੈ। ਕਈ ਵਾਰ ਛੋਟੀਆਂ-ਛੋਟੀਆਂ ਗਲਤਫਹਿਮੀਆਂ ਸਾਲਾਂ ਤੱਕ ਦਿਲਾਂ ਵਿੱਚ ਰਹਿ ਜਾਂਦੀਆਂ ਹਨ। ਪਰ ਜੇ ਦੋਵੇਂ ਧਿਰਾਂ ਇੱਕ-ਦੂਜੇ ਦੇ ਸਾਹਮਣੇ ਬੈਠ ਕੇ ਗੱਲ ਕਰਨ ਤਾਂ ਬਹੁਤ ਸਾਰੇ ਮਸਲੇ ਆਸਾਨੀ ਨਾਲ ਹੱਲ ਹੋ ਸਕਦੇ ਹਨ। 27-28 ਸਾਲ ਗਿਲੇ-ਸ਼ਿਕਵੇ ਰੱਖਣ ਨਾਲ ਨਹੀਂ, ਸਗੋਂ ਆਪਸੀ ਪਿਆਰ ਅਤੇ ਗੱਲਬਾਤ ਨਾਲ ਬਿਤਾਉਣੇ ਚਾਹੀਦੇ ਹਨ।

**ਆਗੂਆਂ ਲਈ ਵੀ ਵੱਡਾ ਸੰਦੇਸ਼**

ਜਿਹੜੇ ਵਿਅਕਤੀ ਕਿਸੇ ਕੌਮ ਜਾਂ ਭਾਈਚਾਰੇ ਦੀ ਅਗਵਾਈ ਕਰਦੇ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਇੱਕ ਆਗੂ ਦੀ ਸੋਚ ਅਤੇ ਵਿਵਹਾਰ ਦਾ ਪ੍ਰਭਾਵ ਸਿਰਫ਼ ਉਸ ਦੀ ਆਪਣੀ ਜ਼ਿੰਦਗੀ ਤੱਕ ਸੀਮਤ ਨਹੀਂ ਰਹਿੰਦਾ, ਬਲਕਿ ਉਸ ਦੇ ਨਾਲ ਜੁੜੇ ਪੂਰੇ ਭਾਈਚਾਰੇ 'ਤੇ ਪੈਂਦਾ ਹੈ। ਇਸ ਲਈ ਨਿੱਜੀ ਗਲਤਫਹਿਮੀਆਂ ਨੂੰ ਪੂਰੀ ਕੌਮ ਜਾਂ ਭਾਈਚਾਰੇ ਦੀ ਸੋਚ ਨਹੀਂ ਬਣਨ ਦੇਣਾ ਚਾਹੀਦਾ। ਜੇ ਅਸੀਂ ਆਪ ਹੀ ਗਲਤਫਹਿਮੀਆਂ ਵਿੱਚ ਰਹਾਂਗੇ ਤਾਂ ਆਉਣ ਵਾਲੀ ਪੀੜ੍ਹੀ ਨੂੰ ਏਕਤਾ, ਪਿਆਰ ਅਤੇ ਭਾਈਚਾਰੇ ਦੀ ਸਹੀ ਸਿੱਖਿਆ ਨਹੀਂ ਦੇ ਸਕਾਂਗੇ। ਇਸ ਲਈ ਅਜਿਹੇ ਮਿਲਾਪ ਸਾਨੂੰ ਇਹ ਸੰਦੇਸ਼ ਦਿੰਦੇ ਹਨ ਕਿ—

"ਗਿਲੇ-ਸ਼ਿਕਵੇ ਛੱਡੋ, ਇੱਕ-ਦੂਜੇ ਨੂੰ ਗਲੇ ਲਗਾਓ ਅਤੇ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰੋ।

**ਪ੍ਰਬੰਧਕਾਂ ਦੀ ਭੂਮਿਕਾ**

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਸ. ਸੁਖਜਿੰਦਰ ਸਿੰਘ ਸੁਭਾਨਪੁਰ ਜੀ ਦੀ ਅਗਵਾਈ ਹੇਠ ਸਮੇਂ-ਸਮੇਂ 'ਤੇ ਸਿੱਖ ਇਤਿਹਾਸ ਅਤੇ ਸਿੱਖੀ ਨਾਲ ਸਬੰਧਤ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਇਨ੍ਹਾਂ ਸਮਾਗਮਾਂ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ, ਧਰਮ ਅਤੇ ਵਿਰਸੇ ਨਾਲ ਜੋੜਨਾ ਹੈ। ਇਸ ਤੋਂ ਪਹਿਲਾਂ ਸਮੋਕੀ ਪਾਰਕ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਮਿੱਠੀ ਯਾਦ ਵਿੱਚ ਵੀ ਵੱਡੇ ਪੱਧਰ 'ਤੇ ਧਾਰਮਿਕ ਸਮਾਗਮ ਕਰਵਾਇਆ ਗਿਆ ਸੀ।

ਇਸੇ ਲੜੀ ਨੂੰ ਅੱਗੇ ਵਧਾਉਂਦਿਆਂ ਇਸ ਵਾਰ ਸੱਚਾ ਗੁਰੂ ਲਾਧੋ ਰੇ ਦਿਵਸ ਮਨਾਇਆ ਗਿਆ।

ਸੱਚਾ ਗੁਰੂ ਲਾਧੋ ਰੇ ਸਿਰਫ਼ ਇੱਕ ਇਤਿਹਾਸਕ ਦਿਹਾੜਾ ਨਹੀਂ, ਬਲਕਿ ਇਹ ਸਾਨੂੰ ਸੱਚ, ਵਿਸ਼ਵਾਸ, ਗੁਰੂ ਪ੍ਰਤੀ ਸ਼ਰਧਾ ਅਤੇ ਆਪਸੀ ਏਕਤਾ ਦਾ ਸੰਦੇਸ਼ ਦਿੰਦਾ ਹੈ। ਅੱਜ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ ਜੋੜੀਏ ਅਤੇ ਉਨ੍ਹਾਂ ਨੂੰ ਆਪਣੇ ਮਹਾਨ ਵਿਰਸੇ ਬਾਰੇ ਜਾਣੂ ਕਰਵਾਈਏ। ਅਤੇ ਜੇ ਸਾਡੇ ਵਿਚਕਾਰ ਕੋਈ ਗਿਲਾ-ਸ਼ਿਕਵਾ ਜਾਂ ਗਲਤਫਹਿਮੀ ਹੈ ਤਾਂ ਉਸ ਨੂੰ ਸਾਲਾਂ ਤੱਕ ਦਿਲ ਵਿੱਚ ਰੱਖਣ ਦੀ ਬਜਾਏ ਬੈਠ ਕੇ ਗੱਲਬਾਤ ਰਾਹੀਂ ਹੱਲ ਕਰੀਏ। ਕਿਉਂਕਿ— "ਕੌਮ ਦੀ ਤਾਕਤ ਸਾਡੀ ਏਕਤਾ ਵਿੱਚ ਹੈ।

ਇਸ ਧਾਰਮਿਕ ਅਤੇ ਇਤਿਹਾਸਕ ਸਮਾਗਮ ਨੂੰ ਵੱਖ-ਵੱਖ ਮੀਡੀਆ ਸੰਸਥਾਵਾਂ ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਕਵਰ ਕੀਤਾ ਗਿਆ। ਟੀਵੀ ਕਵਰੇਜ ਲਈ ਪੰਜ-ਆਪ ਤੋਂ ਮਨੀਸ਼ ਬਿਆਰਲਾ ਜੀ, ਗਲੋਬਲ ਪੰਜਾਬ ਤੋਂ ਪ੍ਰਦੀਪ ਸਿੰਘ ਗਿੱਲ, ਜੱਸ ਪੰਜਾਬੀ ਤੋਂ ਜੱਸ ਪੰਜਾਬੀ ਅਤੇ ਸਾਂਝਾ ਪੰਜਾਬ ਤੋਂ ਬਲਵਿੰਦਰ ਸਿੰਘ ਬਾਜਵਾ ਜੀ ਵੱਲੋਂ ਸਮਾਗਮ ਦੀ ਕਵਰੇਜ ਕੀਤੀ ਗਈ। ਸਮਾਗਮ ਦੀ ਵਿਸ਼ਾਲਤਾ, ਸੰਗਤਾਂ ਦੀ ਸ਼ਮੂਲੀਅਤ ਅਤੇ ਧਾਰਮਿਕ ਭਾਵਨਾ ਨੂੰ ਮੀਡੀਆ ਵੱਲੋਂ ਜਿਸ ਤਰ੍ਹਾਂ ਲੋਕਾਂ ਤੱਕ ਪਹੁੰਚਾਇਆ ਗਿਆ, ਉਹ ਵੀ ਸ਼ਲਾਘਾਯੋਗ ਹੈ। ਸੱਚਾ ਗੁਰੂ ਲਾਧੋ ਰੇ ਦਿਵਸ ਦਾ ਇਹ ਸਮਾਗਮ ਸਿੱਖ ਇਤਿਹਾਸ, ਧਾਰਮਿਕ ਵਿਰਸੇ ਅਤੇ ਭਾਈਚਾਰਕ ਏਕਤਾ ਦੀ ਇੱਕ ਨਵੀਂ ਪੈੜ ਛੱਡ ਗਿਆ ਹੈ। ਇਸ ਯਾਦਗਾਰੀ ਸਮਾਗਮ ਨੂੰ ਸਫ਼ਲ ਬਣਾਉਣ ਲਈ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ, ਸੇਵਾਦਾਰਾਂ ਅਤੇ ਸੰਗਤਾਂ ਵਧਾਈ ਦੀਆਂ ਪਾਤਰ ਹਨ। ਅਜਿਹੇ ਸਮਾਗਮ ਸਾਡੀ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਦੇ ਨਾਲ-ਨਾਲ ਸਿੱਖ ਕੌਮ ਵਿੱਚ ਆਪਸੀ ਪਿਆਰ, ਸਾਂਝ ਅਤੇ ਏਕਤਾ ਨੂੰ ਵੀ ਮਜ਼ਬੂਤ ਕਰਦੇ ਹਨ।







ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ
ਸੰਪਰਕ : 646-403-7334








# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366

Website: www.preetnama.com Email preetnamausa@gmail.com

14 AUGUST TO 20 AUGUST, 2026


# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ "ਸੱਚਾ ਗੁਰੂ ਲਾਧੋ ਰੇ" ਦਿਵਸ ਸ਼ਰਧਾ ਨਾਲ ਮਨਾਇਆ











ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ
ਸੰਪਰਕ : 646-403-7334













# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


# Consulate General of India Conducts Highly Successful Community Consular Service Camp in Hicksville

***Organized by the American Punjabi Society (APS), with support from RANA, BRUHUD New York Seniors, and Jaipur Foot USA***












HICKSVILLE, NEW YORK — August 9, 2026 — The Consulate General of India (CGI), New York, conducted a highly successful Community Consular Service Camp at Pearl Banquet Hall in Hicksville, bringing essential consular services and direct assistance closer to the community. The camp was organized by the American Punjabi Society (APS), with support from the Rajasthan Association of North America (RANA), BRUHUD New York Seniors, and Jaipur Foot USA.

Although scheduled from 11:00 AM to 3:00 PM, people began lining up as early as 10:00 AM, and CGI and VFS personnel continued assisting attendees until approximately 4:00 PM because of the strong community response.

The reach of the camp extended well beyond Long Island. Community members traveled from Massachusetts, New Jersey, Connecticut, Pennsylvania, and across New York specifically to obtain consular services and assistance. Particularly gratifying was that those who traveled long distances were able to have their concerns addressed and received the services, assistance, or guidance they had come seeking.

Direct Consular Services Were the Central Focus

The camp went well beyond simply providing information. Its primary purpose and most important achievement was to bring actual consular services and direct assistance to the community.

CGI and VFS personnel assisted attendees with matters involving Indian passports, Overseas Citizen of India (OCI) cards, visas, surrender certificates, Police Clearance Certificates (PCC), document attestation, and other consular services. Community members were able to discuss their individual cases directly with knowledgeable personnel, clarify documentation and procedural requirements, and receive assistance in addressing and resolving their consular issues wherever possible.

- **171 individuals registered**
- **542 community members attended**
- **212 consular inquiries and service-related matters were addressed**
- **13 CGI and VFS officers and staff participated**



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


# Consulate General of India Conducts Highly Successful Community Consular Service Camp in Hicksville

***Organized by the American Punjabi Society (APS), with support from RANA, BRUHUD New York Seniors, and Jaipur Foot USA***






- **40 APS youth volunteers, ages 12 to 17, assisted throughout the camp**
- **2 Notaries Public provided assistance**

For many attendees, the value of the camp was not merely learning what they needed to do, but having access to the appropriate CGI and VFS personnel who could review their concerns, provide direct assistance, and help move their consular matters toward resolution.

Ambassador Pradhan Emphasizes an Open-Door Consulate

Ambassador Binaya Srikanta Pradhan, Consul General of India in New York, addressed the gathering and emphasized the Consulate's open-door approach and commitment to accessible and responsive services for the Indian diaspora.

He spoke about the Consulate's availability, including emergency consular assistance seven days a week, and encouraged community members to approach the Consulate and authorized service channels directly whenever they need consular services, assistance, or clarification.

Ambassador Pradhan also cautioned against unauthorized brokers, agents, and intermediaries who may charge excessive fees and, in some cases, provide incorrect information or fraudulent documentation. He emphasized the importance of approaching the Consulate and authorized service providers directly rather than relying on questionable intermediaries. Also attending and actively participating were Tsewang Gyaltson, Consul (Community Affairs), and Shruti Pandey, Consul (CPV), along with other CGI officials and VFS representatives. Altogether, 13 CGI and VFS officers and staff members participated in the camp and worked directly with community members on their consular matters.

Community Leaders Praise the Initiative

Gary S. Sikka, Global President & CEO of APS, welcomed Ambassador Pradhan and the Consular team and praised the special initiatives undertaken under Ambassador Pradhan's leadership to bring the Consulate closer to the Indian diaspora through direct communication, outreach, emergency accessibility, and community-based services. Sikka noted that the camp demonstrated what can be accomplished when the Consulate and community organizations work together to bring actual services closer to the people.

Harry S. Bolla, Patron of APS, emphasized the importance of arranging such camps on a continuing basis. He noted that passport, OCI, visa, PCC, and related procedures can be difficult to navigate, particularly for senior citizens and those unfamiliar with changing online systems. Bolla said that bringing knowledgeable CGI and VFS personnel directly into the community allows people not only to obtain accurate information but, more importantly, to receive practical assistance with their individual consular needs.

Prem Bhandari, President of RANA and Chairman of Jaipur Foot USA, said that when the Consulate and community organizations work together in a genuine spirit of service, the community is the ultimate beneficiary. He noted that the tremendous response demonstrated the importance of bringing consular services, assistance, and accurate guidance directly to the people.

Ajay Patel, President of BRUHUD New York Seniors, supported the initiative and its objective of making consular services and assistance more accessible to the community.

Forty Young APS Volunteers Lead by Example

ਇਕਵਾਕ ਸਿੰਘ ਪੰਜਾਬੀ ਨਾਵਲ, ਕਹਾਣੀ, ਮਿੰਨੀ ਕਹਾਣੀ, ਵਾਰਤਕ, ਸ਼ਾਇਰੀ ਅਤੇ ਸੰਗੀਤ ਸਾਹਿਤ ਦੇ ਖੇਤਰ ਵਿੱਚ 15 ਪੁਸਤਕਾਂ ਦਾ ਮੁੱਲਵਾਨ ਯੋਗਦਾਨ ਪਾ ਚੁੱਕਾ ਹੈ। ਉਸਦੇ ਹੱਥਲੇ ਤੇ ਦੂਜੇ ਨਾਵਲ ਦੇ ਸਿਰਲੇਖ ਉੱਪਰ ਲਿਖੀ ਉਤਸ਼ਾਹ ਵਰਧਕ ਇਹ ਉਕਤੀ 'ਕੁਝ ਫ਼ੈਸਲੇ ਪੂਰੀ ਜ਼ਿੰਦਗੀ ਨੂੰ ਬਦਲ ਦਿੰਦੇ ਹਨ' ਪਾਠਕਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਨਾਵਲ ਦੇ ਪਾਤਰ ਆਪਣੀ ਦ੍ਰਿੜ ਇੱਛਾ ਸ਼ਕਤੀ ਦੇ ਬਲਬੂਤੇ 'ਤੇ ਆਪਣੀ ਜ਼ਿੰਦਗੀ ਨੂੰ ਸਕਾਰਤਮਕ ਦਿਸ਼ਾ ਦੇਣ ਵਿੱਚ ਜ਼ਰੂਰ ਹੀ ਕਾਮਯਾਬ ਹੋਣਗੇ।

ਇਹ ਨਾਵਲ ਸਦੀਆਂ ਤੋਂ ਆਪਣੇ ਹਿੱਸੇ ਦੇ ਮਨੁੱਖੀ ਅਧਿਕਾਰ ਖੋਹੇ ਜਾਣ ਦਾ ਸੰਤਾਪ ਭੋਗ ਰਹੀਆਂ ਔਰਤਾਂ ਨੂੰ ਵੀ ਇਹ ਹੌਸਲਾ ਪ੍ਰਦਾਨ ਕਰਦਾ ਹੈ ਕਿ ਉਹ ਆਪਣੀ ਸੰਘਰਸ਼ੀ ਸਮਰੱਥਾ ਦੇ ਬਲਬੂਤੇ 'ਤੇ ਮਰਦ ਪ੍ਰਧਾਨ ਸਮਾਜ ਨੂੰ ਆਪਣੇ ਖੋਹੇ ਗਏ ਅਧਿਕਾਰ ਵਾਪਸ ਕਰਨ ਮਜਬੂਰ ਕਰ ਸਕਦੀਆਂ ਹਨ। ਨਾਵਲ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਕਿਸੇ ਔਰਤ ਅੰਦਰ ਪੈਦਾ ਹੋਇਆ ਆਪਣੇ ਮੁੜ ਕੇ ਆਉਣ ਦਾ ਯਕੀਨ ਹੀ ਉਸ ਨੂੰ ਆਪਣੇ ਹੱਕਾਂ ਅਤੇ ਹਿੱਤਾ ਦੇ ਵਿਰੁੱਧ ਭੁਗਤਦੀਆਂ ਸਮਾਜਿਕ ਕੀਮਤਾ ਨੂੰ ਚਨੌਤੀ ਦੇਣ ਦੇ ਸਮਰੱਥ ਬਣਾਉਂਦਾ ਹੈ। ਇਸੇ ਲਈ ਇਹ ਨਾਵਲ ਹਾਰ ਨੂੰ ਕਦੇ ਅੰਤ ਨਾ ਮੰਨਣ ਅਤੇ ਸੰਘਰਸ਼ ਨੂੰ ਆਪਣੀ ਤਾਕਤ ਬਣਾਉਣ ਵਾਲੀਆਂ ਕੁੜੀਆਂ ਨੂੰ ਸਮਰਪਿਤ ਕੀਤਾ ਗਿਆ ਹੈ।

ਨਾਇਕਾ ਪ੍ਰਧਾਨ ਇਸ ਨਾਵਲ ਦੀ ਨਾਇਕਾ ਰਾਜਵੰਤ ਕੌਰ ਉਰਫ਼ ਰਾਜੀ ਹੈ। ਭਾਵੇਂ ਉਸਦੀਆਂ ਹੋਰ ਚਾਰ ਸਹੇਲੀਆਂ ਕੁਲਬੀਰ, ਜਸਵੀਰ, ਮੰਨਤ ਅਤੇ ਸਾਖਸ਼ੀ ਸ਼ੁਰੂ ਵਿਚ ਉਸ ਅੰਦਲੇ ਨਾਇਕਤੱਵ ਨੂੰ ਉਭਾਰਨ ਵਿਚ ਮੱਦਦਗਾਰ ਬਣਦੀਆਂ ਹਨ ਪਰ ਉਹ ਸੰਘਰਸ਼ ਦੇ ਅਗਲੇ ਪੜਾਅ ਆਪਣੀ ਇੱਛਾ ਸ਼ਕਤੀ ਰਾਹੀਂ ਹੀ ਪਾਰ ਕਰਦੀ ਹੈ। ਅਗਾਂਹਵਧੂ ਸਾਹਿਤ ਦੀ ਪਾਠਕ ਹੋਣ ਕਾਰਨ ਉਸਦਾ ਦਿਲ ਤੇ ਦਿਮਾਗ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਔਰਤ ਨੂੰ ਆਪਣੇ ਜੀਵਨ ਦੇ ਕੁਝ ਫੈਸਲੇ ਆਪ ਵੀ ਲੈਣੇ ਚਾਹੀਦੇ ਹਨ। ਉਹ ਤੇ ਉਸਦੀਆਂ ਸਹੇਲੀਆਂ ਵਆਹ ਸੰਸਥਾ ਵਿਚ ਕੁਝ ਅਜਿਹੇ ਬਦਲਾਓ ਲਿਆਉਣ ਦੀ ਇੱਛਾ ਰੱਖਦੀਆਂ ਹਨ, ਜਿਹੜੇ ਇਸ ਸੰਸਥਾਂ ਵਿਚ ਔਰਤ ਨੂੰ ਵੀ ਮਰਦ ਦੇ ਬਰਾਬਰ ਦੇ ਅਧਿਕਾਰ ਦੇਣ ਦੇ ਸਮਰੱਥ ਹੋਣ। ਨਾਵਲ ਅਨੁਸਾਰ ਭਾਵੇਂ ਮਾਪੇ ਆਪਣੇ ਵੱਲੋਂ ਆਪਣੀ ਧੀ ਲਈ ਚੰਗਾ ਵਰ ਤੇ ਘਰ ਹੀ ਤਲਾਸ਼ ਕਰਦੇ ਹਨ, ਫਿਰ ਵੀ ਔਰਤ ਨੂੰ ਪੈਰ ਦੀ ਜੁੱਤੀ ਸਮਝਣ ਦੀ ਸੰਸਕਾਰਗਤ ਰੂੜੀ ਕਾਰਨ ਬਹੁਤ ਸਾਰੀਆਂ ਧੀਆਂ ਨੂੰ ਸਾਰੀ ਉਮਰ ਮਾਨਸਿਕ ਸੰਤਾਪ ਭੋਗਣਾ ਪੈਂਦਾ ਹੈ। ਰਾਜੀ ਦਾ ਵਿਚਾਰ ਹੈ ਕਿ ਜੇ ਕੁੜੀਆਂ ਪੜ੍ਹ ਲਿਖ ਕੇ ਰੁਜ਼ਗਾਰਸ਼ੁਦਾ ਬਣ ਜਾਣ ਤਾਂ ਉਨ੍ਹਾਂ ਦੇ ਹੱਕ ਕੋਈ ਨਹੀਂ ਖੋਹ ਸਕਦਾ।

ਨਿਰੰਜਣ ਬੋਹਾ, ਮਾਨਸਾ
ਮੁਬਾਇਲ -89682-82700

ਇਹ ਪੰਜੇ ਸਹੇਲੀਆਂ ਵੱਲੋਂ ਔਰਤ ਨਾਲ ਹੋਣ ਵਾਲੇ ਸਮਾਜਿਕ ਵਿਤਕਰੇ ਦਾ ਵਿਰੋਧ ਕਰਨ ਦੀ ਸ਼ੁਰੂਆਤ ਉਦੋਂ ਹੁੰਦੀ ਹੈ ਜਦੋਂ ਰਾਜੀ ਦੀ ਭੈਣ ਕੁਲਵੰਤ ਦਾ ਰਿਸ਼ਤਾ ਇਕ ਅਮੀਰ ਪਰਿਵਾਰ ਦੇ ਮੁੰਡੇ ਜਗਬੀਰ ਨਾਲ ਤੈਅ ਹੋ ਜਾਂਦਾ ਹੈ। ਭਾਵੇਂ ਜਗਬੀਰ ਤੇ ਉਸਦੇ ਮਾਪੇ ਲਾਲਚੀ ਕਿਸਮ ਦੇ ਲੋਕ ਹੀਂ ਹਨ ਪਰ ਵਿਚੋਲਾ ਵਿਆਹ ਮੰਡੀ ਵਿਚ ਆਪਣਾ ਮੁੱਲ ਵਧਾਉਣ ਲਈ ਆਪਣੇ ਵੱਲੋਂ ਹੀ ਕੁੜੀ ਵਾਲਿਆਂ ਦੇ ਘਰ ਸੁਨੇਹਾ ਪਹੁੰਚਾ ਦਿੰਦੀ ਹੈ ਕਿ ਮੁੰਡੇ ਦੀ ਮਾਂ ਦਾਜ ਵਿਚ ਕੋਈ ਮਹਿੰਗੀ ਕਾਰ ਲੈਣ ਦੀ ਇੱਛਾ ਰੱਖਦੀ ਹੈ। ਭਾਵੇਂ ਰਾਜੀ ਦੇ ਮਾਪੇ ਦਾਜ ਵਿੱਚ ਕਾਰ ਦੇਣ ਦੀ ਹੈਸੀਅਤ ਤਾਂ ਨਹੀਂ ਰੱਖਦੇ ਪਰ ਧੀ ਦਾ ਰਿਸ਼ਤਾ ਟੁੱਟਣ ਦੇ ਡਰ ਕਾਰਨ ਉਹ ਕਰਜ਼ਾ ਚੁੱਕ ਕੇ ਵੀ ਮੁੰਡੇ ਵਾਲਿਆਂ ਦੀ ਮੰਗ ਪੂਰੀ ਕਰਨ ਲਈ ਤਿਆਰ ਹੋ ਜਾਂਦੇ ਹਨ। ਰਾਜਵੰਤ ਇਹ ਸਮੱਸਿਆ ਆਪਣੀਆਂ ਸਹੇਲੀਆਂ ਨਾਲ ਸਾਂਝੀ ਕਰਦੀ ਹੈ ਤਾਂ ਪੰਜੇ ਜਣੀਆਂ ਆਪਣੇ ਮਾਪਿਆਂ ਤੋਂ ਚੋਰੀ ਕੁਲਵੰਤ ਦੇ ਹੋਣ ਵਾਲੇ ਪਤੀ ਨੂੰ ਇਸ ਮੰਤਵ ਨਾਲ ਮਿਲਦੀਆਂ ਹਨ ਕਿ ਉਸ ਨਾਲ ਗੱਲ ਕਰਕੇ ਇਸ ਸਮੱਸਿਆ ਦਾ ਕੋਈ ਤਰਕਸੰਗਤ ਹੱਲ ਲੱਭਿਆ ਜਾ ਸਕੇ। ਜਗਬੀਰ ਖੁਦ ਅਗਾਂਹਵੱਧੂ ਨੌਜਵਾਨ ਹੈ, ਇਸ ਲਈ ਉਹ ਆਪਣੀਆਂ ਸਾਲੀਆਂ ਨੂੰ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਦਾਜ ਦਹੇਜ ਦੇ ਹੱਕ ਵਿਚ ਨਹੀਂ ਹੈ ਤੇ ਇਸ ਸਮੱਸਿਆਂ ਹੱਲ ਵੀ ਉਹ ਆਪ ਹੀ ਤਲਾਸ਼ ਕਰੇਗਾ । ਉਹ ਅੱਗੇ ਲਈ ਨਾਰੀ ਹੱਕਾਂ ਲਈ ਲੜੀ ਜਾਣ ਵਾਲੀ ਵਾਲੀ ਵਿੱਚ ਉਨ੍ਹਾਂ ਦਾ ਸਾਥ ਦੇਣ ਦੀ ਹਾਮੀ ਵੀ ਭਰਦਾ ਹੈ।

ਭੈਣ ਦੇ ਵਿਆਹ ਵਿਚ ਆਈ ਰੁਕਾਵਟ ਨੂੰ ਦੂਰ ਕਰਕੇ ਰਾਜਵੰਤ ਦਾ ਹੌਸਲਾ ਵੱਧ ਜਾਂਦਾ ਹੈ ਤਾਂ ਉਹ ਮਨ ਬਣਾ ਲੈਂਦੀ ਹੈ ਕਿ ਉਹ ਆਪ ਪੜ੍ਹ ਲਿਖ ਕੇ ਆਪਣੀ ਸਮਾਜਿਕ ਹੋਂਦ ਨੂੰ ਸਥਾਪਿਤ ਕਰੇਗੀ ਤੇ ਆਪਣੇ ਜੀਵਨ ਸਾਥੀ ਦੀ ਚੋਣ ਵੀ ਆਪ ਹੀ ਕਰੇਗੀ। ਉਸਦੀਆਂ ਚਾਰੇ ਸਹੇਲੀਆਂ ਦੇ ਮਾਪੇ ਉਨ੍ਹਾਂ ਨੂੰ ਅੱਗੇ ਪੜ੍ਹਾਉਣ ਦੀ ਬਜਾਏ ਉਨ੍ਹਾਂ ਦੇ ਵਿਆਹ ਛੇਤੀ ਕਰਨ ਵਿਚ ਆਪਣੀ ਤੇ ਉਨ੍ਹਾਂ ਦੀ ਭਲਾਈ ਵੇਖਦੇ ਹਨ । ਉਹ ਰਾਜਵੰਤ ਵਾਂਗ ਮਾਨਸਿਕ ਤੌਰ 'ਤੇ ਦ੍ਰਿੜ ਨਹੀਂ ਹਨ ,ਇਸ ਲਈ ਹੋਰ ਪੜ੍ਹਣ ਲਿਖਣ ਦੀ ਇੱਛਾ ਦਾ ਪ੍ਰਗਟਾਵਾ ਕਰਨ ਦੀ ਬਜਾਏ ਉਹ ਆਪਣੇ ਮਾਪਿਆਂ ਦੀ ਇੱਛਾ ਅੱਗੇ ਸਿਰ ਝੁਕਾ ਦਿੰਦੀਆਂ ਹਨ । ਇਸ ਕੰਮਜੋਰ ਮਾਨਸਿਕਤਾ ਦਾ ਖਮਿਆਜ਼ਾ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਮਾਪਿਆਂ ਨੂੰ ਵੀ ਉਸ ਵੇਲੇ ਭੋਗਣਾ ਪੈਂਦਾ ਹੈ, ਜਦੋਂ ਉਹ ਆਪਣੇ ਆਪਣੇ ਸਹੁਰੇ ਘਰ ਵਿਚ ਜ਼ਰ- ਖਰੀਦ ਗੁਲਾਮ ਬਣ ਕੇ ਰਹਿ ਜਾਂਦੀਆਂ ਹਨ। ਚਾਹੇ ਸਕੂਲ ਵਿਚ ਪੜ੍ਹਦੀ ਸਾਖਸ਼ੀ ਦਾ ਰਿਸ਼ਤਾ ਤੈਹ ਹੋਣ 'ਤੇ ਰਾਜੀ ਉਸਦੇ ਮਾਪਿਆਂ ਨੂੰ ਸਮਝਾਉਂਦੀ ਵੀ ਹੈ ਪਰ ਸਾਖਸ਼ੀ ਦੇ ਚੁੱਪ ਰਹਿਣ ਕਾਰਨ ਉਸ ਨੂੰ ਵਿਆਹ ਤੋਂ ਪਹਿਲਾਂ ਬਾਰਵੀਂ ਦੇ ਪੇਪਰ ਦੇਣ ਦੀ ਛੋਟ ਹੀ ਮਿਲਦੀ ਹੈ।

ਰਾਜਵੰਤ ਦੀ ਮਾਨਸਿਕ ਦ੍ਰਿੜਤਾ ਦੀ ਅਸਲ ਪਰਖ ਉਸ ਵੇਲੇ ਹੁੰਦੀ ਹੈ ਜਦੋਂ ਉਸਦੇ ਮਾਪੇ ਵਿਚੋਲੇ 'ਤੇ ਵਿਸ਼ਵਾਸ ਕਰਕੇ ਉਸਦਾ ਵਿਆਹ ਇਕ ਅਮੀਰ ਸਮਝੇ ਜਾਂਦੇ ਮੁੰਡੇ ਨਾਲ ਕਰਨ ਲਈ ਕਾਹਲੇ ਪੈ ਜਾਂਦੇ ਹਨ। ਉਹ ਨਾ ਤਾਂ ਆਪਣੇ ਮਾਪਿਆਂ ਦਾ ਮਾਣ ਤੋੜਣਾ ਚਾਹੁੰਦੀ ਤੇ ਨਾ ਹੀ ਵਕੀਲ ਬਣ ਕੇ ਔਰਤ ਦਾ ਹਿੱਤਾਂ ਲਈ ਲੜਣ ਸਬੰਧੀ ਆਪਣੇ ਲਈ ਨਿਸਚਿਤ ਕੀਤੇ ਟੀਚੇ ਤੋਂ ਪਿੱਛੇ ਹੱਟਣਾ ਚਾਹੁੰਦੀ ਹੈ। ਇਸ ਮੌਕੇ 'ਤੇ ਉਸਦਾ ਜੀਜਾ ਜਗਬੀਰ ਉਸ ਨਾਲ ਕੀਤਾ ਵਾਅਦਾ ਪੁਗਾਉਣ ਲਈ ਉਸਦਾ ਸਾਥ ਦਿੰਦਿਆਂ ਆਪਣੇ ਸਹੁਰੇ ਨੂੰ ਪ੍ਰੇਰਿਤ ਕਰ ਲੈਂਦਾ ਹੈ ਕਿ ਵਿਚੋਲੇ ਤੇ ਵਿਸ਼ਵਾਸ ਕਰਨ ਦੀ ਬਜਾਏ ਮੁੰਡੇ ਤੇ ਉਸਦੇ ਘਰ ਬਾਰ ਬਾਰੇ ਆਪਣੇ ਪੱਧਰ 'ਤੇ ਵੀ ਜਾਣਕਾਰੀ ਲਈ ਜਾਵੇ ਤੇ ਰਾਜਵੰਤ ਦੇ ਵਿਆਹ ਕੁਝ ਅੱਗੇ ਪਾ ਦਿੱਤਾ ਜਾਵੇ। ਇਸ ਸਮੇਂ ਦੌਰਾਨ ਹੀ ਅਮੀਰ ਘਰ ਦਾ ਨਸ਼ੇੜੀ ਤੇ ਐਬੀ ਕਾਕਾ ਸ਼ਰਾਬੀ ਹਾਲਤ ਵਿਚ ਬੱਸ ਵਿਚ ਬੈਠੀ ਰਾਜੀ ਦਾ ਗੁੱਟ ਫੜ੍ਹ ਕੇ ਆਪ ਹੀ ਅਜਿਹਾ ਹਾਲਤ ਪੈਦਾ ਕਰ ਦਿੰਦਾ ਹੈ ਰਾਜਵੰਤ ਦਾ ਪਿਉ ਕਿਸੇ ਵਿਗੜੇ ਕਾਕੇ ਨਾਲ ਆਪਣੀ ਧੀ ਦਾ ਰਿਸ਼ਤਾ ਕਰਨ ਤੋਂ ਆਪ ਹੀ ਇੰਨਕਾਰ ਕਰ ਦੇਵੇ। ਨਾਵਲ ਵਿਚ ਇਹ ਘਟਨਾਕ੍ਰਮ ਵਾਪਰਣ 'ਤੇ ਰਾਜੀ ਦੇ ਮਾਪਿਆਂ ਨੂੰ ਇਹ ਅਹਿਸਾਸ ਵੀ ਹੁੰਦਾ ਹੈ ਕਿ ਧੀ ਲਈ ਤਲਾਸ਼ੇ ਵਰ ਦੀ ਯੋਗਤਾ ਸਿਰਫ਼ ਉਸਦੇ ਨਾਂ ਬੋਲਦੀ ਜ਼ਮੀਨ ਹੀ ਨਹੀਂ ਹੁੰਦੀ।

ਨਾਵਲ ਇਹ ਵੀ ਸਾਬਤ ਕਰਦਾ ਹੈ ਕਿ ਸਾਰੇ ਮਰਦ ਔਰਤ ਦੇ ਮਨੁੱਖੀ ਹੱਕ ਖੋਹਣ ਵਾਲੇ ਨਹੀਂ ਹੁੰਦੇ ਸਗੋਂ ਜਗਬੀਰ ਵਰਗੇ ਕੁਝ ਅਗਾਂਹਵੱਧੂ ਨੌਜਵਾਨ ਇਨ੍ਹਾਂ ਅਧਿਕਾਂਰਾ ਦੀ ਲੜਾਈ ਵਿਚ ਉਨ੍ਹਾਂ ਦਾ ਸਾਥ ਦੇਣ ਵਾਲੇ ਵੀ ਹੁੰਦੇ ਹਨ। ਆਪਣੇ ਨਿਸਚਿਤ ਟੀਚੇ ਅਨੁਸਾਰ ਵਕੀਲ ਬਣੀ ਰਾਜੀ ਆਪਣੇ ਜੀਵਨ ਸਾਥੀ ਵਜੋਂ ਜਸਪ੍ਰੀਤ ਸਿੰਘ ਆਈ.ਪੀ.ਐਸ ਦੀ ਚੋਣ ਵੀ ਉਸ ਦੇ ਅਗਾਹਵੱਧੂ ਵਿਚਾਰਾਂ ਕਾਰਨ ਹੀ ਕਰਦੀ ਹੈ। ਜਸਪ੍ਰੀਤ ਸਿਰਫ ਉਸਨੂੰ ਹੀ ਘਰ ਵਿੱਚ ਬਰਾਬਰੀ ਦੇ ਅਧਿਕਾਰ ਨਹੀਂ ਦਿੰਦਾ ਸਗੋਂ ਉਸਦੀਆਂ ਸਹੇਲੀਆਂ ਦੀ ਲੀਹ ਤੋਂ ਲੱਥੀ ਗ੍ਰਹਿਸਥੀ ਗੱਡੀ ਨੂੰ ਵੀ ਮੁੜ ਲੀਹ 'ਤੇ ਪਾਉਣ ਵਿੱਚ ਉਨ੍ਹਾਂ ਦੀ ਮੱਦਦ ਕਰਦਾ ਹੈ। ਰਾਜੀ ਆਪਣੀ ਇੱਛਤ ਮੰਜ਼ਲ 'ਤੇ ਪਹੁੰਚ ਸਕੇਗੀ ਜਾਂ ਨਹੀਂ, ਇਹ ਜਾਨਣ ਦੀ ਉਤਸੁਕਤਾ ਨਾਵਲ ਪਾਠ ਦੀ ਦਿਲਚਸਪੀ ਨੂੰ ਲਗਾਤਾਰ ਬਣਾਈ ਰੱਖਦੀ ਹੈ। ਔਰਤ ਨੂੰ ਆਪਣੇ ਮਕਸਦ ਵਿਚ ਕਾਮਯਾਬ ਹੋਇਆ ਵੇਖਣ ਲਈ ਨਾਵਲ ਦਾ ਅੰਤ ਭਾਵੇਂ ਕੁਝ ਨਾਟਕੀ ਜਿਹਾ ਬਣ ਗਿਆ ਹੈ ਪਰ ਨਾਵਲ ਵਿਚਲਾ ਕਹਾਣੀ ਰਸ ਇਸ ਗੱਲ ਨੂੰ ਵਧੇਰੇ ਅੱਖਰਣ ਨਹੀਂ ਦਿੰਦਾ। ਗਲਪ ਦੇ ਖੇਤਰ ਵਿਚ ਲੇਖਕ ਦੇ ਹੋਰ ਚੰਗੇਰੇ ਭਵਿੱਖ ਦੀ ਨਿਸ਼ਾਨਦੇਹੀ ਕਰਨ ਵਾਲੇ ਇਸ ਨਾਵਲ ਨੂੰ ਜੀ ਆਇਆਂ ਆਖਦਾ ਹਾਂ।

# ਕੈਂਸਰ ਪੀੜਤਾਂ ਪ੍ਰਤੀ ਸਾਡੇ ਸਮਾਜ ਦਾ ਰਵੱਈਆ

ਰੋਗ ਤਾਂ ਕੋਈ ਵੀ ਹੋਵੇ ਮਾੜਾ ਹੀ ਹੁੰਦਾ ਹੈ ਪਰ ਜੇ ਕਿਸੇ ਵੀ ਰੋਗੀ ਨੂੰ ਦਿਲਾਸਾ ਦੇ ਕੇ ਉਸ ਨਾਲ ਹਮਦਰਦੀ ਦੇ ਨਾਲ ਨਾਲ ਉਸਾਰੂ ਵਿਚਾਰਾਂ ਦੀ ਚਰਚਾ ਕੀਤੀ ਜਾਵੇ ਤਾਂ ਉਸ ਦਾ ਦੁੱਖ ਘਟ ਕੇ ਅੱਧਾ ਰਹਿ ਜਾਂਦਾ ਹੈ ਪਰ ਜੇ ਕੋਈ ਉਸ ਦੇ ਰੋਗ ਨਾਲ ਸਬੰਧਤ ਦਿਲ ਢਾਹੁਣ ਵਾਲੀ ਚਰਚਾ ਕਰਕੇ ਚਲਿਆ ਜਾਵੇ ਤਾਂ ਰੋਗੀ ਦਾ ਰੋਗ ਦੁੱਗਣਾ ਹੋ ਜਾਂਦਾ ਹੈ ਕਿਉਂਕਿ ਉਸ ਦੇ ਮਨ ਵਿੱਚ ਹਮਦਰਦੀ ਜਤਾਉਣ ਆਏ ਲੋਕਾਂ ਦੇ ਵਿਚਾਰ ਬਹੁਤ ਦੇਰ ਤੱਕ ਘੁੰਮਦੇ ਰਹਿੰਦੇ ਹਨ ਤੇ ਉਹ ਚਰਚਾ ਕੀਤੀਆਂ ਗਈਆਂ ਘਟਨਾਵਾਂ ਨੂੰ ਆਪਣੇ ਨਾਲ ਜੋੜ ਕੇ ਸੋਚਦਾ ਰਹਿੰਦਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਮੈਂ ਵੀ ਕੁੱਝ ਇਸੇ ਤਰ੍ਹਾਂ ਦੀਆਂ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਰਹੀ ਹਾਂ। ਦਰ ਅਸਲ ਪਹਿਲਾਂ ਕਦੇ ਕਦਾਈਂ ਸਾਲ ਦੋ ਸਾਲ ਬਾਅਦ ਬੁਖ਼ਾਰ ਹੋ ਜਾਣਾ ਤਾਂ ਥੋੜ੍ਹੀ ਬਹੁਤ ਦਵਾਈ ਖਾ ਕੇ ਅਰਾਮ ਆ ਜਾਂਦਾ ਸੀ ,ਪਰ ਇਸੇ ਸਾਲ ਦੇ ਮਾਰਚ ਮਹੀਨੇ ਦੇ ਅਖੀਰਲੇ ਹਫ਼ਤੇ ਵਿੱਚ ਅਜਿਹਾ ਬੁਖ਼ਾਰ ਚੜ੍ਹਿਆ ਕਿ ਦੋ ਮਹੀਨੇ ਤੱਕ ਅਨੇਕਾਂ ਟੈਸਟ ਕਰਵਾਕੇ ਵੀ ਦੋ ਤਿੰਨ ਡਾਕਟਰਾਂ ਦੇ ਹੱਥ ਪੱਲੇ ਕੁਝ ਨਾ ਪਿਆ ਤਾਂ ਆਖ਼ਰ ਪਤੀ ਵੱਲੋਂ ਨਾਮੀ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਗਿਆ। ਉੱਥੇ ਵੀ ਦਸ ਦਿਨ ਤੱਕ ਮਾਹਿਰ ਡਾਕਟਰ ਵੱਲੋਂ ਕਾਫ਼ੀ ਜੱਦੋਜਹਿਦ ਕੀਤੀ ਗਈ, ਫਿਰ ਉਹਨਾਂ ਵੱਲੋਂ ਲੰਮੇ ਸਮੇਂ ਦਾ ਬੁਖਾਰ ਹੋਣ ਤੇ ਕੁਝ ਸ਼ੱਕ ਪਿਆ ਤਾਂ ਮੇਰੇ ਵੱਡੇ ਤੋਂ ਵੱਡੇ ਟੈਸਟ ਕੀਤੇ ਗਏ ਜਿਸ ਵਿੱਚ ਉਹਨਾਂ ਨੂੰ ਮੇਰੇ ਅੰਦਰ ਕੈਂਸਰ ਹੋਣ ਦੇ ਸੰਕੇਤ ਮਿਲੇ। ਬਾਇਓਪਸੀ ਤੋਂ ਬਾਅਦ ਸਾਫ਼ ਹੋ ਗਿਆ ਕਿ ਮੈਂ ਲਾਇੰਫੋਮਾ ਨਾਂ ਦੀ ਬੀਮਾਰੀ ਦੀ ਦੂਜੀ ਸਟੇਜ ਨਾਲ਼ ਪੀੜਤ ਹਾਂ ਜੋ ਇੱਕ ਤਰ੍ਹਾਂ ਦਾ ਕੈਂਸਰ ਹੀ ਹੁੰਦਾ ਹੈ ਪਰ ਉਹ ਪੂਰੀ ਤਰ੍ਹਾਂ ਇਲਾਜ ਵਰਧਕ ਹੁੰਦਾ ਹੈ। ਫੇਰ ਮੇਰਾ ਕੇਸ ਮੈਡੀਸਿਨ ਤੋਂ ਔਨਕੌਲੋਜੀ ਵੱਲ ਸ਼ਿਫਟ ਹੋ ਗਿਆ।ਘਰ ਦੇ ਚਾਹੇ ਮੇਰੇ ਤੋਂ ਕਈ ਗੱਲਾਂ ਛੁਪਾ ਰਹੇ ਸਨ ਪਰ ਮੈਨੂੰ ਸਭ ਕੁਝ ਸਮਝ ਆ ਰਿਹਾ ਸੀ।ਹਰ ਇੱਕ ਪਲ ਮੇਰੇ ਲਈ ਅਸਹਿ ਸੀ। ਮੇਰਾ ਬੇਟਾ ਬਹੂ ਅਮਰੀਕਾ ਤੋਂ ਮੈਨੂੰ ਰੋਜ਼ ਫੋਨ ਕਰਕੇ ਬਹੁਤ ਹੌਸਲਾ ਤੇ ਦਿਲਾਸਾ ਦੇ ਰਹੇ ਸਨ ਜੋ ਮੇਰੇ ਲਈ ਕਿਸੇ ਟੌਨਿਕ ਤੋਂ ਘੱਟ ਨਹੀਂ ਸੀ।

ਮੈਂ ਕੀਮੋਥੈਰੇਪੀ ਤੋਂ ਬਹੁਤ ਡਰਦੀ ਸੀ ਕਿਉਂਕਿ ਸੁਣਿਆ ਹੋਇਆ ਸੀ ਕਿ ਇਹ ਇਲਾਜ ਬਹੁਤ ਦੁਖਦਾਇਕ ਹੁੰਦਾ ਹੈ,ਇਸ ਨਾਲ ਸਿਰ ਦੇ ਸਾਰੇ ਵਾਲ ਉਤਰ ਜਾਂਦੇ ਹਨ ਤੇ ਸਰੀਰ ਵਿੱਚ ਹੋਰ ਕਈ ਤਰ੍ਹਾਂ ਦੀਆਂ ਤਬਦੀਲੀਆਂ ਆਉਂਦੀਆਂ ਹਨ। ਹਰੇਕ ਔਰਤ ਲਈ ਉਸ ਦੇ ਵਾਲ਼ ਸਭ ਤੋਂ ਪਿਆਰੀ ਚੀਜ਼ ਹੁੰਦੀ ਹੈ ਕਿਉਂਕਿ ਉਹਨਾਂ ਨਾਲ਼ ਹੀ ਔਰਤ ਦੀ ਸੁੰਦਰਤਾ ਨੂੰ ਚਾਰ ਚੰਨ ਲੱਗਦੇ ਹਨ।ਜਿਸ ਦਿਨ ਔਨਕੌਲੋਜੀ ਡਾਕਟਰ ਕੋਲੋਂ ਇਲਾਜ ਸ਼ੁਰੂ ਹੋਣਾ ਸੀ, ਡਾਕਟਰ ਦੇ ਸਾਹਮਣੇ ਬੈਠੀ ਮੈਂ ਸਿਰਫ਼ ਪਰਮਾਤਮਾ ਦਾ ਲੜ ਫੜੀ ਬੈਠੀ ਸੀ, ਡਾਕਟਰ ਨੇ ਜਦ ਕਿਹਾ ਕਿ ਤੁਹਾਨੂੰ ਬਾਰਾਂ ਕੀਮੋ ਇੰਜੈਕਸ਼ਨ ਲੱਗਣਗੇ, ਛੇਤੀ ਤੋਂ ਛੇਤੀ ਇਲਾਜ ਸ਼ੁਰੂ ਕਰੋ। ਪਰਮਾਤਮਾ ਦਾ ਲੜ ਛੁੱਟ ਕੇ ਦਿਮਾਗ਼ ਵਿੱਚ ਕੀਮੋ,ਕੀਮੋ ਗੂੰਜਣ ਲੱਗੀ ,ਬਾਹਰ ਨਿਕਲ਼ੇ ਤਾਂ ਮੇਰੇ ਪਤੀ ਆਖਣ ਲੱਗੇ,÷ਲੈ..... ਤੂੰ ਤਾਂ ਐਵੇਂ ਘਬਰਾਈ ਜਾਂਦੀ ਸੀ..... ਸਿਰਫ਼ ਬਾਰਾਂ ਇੰਜੈਕਸ਼ਨ ਲੱਗਣੇ ਨੇ....!÷ ਮੈਂ ਨਾਲ਼ ਤੁਰੀ ਜਾਂਦੀ ਅੱਖਾਂ ਵਿੱਚੋਂ ਪਾਣੀ ਦੀਆਂ ਧਾਰਾਂ ਵਹਿਣ ਤੋਂ ਰੋਕ ਰਹੀ ਸੀ ਤੇ ਗਲੇਡੂ ਭਰੇ ਹੋਣ ਕਾਰਨ ਕੁਝ ਬੋਲਿਆ ਵੀ ਨਹੀਂ ਜਾ ਰਿਹਾ ਸੀ। ਮੈਂ ਕਾਰ ਵਿੱਚ ਬੈਠ ਕੇ ਫੁੱਟ ਫੁੱਟ ਕੇ ਰੋਈ ਤਾਂ ਮੇਰੇ ਪਤੀ ਨੇ ਫ਼ਿਰ ਮੈਨੂੰ ਕਿਹਾ,÷ ਤੂੰ ਸੋਚ..... ਆਪਾਂ ਕਿੰਨੇ ਲੱਕੀ ਹਾਂ..... ਜਿਹਨਾਂ ਨੂੰ ਸਮੇਂ ਤੇ ਪਤਾ ਲੱਗ ਗਿਆ.... ਜੇ ਬੁਖਾਰ ਠੀਕ ਕਰਕੇ ਹੀ ਛੁੱਟੀ ਕਰ ਦਿੰਦੇ.... ?÷ ਮੈਂ ਕਿਹਾ,÷ ਨਹੀਂ.... ਮੈਂ ਡਰ ਕੇ ਨਹੀਂ ਰੋ ਰਹੀ.... ਮੈਂ ਆਪਣੇ ਆਪ ਦੇ ਅੰਦਰੋਂ ਗੁਬਾਰ ਬਾਹਰ ਕੱਢ ਕੇ...... ਜ਼ਿੰਦਗੀ ਦੀ ਅਗਲੀ ਜੰਗ ਲੜਨ ਲਈ ਤਿਆਰ ਹੋ ਰਹੀ ਹਾਂ....।÷

ਬਰਜਿੰਦਰ ਕੌਰ ਬਿਸਰਾਓ...
9988901324

ਕੀਮੋਥੈਰੇਪੀ ਸ਼ੁਰੂ ਹੋ ਗਈ, ਸਿਹਤ ਕੁਝ ਵੀ ਕਰਨ ਨੂੰ ਇਜਾਜ਼ਤ ਨਹੀਂ ਦੇ ਰਹੀ ਸੀ। ਇੱਕ ਲੇਖਕ ਲਈ ਲਿਖਣਾ ਛੁੱਟ ਜਾਵੇ,ਇਸ ਤੋਂ ਦੁਖਦਾਈ ਗੱਲ ਕੀ ਹੋ ਸਕਦੀ ਹੈ...? ਇਸ ਦਾ ਅੰਦਾਜ਼ਾ ਹੋਰ ਕੋਈ ਨਹੀਂ ਲਗਾ ਸਕਦਾ। ਇੱਕ ਦੋ ਰੇਡੀਓ ਸਟੇਸ਼ਨਾਂ ਤੋਂ,ਟੀ ਵੀ ਤੋਂ ਟਾਕ ਸ਼ੋਜ਼ ਲਈ ਕਾਲਾਂ ਆਈਆਂ,ਕਈ ਸਮਾਚਾਰ ਪੱਤਰ ਤੋਂ ਆਰਟੀਕਲ ਨਾ ਭੇਜਣ ਦੇ ਕਾਰਨ ਲਈ ਕਾਲਾਂ ਆਈਆਂ,ਉਹਨਾਂ ਸਭ ਨੂੰ ਅਸਮਰਥ ਹੋਣ ਦਾ ਅਸਲੀ ਕਾਰਨ ਦੱਸਿਆ। ਹੁਣ ਮੇਰੇ ਕੈਂਸਰ ਪੀੜਤ ਹੋਣ ਦੀ ਗੱਲ ਕੁਝ ਦਿਨ ਛੁਪਾ ਕੇ ਰੱਖੀ ਸਭ ਨੂੰ ਬੁਖ਼ਾਰ ਵਾਲੀ ਕਹਾਣੀ ਹੀ ਪਤਾ ਸੀ ਪਰ ਕੁਝ ਸਮੇਂ ਬਾਅਦ ਇੱਕ ਰਿਸ਼ਤੇਦਾਰ ਤੋਂ ਗੱਲ ਇੱਕ ਦੋ ਦਿਨਾਂ ਵਿੱਚ ਹੀ ਜੰਗਲ ਦੀ ਅੱਗ ਵਾਂਗ ਫੈਲ ਗਈ। ਰਿਸ਼ਤੇਦਾਰਾਂ ਦੇ ਫੋਨ ਆਉਣ ਲੱਗੇ। ਮੇਰੀਆਂ ਦੋ ਸਹੇਲੀਆਂ ਨੂੰ ਮੈਂ ਆਪ ਹੀ ਦੱਸ ਦਿੱਤਾ ਸੀ। ਉਹਨਾਂ ਨੇ ਮੈਨੂੰ ਬਹੁਤ ਹੌਸਲਾ ਦੇਣਾ ਵਧੀਆ ਵਧੀਆ ਗੱਲਾਂ ਕਰਕੇ ਦੱਸਣਾ ਕਿ ਮੈਡਮ ਤੁਸੀਂ ਬਹੁਤ ਹੌਸਲੇ ਵਾਲੇ ਹੋ,ਤੁਹਾਡੇ ਲਈ ਕੋਈ ਖਾਸ ਗੱਲ ਨਹੀਂ, ਸਭ ਠੀਕ ਹੋ ਜਾਣਾ। ਉਸਨੇ ਮੈਨੂੰ ਚੰਗੀ ਖੁਰਾਕ ਖਾਣ ਲਈ ਨਸੀਹਤ ਦਿੰਦੇ ਰਹਿਣਾ।

ਮੈਨੂੰ ਮੇਰੇ ਰਿਸ਼ਤੇਦਾਰ ਔਰਤ ਦਾ ਫ਼ੋਨ ਆਇਆ,÷ਹੈਲੋ .....ਕੀ ਹੋਇਆ....ਲੈ ਮੈਨੂੰ ਤਾਂ ਕੱਲ੍ਹ ਹੀ ਪਤਾ ਲੱਗਿਆ..... ਫ਼ਲਾਣੇ (ਕਿਸੇ ਦਾ ਨਾਂ ਲੈ ਕੇ) ਨੇ ਦੱਸਿਆ ਕਿ ਤੈਨੂੰ ਤਾਂ ਉਹ ਬੀਮਾਰੀ ਹੋ ਗਈ ਹੈ ਜੀਹਦਾ ਨਾਂ ਵੀ ਨੀ ਲਈਦਾ...... ਆਪਣੀ ਫਲਾਣੀ (ਨਾਂ)ਦੀ ਮਾਂ ਸੀ,ਜਵਾਨ ਪਈ ਸੀ.....ਇਸੇ ਬਿਮਾਰੀ ਨਾਲ ਮਰੀ ਸੀ...... ਮੇਰੇ ਭਰਾ ਦਾ ਸਹੁਰਾ ਵੀ ਇਸੇ ਬੀਮਾਰੀ ਨਾਲ਼ ਮਰਿਆ ਸੀ..... ਤੇਰੇ ਸਿਰ ਦੇ ਵਾਲ ਝੜ ਗਏ...? ਉਹਨਾਂ ਦੇ ਤਾਂ ਝੜ ਗਏ ਸੀ.....!÷
÷ਸਤਿ ਸ੍ਰੀ ਆਕਾਲ ਜੀ....!÷ ਕਹਿਕੇ ਮੈਂ ਫੋਨ ਕੱਟ ਦਿੱਤਾ। ਇਸੇ ਤਰ੍ਹਾਂ ਦੇ ਹੋਰ ਕਈ ਜਾਣ ਪਹਿਚਾਣ ਵਾਲਿਆਂ ਦੇ ਫੋਨ ਆਏ। ਪਰ ਮੇਰੇ ਦੂਰ ਦੀ ਰਿਸ਼ਤੇਦਾਰ ਜੇਠਾਣੀ ਦਾ ਫ਼ੋਨ ਆਇਆ,ਉਸ ਨੇ ਮੇਰਾ ਹਾਲ ਚਾਲ ਪੁੱਛਿਆ ਤੇ ਮੈਨੂੰ ਹੌਸਲਾ ਦਿੰਦੇ ਆਖ਼ਣ ਲੱਗੀ,÷ ਅੱਜ ਕੱਲ੍ਹ ਇਸ ਬੀਮਾਰੀ ਦਾ ਇਲਾਜ ਹੋ ਜਾਂਦਾ...... ਅੱਜ ਕੱਲ੍ਹ ਸਾਰੇ ਲੋਕ ਤਕਰੀਬਨ ਠੀਕ ਹੋ ਜਾਂਦੇ ਨੇ...... ਤੂੰ ਵੀ ਘਬਰਾਈਂ ਨਾ.....ਤੇਰਾ ਤਾਂ ਇਲਾਜ ਵੀ ਐਨੇ ਵੱਡੇ ਹਸਪਤਾਲ ਵਿੱਚ ਹੋ ਰਿਹਾ......ਸਭ ਠੀਕ ਹੋ ਜਾਣਾ.....।÷
ਉਸ ਦੇ ਇਹਨਾਂ ਚਾਰ ਹੌਸਲੇ ਭਰੇ ਬੋਲਾਂ ਨੇ ਉਸ ਦੀ ਅਨਪੜ੍ਹਤਾ ਛੁਪਾ ਕੇ ਸਮਝਦਾਰੀ ਦਾ ਸਬੂਤ ਦੇ ਦਿੱਤਾ।

ਮੇਰੀ ਤੀਜੀ ਕੀਮੋਥੈਰੇਪੀ ਤੋਂ ਬਾਅਦ ਬੈਠੀ ਸੋਚ ਰਹੀ ਸੀ ਕਿ ਸਾਡੇ ਸਮਾਜ ਵਿੱਚ ਬਹੁਤੇ ਲੋਕਾਂ ਦੀ ਕੈਂਸਰ ਪੀੜਤਾਂ ਪ੍ਰਤੀ ਸੋਚ ਬਦਲਣ ਦੀ ਵੱਡੀ ਲੋੜ ਹੈ ਕਿਉਂਕਿ ਜਿਸ ਸਮੇਂ ਪੀੜਤ ਕਈ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਵਿੱਚੋਂ ਨਿਕਲ ਰਿਹਾ ਹੁੰਦਾ ਹੈ ਤਾਂ ਇਹੋ ਜਿਹੇ ਪਾਤਰ ਮਜ਼ਬੂਤ ਤੋਂ ਮਜ਼ਬੂਤ ਮਨ ਵਾਲ਼ੇ ਵਿਅਕਤੀ ਦਾ ਹੌਸਲਾ ਢਹਿ ਢੇਰੀ ਕਰਨ ਦੀ ਕੋਈ ਕਸਰ ਨਹੀਂ ਛੱਡਦੇ। ਜਦ ਕਿ ਹਸਪਤਾਲ ਵਿੱਚ ਜਾ ਕੇ ਪਤਾ ਲੱਗਦਾ ਹੈ ਕਿ ਬਾਕੀ ਬੀਮਾਰੀਆਂ ਦੇ ਮੁਕਾਬਲੇ ਔਨਕੌਲੋਜੀ (ਕੈਂਸਰ) ਸਪੈਸ਼ਲਿਸਟ ਅੱਗੇ ਜ਼ਿਆਦਾ ਮਰੀਜ਼ ਬੈਠੇ ਹੁੰਦੇ ਹਨ। ਉਹਨਾਂ ਵਿੱਚੋਂ ਕਈ ਠੀਕ ਹੋਣ ਤੋਂ ਬਾਅਦ ਰੈਗੂਲਰ ਚੈੱਕਅਪ ਲਈ ਆਏ ਹੁੰਦੇ ਹਨ, ਉਹਨਾਂ ਨੂੰ ਵੇਖ ਕੇ ਮੇਰੇ ਵਰਗੇ ਸ਼ੁਰੂਆਤੀ ਇਲਾਜ ਵਾਲਿਆਂ ਨੂੰ ਵੀ ਹੌਸਲਾ ਮਿਲਦਾ ਹੈ। ਸਾਡੇ ਕਿੰਨੇ ਵੱਡੇ ਵੱਡੇ ਫਿਲਮ ਜਗਤ ਦੇ ਸਿਤਾਰੇ, ਕ੍ਰਿਕਟ ਜਗਤ ਦੇ ਸਿਤਾਰੇ ਅਤੇ ਹੋਰ ਕਈ ਸੈਲੀਬ੍ਰਿਟੀਆਂ ਨੇ ਇਸ ਬੀਮਾਰੀ ਰੂਪੀ ਜੰਗ ਉੱਤੇ ਫਤਹਿ ਪਾ ਕੇ ਤੰਦਰੁਸਤ ਹੋਏ ਹਨ,ਉਹ ਬਾਕੀ ਮਰੀਜ਼ਾਂ ਲਈ ਵੀ ਪ੍ਰੇਰਨਾ ਸਰੋਤ ਹਨ।ਜੇ ਤੁਸੀਂ ਹੋਰ ਕੁਝ ਨਹੀਂ ਕਰ ਸਕਦੇ ਤਾਂ ਉਹਨਾਂ ਦੀਆਂ ਉਦਾਹਰਨਾਂ ਦੇ ਕੇ ਮਰੀਜ਼ ਅੰਦਰ ਸਾਕਾਰਾਤਮਕ ਸੋਚ ਪੈਦਾ ਕਰ ਸਕਦੇ ਹੋ ਜੋ ਸ਼ਾਇਦ ਦਵਾਈ ਨਾਲੋਂ ਵੱਧ ਅਸਰ ਕਰੇਗਾ। ਜਿੱਥੇ ਕੈਂਸਰ ਦੇ ਮਰੀਜ਼ਾਂ ਨੂੰ ਸਕਾਰਾਤਮਕ ਸੋਚ ਰੱਖਣ ਲਈ ਪ੍ਰੇਰਿਆ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਸਮਾਜ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿ ਹੁਣ ਇਲਾਜ ਸੰਭਵ ਹੈ ,ਜਿਸ ਤਰ੍ਹਾਂ ਬਾਕੀ ਬੀਮਾਰੀਆਂ ਦੇ ਮਰੀਜ਼ ਤੰਦਰੁਸਤ ਹੋ ਜਾਂਦੇ ਹਨ ਇਸ ਬੀਮਾਰੀ ਦੇ ਇਲਾਜ ਵੀ ਸੰਭਵ ਹਨ। ਇੱਕ ਗੱਲ ਜ਼ਰੂਰ ਹੈ ਕਿ ਇਸ ਬੀਮਾਰੀ ਦੇ ਵਧਦੇ ਹੋਏ ਮਰੀਜ਼ਾਂ ਦੀ ਗਿਣਤੀ ਵੇਖ ਕੇ ਮਨ ਵਿੱਚ ਸੋਚ ਪੈਦਾ ਹੁੰਦੀ ਹੈ ਕਿ ਇਹ ਸਭ ਕੁਝ ਮਨੁੱਖ ਵੱਲੋਂ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਕਾਰਨ ਹੀ ਹੋ ਰਿਹਾ ਹੈ ਜਾਂ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਕਰਨ ਦਾ ਅਸਰ ਹੈ ,ਇਹ ਸੋਚਣ ਦਾ ਵਿਸ਼ਾ ਜ਼ਰੂਰ ਹੈ ,ਨਹੀਂ ਤਾਂ ਸਵੇਰੇ ਪੰਜ ਵਜੇ ਤੋਂ ਉੱਠ ਕੇ ਸੈਰ ਕਰਨ ਵਾਲੇ ,ਯੋਗਾ ਕਰਨ ਵਾਲੇ ਅਤੇ ਮੈਡੀਟੇਸ਼ਨ ਕਰਨ ਵਾਲੇ ਮੇਰੇ ਵਰਗੇ ਵਿਅਕਤੀ ਨੂੰ ਇਹ ਰੋਗ ਹੋ ਸਕਦਾ ਹੈ ਤਾਂ ਹੋਰ ਕਿਵੇਂ ਸੁਰੱਖਿਅਤ ਰਿਹਾ ਜਾਵੇ। ਪਰ ਜੋ ਵੀ ਹੈ ਸਮਾਂ ਰਹਿੰਦੇ ਸਾਡੇ ਸਮਾਜ ਨੂੰ ਇਸ ਰੋਗ ਪ੍ਰਤੀ ਜਾਗਰੂਕਤਾ ਅਤੇ ਪੀੜਤਾਂ ਪ੍ਰਤੀ ਢਹਿੰਦੀ ਕਲਾ ਵਾਲ਼ੀ ਸੋਚ ਬਦਲਣ ਦੀ ਲੋੜ ਹੈ ਕਿਉਂਕਿ ਹੁਣ ਕੈਂਸਰ ਵਿਗਿਆਨ ਦਾ ਨਾਅਰਾ ਹੈ ÷Together we are stronger than cancer".

# ਸਾਨੂੰ ਰੱਖ ਸੁਤੰਤਰ ਦਾਤੇ

**ਜ਼ਾਲਮ ਖੜਾ ਹਵਾ ਖੁੱਲ੍ਹੀ ਵਿਚ, ਆਖੇ: ਪਿੰਜਰਾ ਸੁਹਣਾ।**
**ਵਿੱਚ ਆ ਜਾਵੇ ਫਿਰ ਮੈਂ ਪੁੱਛਾਂ : ਕਿੰਨਾ ਹੈ ਮਨਮੁਹਣਾ ?**
**ਪਰ ਤੋਂ ਹੀਨ ਧਰਾ ਦੇ ਕੈਦੀ, ਓ ਮੂਰਖ ! ਦਿਲ ਕਰੜੇ**
**ਉੱਡਣ ਹਾਰੇ ਪੰਛੀ ਨੂੰ ਇਹ, ਸੋਹਣਾ ਹੈ ਜਿੰਦ ਕੁਹਣਾ।**

ਸੰਤ-ਕਵੀ ਭਾਈ ਵੀਰ ਸਿੰਘ (1872-1957) ਦੀਆਂ ਉਪਰੋਕਤ ਕਾਵਿ-ਸਤਰਾਂ ਆਜ਼ਾਦੀ ਦੇ ਸੰਕਲਪ ਨੂੰ ਬਿਆਨ ਕਰਦੀਆਂ ਹਨ। ਆਜ਼ਾਦੀ ਜਾਂ ਸੁਤੰਤਰਤਾ ਅੰਗਰੇਜ਼ੀ ਦੇ ਸ਼ਬਦ 'ਲਿਬਰਟੀ' ਜਾਂ 'ਇੰਡੀਪੈਂਡੈਂਸ' ਦਾ ਪਰਿਆਏ ਹੈ। ਆਜ਼ਾਦੀ ਦਾ ਅਰਥ ਹੈ- ਕਿਸੇ ਪ੍ਰਕਾਰ ਦੇ ਬੰਧਨ ਤੋਂ ਮੁਕਤੀ ਜਾਂ ਕਿਸੇ ਦੀ ਅਧੀਨਗੀ/ ਗੁਲਾਮੀ ਤੋਂ ਛੁਟਕਾਰਾ। ਇਸੇ ਸੰਦਰਭ ਵਿੱਚ ਚਰਚਿਤ ਰਾਜਨੀਤਕ ਵਿਚਾਰਵਾਨ ਜੀਨ ਜੈਕ ਰੂਸੋ ਦੀ ਇਹ ਪੰਕਤੀ ਵੀ ਧਿਆਨਯੋਗ ਹੈ : ÷ਆਦਮੀ ਪੈਦਾ ਤਾਂ ਸੁਤੰਤਰ ਹੋਇਆ ਹੈ, ਪਰ ਹਰ ਥਾਂ ਉਹ ਬੰਧਨਾਂ ਵਿੱਚ ਜਕੜਿਆ ਹੋਇਆ ਹੈ।÷

ਭਾਰਤੀਆਂ ਨੂੰ 15 ਅਗਸਤ 1947 ਦੇ ਦਿਨ ਅੰਗਰੇਜ਼ਾਂ ਦੀ ਕਰੀਬ ਦੋ ਸੌ ਸਾਲ ਦੀ ਗੁਲਾਮੀ ਤੋਂ ਛੁਟਕਾਰਾ ਮਿਲਿਆ ਸੀ। ਆਜ਼ਾਦੀ ਦੇ ਇਸ ਸੰਘਰਸ਼ 'ਚ ਜਿੱਥੇ ਹੋਰਨਾਂ ਲੋਕਾਂ ਨੇ ਯੋਗਦਾਨ ਪਾਇਆ, ਉੱਥੇ ਸਿੱਖਾਂ ਨੇ ਘੱਟ ਗਿਣਤੀ ਹੋਣ ਦੇ ਬਾਵਜੂਦ ਦੇਸ਼ ਦੀ ਆਜ਼ਾਦੀ ਵਿੱਚ ਸਭ ਤੋਂ ਵੱਧ ਅਤੇ ਮਹੱਤਵਪੂਰਨ ਹਿੱਸਾ ਪਾਇਆ।

ਆਜ਼ਾਦੀ ਤੋਂ ਭਾਵ ਕਿਸੇ ਗ਼ੈਰ ਦੀ ਅਧੀਨਗੀ ਤੋਂ ਸਰੀਰਕ ਮੁਕਤੀ ਹੀ ਨਹੀਂ ਹੈ, ਸਗੋਂ ਇਸ ਵਿੱਚ ਆਰਥਿਕ, ਸੱਭਿਆਚਾਰਕ, ਸਮਾਜਿਕ, ਰਾਜਨੀਤਕ ਅਤੇ ਮਾਨਸਿਕ ਸੁਤੰਤਰਤਾ ਨੂੰ ਵੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਨੇ ਆਪਣੇ ਇੱਕ ਨਾਟਕ ਵਿੱਚ ਆਰਥਿਕ ਆਜ਼ਾਦੀ ਨੂੰ ਰੇਖਾਂਕਿਤ ਕਰਦਿਆਂ ਕਿਹਾ ਹੈ, ÷ਆਰਥਿਕ ਸੁਤੰਤਰਤਾ ਤੋਂ ਬਗੈਰ ਔਰਤ ਦੀ ਆਜ਼ਾਦੀ ਦਾ ਕੋਈ ਅਰਥ ਨਹੀਂ ਹੈ।÷ ਵਿਅਕਤੀ ਸਵੈਮਾਣ, ਸਵੈਵਿਸ਼ਵਾਸ, ਸਵੈਇੱਛਾ ਨਾਲ ਜੀਅ ਸਕੇ, ਆਪਣੇ ਵਿਚਾਰ ਪ੍ਰਗਟ ਕਰ ਸਕੇ, ਸਮਾਜ ਵਿੱਚ ਵਿਚਰ ਸਕੇ- ਇਹ ਵੀ ਆਜ਼ਾਦੀ ਨਾਲ ਜੁੜੇ ਕੁਝ ਹੋਰ ਪ੍ਰਮੁੱਖ ਸੂਤਰ ਹਨ।

ਸਿੱਖ ਗੁਰੂਆਂ ਅਤੇ ਭਗਤਾਂ ਨੇ ਵਿਅਕਤੀ ਨੂੰ ਸਵੈਮਾਣ, ਸਨਮਾਨ ਅਤੇ ਸੁਤੰਤਰਤਾ ਨਾਲ ਜੀਣ ਦੀ ਜਾਚ ਸਿਖਾਈ। ਸਿੱਖ ਧਰਮ ਦੇ ਆਦਿ ਗੁਰੂ ਬਾਬਾ ਨਾਨਕ (1469-1539) ਨੇ ਆਪਣੀ ਇੱਜ਼ਤ ਨੂੰ ਛਿੱਕੇ ਟੰਗ ਕੇ ਜਿਉਣ, ਭਾਵ ਪਰਤੰਤਰ ਹੋ ਕੇ ਰਹਿਣ ਨੂੰ ਹਰਾਮ ਖਾਣ ਦੇ ਤੁੱਲ ਦੱਸਿਆ ਹੈ। ਆਪਣੀ ਬਾਣੀ ਵਿਚ ਉਨ੍ਹਾਂ ਨੇ ਥਾਂ-ਪੁਰ-ਥਾਂ ਇਸ ਬਾਰੇ ਉਲੇਖ ਕੀਤਾ ਹੈ:

**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥** (ਪੰਨਾ 142)

ਗੁਰੂ ਤੇਗ ਬਹਾਦਰ ਜੀ ਵੀ ਇਸੇ ਪ੍ਰਕਾਰ ਦੀ ਆਦਰਸ਼ਕ ਜੀਵਨ-ਜਾਚ ਸਿਖਾਉਂਦੇ ਹੋਏ ਵਿਅਕਤੀ ਨੂੰ ਨਾ ਕਿਸੇ ਨੂੰ ਡਰਾਉਣ ਤੇ ਨਾ ਕਿਸੇ ਤੋਂ ਡਰਨ ਦੀ ਗੱਲ ਕਰਦੇ ਹਨ, ਜਿਸਦਾ ਭਾਵ-ਅਰਥ ਵੀ ਕਿਸੇ ਨਾ ਕਿਸੇ ਤਰ੍ਹਾਂ ਆਜ਼ਾਦੀ ਹੀ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**
(ਪੰਨਾ 1427)

ਗੁਰਬਾਣੀ ਵਿੱਚ ਵਿਅਕਤੀ ਨੂੰ ਸਿਰਫ਼ ਪਰਮਾਤਮਾ ਦੀ ਅਧੀਨਗੀ ਵਿੱਚ ਆਉਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਦੀ ਅਧੀਨਗੀ ਵਿੱਚ। ਇੱਥੋਂ ਤੱਕ ਕਿ ਭਗਤ ਕਬੀਰ ਜੀ ਨੇ ਰਾਜਿਆਂ-ਮਹਾਰਾਜਿਆਂ ਨੂੰ ਵੀ ਦੋ- ਚਾਰ ਦਿਨਾਂ ਦੇ ਪ੍ਰਾਹੁਣੇ (ਏ ਭੂਪਤਿ ਸਭ ਦਿਵਸੁ ਚਾਰਿ ਕੇ ਝੂਠੇ ਕਰਤ ਦਿਵਾਜਾ...) ਕਹਿ ਕੇ ਉਨ੍ਹਾਂ ਦੀ ਛਿਣ-ਭੰਗਰਤਾ ਜਾਂ ਥੁੜ ਚਿਰੀ ਹਕੂਮਤ ਦਾ ਬੋਧ ਕਰਵਾਇਆ ਹੈ।

ਗੁਰੂ-ਕਾਲ ਤੋਂ ਪਹਿਲਾਂ ਔਰਤ ਨੂੰ ਮਰਦ ਦੀ ਗੁਲਾਮ, ਪਿਛਾਂਹਖਿੱਚੂ ਅਤੇ ਅਬਲਾ ਆਦਿ ਨਾਂਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਸੀ, ਜਦਕਿ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਔਰਤ ਦੇ ਹੱਕ ਵਿੱਚ ਉਸ ਦੀ ਆਜ਼ਾਦੀ ਸਬੰਧੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ:

**ਸੋ ਕਿਉ ਮੰਦਾ ਆਖੀਐ**
**ਜਿਤੁ ਜੰਮਹਿ ਰਾਜਾਨੁ ॥**(ਪੰਨਾ 473)

ਬਾਣੀਕਾਰਾਂ ਨੇ ਕਿਸੇ ਵਿਅਕਤੀ ਦੀ ਅਧੀਨਗੀ ਸਵੀਕਾਰ ਕਰਨ ਨਾਲੋਂ ਮੌਤ ਨੂੰ ਤਰਜੀਹ ਦਿੱਤੀ। ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' (1621-1675 ਈ.) ਨੇ ਹਿੰਦੂ ਧਰਮ ਦੀ ਆਨ, ਬਾਨ ਤੇ ਸ਼ਾਨ ਨੂੰ ਬਚਾਉਣ ਲਈ, ਉਨ੍ਹਾਂ ਦੇ ਤਿਲਕ ਤੇ ਜੰਞੂ ਦੀ ਰਾਖੀ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਤੱਕ ਦੇ ਦਿੱਤੀ। ਧਾਰਮਿਕ ਆਜ਼ਾਦੀ ਲਈ ਕੀਤਾ ਗਿਆ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਕਲਜੁਗ ਅੰਦਰ ਇੱਕ ਮਹਾਨ ਸਾਕਾ ਸੀ। ਦੁਨੀਆਂ ਦੇ ਇਤਿਹਾਸ ਵਿੱਚ ਅਜਿਹੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ। ਆਜ਼ਾਦੀ ਦਾ ਜੋ ਪਰਚਮ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਲਹਿਰਾਇਆ, ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਨੇ ਆਪਣਾ ਸਰਬੰਸ ਵਾਰ ਕੇ ਇਸ ਨੂੰ ਹੋਰ ਗੂੜ੍ਹੀ ਇਬਾਰਤ ਵਿੱਚ ਲਿਖ ਕੇ ਪ੍ਰਸਾਰਿਆ। ਗੁਰੂ-ਕਾਲ ਵਿੱਚ ਅਤੇ ਉਨ੍ਹਾਂ ਤੋਂ ਪਿੱਛੋਂ ਸਿੱਖ ਸ਼ਹੀਦੀਆ ਦਾ ਜੋ ਲੰਮਾ ਸਿਲਸਿਲਾ ਚਲਦਾ ਰਿਹਾ, ਉਸ ਦਾ ਮੂਲ ਆਜ਼ਾਦੀ ਦਾ ਸੂਤਰ ਹੀ ਸੀ।

ਸਾਂਝਾਪਣ, ਏਕਤਾ, ਸਮਾਨਤਾ, ਬਰਾਬਰੀਅਤਾ, ਸਾਂਝੀਵਾਲਤਾ ਆਦਿ ਦਾ ਸਬੰਧ ਕਿਤੇ ਨਾ ਕਿਤੇ ਆਜ਼ਾਦੀ ਨਾਲ ਹੀ ਹੈ। ਇਨ੍ਹਾਂ ਸਦਗੁਣਾਂ ਦਾ ਸੰਚਾਰ ਤਾਂ ਹੀ ਹੋ ਸਕੇਗਾ, ਜੇ ਅਸੀਂ ਦੂਜਿਆਂ ਨੂੰ ਆਜ਼ਾਦ ਸੋਚ, ਆਜ਼ਾਦ ਖਿਆਲ ਅਤੇ ਆਜ਼ਾਦ ਰਹਿਣੀ-ਬਹਿਣੀ ਪ੍ਰਦਾਨ ਕਰਾਂਗੇ।

ਪਿੰਜਰੇ ਵਿੱਚ ਬੰਦ ਪੰਛੀਆਂ ਨੂੰ ਨੀਲ ਗਗਨ ਵਿਚ ਉੱਚੀਆਂ ਉਡਾਰੀਆਂ ਲਾਉਣ ਦਿਓ, ਐਕੁਏਰੀਅਮ ਵਿੱਚ ਰੱਖੀਆਂ ਮੱਛੀਆਂ ਨੂੰ ਸਮੁੰਦਰਾਂ/ ਸਰੋਵਰਾਂ ਦੀ ਡੂੰਘਾਈ ਨਾਪਣ ਦਿਓ, ਪ੍ਰਯੋਗਸ਼ਾਲਾ ਵਿਚ ਕੈਦ ਤਿਤਲੀਆਂ ਨੂੰ ਫੁੱਲਾਂ ਉੱਤੇ ਮੰਡਰਾਉਣ ਦਿਓ, ਸਰਕਸਾਂ ਵਿੱਚ ਤਾੜੇ ਜਾਨਵਰਾਂ ਨੂੰ ਜੰਗਲਾਂ-ਬੇਲਿਆਂ ਵਿਚ ਦੁੜੰਗੇ ਲਾਉਣ ਦਿਓ- ਫਿਰ ਵੇਖੋ, ਇਹ ਜੀਵ-ਜੰਤੂ ਆਜ਼ਾਦੀ ਦਾ ਕਿੰਨਾ ਨਿੱਘ/ਆਨੰਦ ਮਾਣਦੇ ਨੇ... ਆਜ਼ਾਦੀ ਦਾ ਸੁਨੇਹਾ ਦਿੰਦਾ ਪੰਜਾਬੀ ਕਵੀ ਪ੍ਰੋ. ਮੋਹਨ ਸਿੰਘ (1905-1978 ਈ.) ਆਪਣੀ ਇੱਕ ਲੰਮੀ ਕਵਿਤਾ 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' ਵਿੱਚ ਲਿਖਦਾ ਹੈ:

**ਲੈ ਲੈ ਆਪਣੀ ਨੜੀ ਨਵਾਬੀ**
**ਦੇਹ ਮੈਨੂੰ ਮੇਰੀ ਆਜ਼ਾਦੀ।**
**ਜਿਥੇ ਵੀਰ ਵੀਰਾਂ ਨੂੰ ਖਾਂਦੇ**
**ਸਿਰੋਂ ਮਾਰ ਧੁੱਪੇ ਸੁੱਟ ਜਾਂਦੇ।**
**ਜਿਥੇ ਲੱਖ ਮਣਾਂ ਦਾ ਲੋਹਿਆ**
**ਜੰਜ਼ੀਰਾਂ ਹੱਥਕੜੀਆਂ ਹੋਇਆ।**
**ਜਿਥੇ ਸ਼ਾਇਰ ਬੋਲ ਸੱਕਣ**
**ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸੱਕਣ।**
**ਮੈਂ ਨਹੀਂ ਰਹਿਣਾ ਐਸੀ ਥਾਂ...**
**ਮੈਂ ਨਹੀਂ ਰਹਿਣਾ ਤੇਰੇ ਗਿਰਾਂ।**

ਅੱਜ ਅਸੀਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਸਰੀਰਕ ਆਜ਼ਾਦੀ ਤੇ ਅੰਕੁਸ਼ ਲਾ ਬੈਠੇ ਹਾਂ, ਦਾਜ ਦੇ ਲੋਭੀ ਬਣ ਕੇ ਵਿਆਹੁਤਾ ਜ਼ਿੰਦਗੀਆਂ ਨੂੰ ਆਤਮਹੱਤਿਆਵਾਂ ਲਈ ਮਜਬੂਰ ਕਰ ਰਹੇ ਹਾਂ, ਪੈਸੇ ਦੇ ਗੁਲਾਮ ਹੋ ਕੇ ਸਕੇ-ਸਬੰਧੀਆਂ ਨਾਲੋਂ ਨਾਤੇ ਤੋੜ ਰਹੇ ਹਾਂ, ਭਰੂਣ-ਹੱਤਿਆਵਾਂ ਦੇ ਰੂਪ ਵਿੱਚ ਨੰਨ੍ਹੀਆਂ ਕੰਜਕਾਂ ਤੋਂ ਸਾਹ ਲੈਣ ਦਾ ਹੱਕ ਖੋਹ ਰਹੇ ਹਾਂ, ਰੁੱਖਾਂ ਤੇ ਕੁਹਾੜੇ ਚਲਾ ਕੇ ਖ਼ੁਦ ਨੂੰ ਪ੍ਰਦੂਸ਼ਣ ਵਿੱਚ ਜੀਣ ਲਈ ਮਜਬੂਰ ਕਰ ਰਹੇ ਹਾਂ, ਸਕਰੀਨ (ਇੰਟਰਨੈੱਟ) ਦੇ ਜਾਲ ਵਿੱਚ ਫਸ ਕੇ ਆਪਣਿਆਂ ਨਾਲੋਂ ਸੰਬੰਧ ਤੋੜ ਰਹੇ ਹਾਂ, ਪ੍ਰਤੀਯੋਗਤਾਵਾਂ ਦੇ ਦੌਰ ਵਿਚ ਪਿੱਛੇ ਰਹਿਣ ਕਰਕੇ ਖ਼ੁਦਕੁਸ਼ੀਆਂ ਨੂੰ ਹੀ ਸਹੀ ਮੰਨ ਬੈਠੇ ਹਾਂ... ਇਹ ਕੇਹੀ ਆਜ਼ਾਦੀ ਹੈ! ਪੁਸਤਕਾਂ ਨਾਲ, ਜ਼ਿੰਦਗੀ ਨਾਲ, ਕੁਦਰਤ ਨਾਲ, ਸੱਭਿਆਚਾਰ ਨਾਲ ਸਾਂਝ ਪਾਈਏ! ਸਭ ਨੂੰ ਆਜ਼ਾਦੀ ਦਾ ਹੱਕ ਦੇਈਏ! 'ਜੀਓ ਤੇ ਜੀਣ ਦਿਓ' ਦਾ ਨਾਅਰਾ ਬੁਲੰਦ ਕਰੀਏ!! ਭਾਈ ਵੀਰ ਸਿੰਘ ਦੀਆਂ ਇਨ੍ਹਾਂ ਕਾਵਿ-ਪੰਕਤੀਆਂ ਨੂੰ ਸਦਾ ਚੇਤੇ ਰੱਖੀਏ:

**ਸਾਨੂੰ ਰੱਖ ਸੁਤੰਤਰ ਦਾਤੇ**
**ਬੰਦੀ ਸਾਥੋਂ ਦੂਰ ਰਹੇ।**
**ਪਰਤੰਤਰ ਨਾ ਕਦੇ ਕਰਾਵੀਂ**
**ਖੁੱਲ੍ਹ ਦਾ ਸਦਾ ਸ਼ਊਰ ਰਹੇ।...**
**ਜੰਗਲ ਵਾਸਾ ਬੇਸ਼ੱਕ ਦੇਵੀਂ**
**ਮਾੜੀ ਮਹਲ ਨਾ ਸ਼ਹਿਰ ਦਈਂ।**
**ਤਨ ਨੂੰ ਕੱਜਣ ਖ਼ੁਸ਼ੀ ਮਿਲੇ**
**ਪਰ ਖੁੱਲ੍ਹ ਕਦੇ ਨਾ ਖੱਸ ਲਈਂ।**

**ਪ੍ਰੋ. ਨਵ ਸੰਗੀਤ ਸਿੰਘ**
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002
(9417692015)

# ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ : ਕਸ਼ਮੀਰ

ਕੁਦਰਤ ਜਿਵੇਂ ਖੂਬਸੂਰਤ ਮਰਮਸਪਰਸ਼ੀ ਵੱਖ-ਵੱਖ ਵਿਧਾਵਾਂ ਵਿਚ ਦਿ ?ਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ । ਸਾਫ਼ੀ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ । ਇਸਦੀ ਕੁਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ । ਡੱਲ ਝੀਲ ਨੂੰ ਸ਼੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ । ਇਸੇ ਝੀਲ ਦੇ ਉਪਰ, ਝੀਲ ਦੇ ਨਾਲ-ਨਾਲ ਮੁਗਲ ਬਾਗ ਸ਼ੋਭਨੀਏ ਹਨ । ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ ਅਤੇ ਸ਼ਾਲੀਮਾਰ ਬਾਗ਼ । ਡੱਲ ਦੇ ਚਾਰੇ ਪਾਸੇ ਉਚੇ ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭ ਕਾਮਨਾ, ਆਸ਼ੀਰਵਾਦ ਦੇ ਰਹੇ ਹੋਣ । ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ ਵਿਚ ਕਸ਼ਮੀਰ ਦੀ ਸਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾਂ ਤਤਪਰ ਰਹਿੰਦੀ ਹੈ । ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ ਵਿਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ । ਸੁੰਦਰ ਦਿ ?ਸ਼ਾਵਾਲੀਆ ਨਾਲ ਮਾਲਾ ਮਾਲ ਕਸ਼ਮੀਰ । ਰਾਤ ਦੇ ਸਮੇਂ ਸ਼ਿਕਾਰੇ (ਬੇੜੀ) ਵਿਚ ਬੈਠ ਕੇ ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ । ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ ਵਿਚ ਸਾਰੀ ਝੀਲ ਦੁਲਹਨ ਵਾਂਗੂ ਸਜੀ ਲਗਦੀ ਹੈ । ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ । ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇੰਝ ਪ੍ਰਤੀਤ ਹੁੰਦੀ ਹੈ ਜਿਵੇਂ ਸਾਰਾ ਪਾਣੀ ਹੀ ਜਗ-ਮਗ ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ ਜੋ ਇਸ ਦਾ ਇਕ ਹਿੱਸਾ ਬਣੀਆਂ ਹਨ ਜਿਸ ਤਰ੍ਹਾਂ ਲੈਟਸ ਲੇਕ, ਗੁਲਫਾਮ ਲੇਕ ਅਤੇ ਹੋਰ ਝੀਲਾਂ । ਝੀਲ ਦੇ ਵਿਚ ਥੋੜ੍ਹੀ ਦੂਰ ਸੱਜੇ ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ । ਸਾਰੀ ਬੇੜੀ ਸਥਿਰ ਮਾਰਕੀਟ ਹੈ । ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ ।

ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ । ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ । ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿੰਦੇ ਹਨ । ਇਹ ਲਗਭਗ 25 ਕਿਲੋਮੀਟਰ ਲੰਬਾ ਹੈ । ਇਸ ਝੀਲ ਵਿਚ ਵੈਜਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ । ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲਗਦੇ ਹਨ । ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ ।

ਡੱਲ ਝੀਲ ਦੇ ਨਜ਼ਦੀਕ ਪਰੀ ਮਹਿਲ ਅਤੇ ਸੈਂਟਰ ਹੋਟਲ ਸਾਫ਼ ਨਜ਼ਰ ਆਉਂਦੇ ਹਨ । ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ ਜਿਸ ਵਿਚ ਖੂਬਸੂਰਤ ਬਾਗ਼ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ । ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਿਕਾਰੇ ਉਪਰ ਹੀ ਜਾਇਆ ਜਾ ਸਕਦਾ ਹੈ । ਨਹਿਰੂ ਪਾਰਕ ਜਾਣ ਲਈ ਵੀ ਸ਼ਿਕਾਰੇ ਦੀ ਜ਼ਰੂਰਤ ਪੈਂਦੀ ਹੈ । ਲਾਲ ਚੌਂਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੱਲ ਗੇਟ ਤੋਂ ਸ਼ੁਰੂ ਹੁੰਦੀ ਹੈ ।

ਹਾਊਸ ਬੋਟਸ ਤਾਂ ਇਸ ਝੀਲ ਦੀ ਸੁੰਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ । ਖੂਬਸੂਰਤ, ਸਾਜ ਸੱਜਾ ਲਾਲ ਸੰਵਰੇ, ਖੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ । ਇਹ ਖੂਬਸੂਰਤ ਹਾਊਸ ਬੋਟਸ ਝੀਲ ਦੇ ਕਿਨਾਰੇ ਕਿਨਾਰੇ ਇਕ ਲੰਬੀ ਲਾਈਨ ਵਿਚ ਖੜ੍ਹੇ ਯਾਤਰੀਆਂ ਦਾ ਸੈਲਾਨੀਆਂ ਦਾ ਖਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ । ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪਰ ਨਿਰਭਰ ਕਰਦੇ ਹਨ । ਇਕ ਹਾਊਸ ਬੋਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ । ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਿਕਾਰਾ ਭੇਜਦੇ ਹਨ ਜਿਸ ਦਾ ਕਿਰਾਇਆ ਹਾਊਸ ਬੋਟ ਵਿਚ ਸ਼ਾਮਿਲ ਹੁੰਦਾ ਹੈ । ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪਰ ਬੈਠ ਕੇ ਡੱਲ ਝੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ । ਇਥੋ ਫੋਟੋਗ੍ਰਾਫੀ ਦਾ ਆਪਣਾ ਹੀ ਮਜ਼ਾ ਲੁਤਫ਼ ਨਜ਼ਾਰਾ ਹੁੰਦਾ ਹੈ । ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ । ਕਿਸੇ ਜੰਨਤ (ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ । ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ । ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸ਼ਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਿਕਾਰੇ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ । ਸ਼ਿਕਾਰਿਆ ਵਿਚ ਹੀ ਸਾਮਾਨ ਮਿਲਦਾ ਹੈ ਜੋ ਤੈਰਦੇ ਸ਼ਿਕਾਰਿਆਂ ਵਿਚ ਵੇਚਿਆ ਜਾਂਦਾ ਹੈ । ਡੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਫੁੱਟਦੇ ਹਨ ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ । ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ਼ ਫੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ ਜੋ ਡੱਲ ਝੀਲ ਦੇ ਆਸ ਪਾਸ ਅਤੇ ਇਸ ਅੰਦਰ ਸੁੰਦਰ ਦਿ ?ਸ਼ਵਾਲੀਆਂ ਦਾ ਅਦਭੁਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਜਾਵੇ । ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ ਖ਼ਾਸ ਕਰਕੇ, ਮੁਗਲ ਬਾਗ, ਚਸ਼ਮੇਸ਼ਾਹੀ ਬਾਗ, ਨਿਸ਼ਾਤ ਬਾਗ, ਸਾਲੀਮਾਰ ਬਾਗ ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਅੱਲਾ ਪਤਰੀ ਬੇਤਾਬ ਵੈਲੀ ਪਹਾੜ, ਆੜ੍ਹ ਵੈਲੀ, ਟੂਲਿਪ ਬਾਗ ਅਤੇ ਕਈ ਵੈਲੀਆਂ ਵੇਖਣਯੋਗ ਹਨ । ਇਸਦੇ ਆਸ ਪਾਸ ਦੇ ਕੁਝ ਦੂਰੀ ਉਪਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ : ਹਜ਼ਰਤ ਮਸਜਿਦ, ਸ਼ੰਕਰਚਾਰਿਆ ਮੰਦਿਰ, ਹਰੀ ਪਰਬਤ ਕਿਲਾ, ਹਾਰਵਨ ਬਾਗ, ਪਰੀ ਮਹਿਲ, ਜਾਮਾ ਮਸਜਿਦ, ਹਨੂੰਮਾਨ ਮੰਦਿਰ, ਪਾਮਪਰ (ਕੇਸਰ ਵਾਲੀ ਜ਼ਮੀਨ), ਮਟਨ, ਜੇਸ਼ਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅੱਛਾਬਲ, ਯੁਸਮਰਗ, ਤੰਗ ਮਰਗ, ਅਵਾਂਤਪੁਰ, ਨੂਨ-ਕੂਨ, ਸੋਨਾ ਮਾਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ ।

ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗਾ, ਸ਼ਹੀਦ ਬੂੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ । ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ । ਇਥੇ ਰਹਿਣ ਲਈ ਕਮਰੇ ਹਨ । ਰਹਿਣ ਦਾ ਪੂਰਾ ਪ੍ਰਬੰਧ ਹੈ । ਲੰਗਰ ਦੀ ਵਿਵਸਥਾ ਵੀ ਹੈ ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਹੀ @ਨਾਗ@ ਦੇ ਨਾਮ ਨਾਲ ਪ੍ਰਸਿੱਧ ਹਨ । ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ । ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ ਦੀ ਕੁਲ ਵਿਚੋਂ ਸੀ । ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸਤਾਬਦੀ ਵਿਚ ਭਾਰਤ ਉਪਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ । ਇਸ ਕੁਲ ਦੇ ਰਾਜਾ ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿਚੋਂ 23ਵੇਂ ਸਥਾਨ ਉਪਰ ਹੈ । ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀਂ ਜਗ੍ਹਾ ਤਕਸ਼ਕ ਨਾਮ ਦਾ ਰਾਜਾ ਹੋਇਆ ਹੈ ਜਿਸ ਦੇ ਵੰਸ਼ ਲੇ ਅਯੋਧਿਆ, ਸੌਰਾਸ਼ਟਰ ਅਤੇ ਮੇਵਾੜ ਉਪਰ ਰਾਜ ਕੀਤਾ । ਟਾਂਕ ਕਸ਼ਤਰੀਏ ਦੀ ਮੂਹੀ ਨਾਗਵੰਸ਼ ਹੈ ਜੋ ਕਸ਼ਯਪ ਰਿਸ਼ੀ ਦੇ ਪੁੱਤਰ ਸੂਰਜ ਤੋਂ ਸ਼ੁਰੂ ਹੋਇਆ । ਕਸ਼ਯਪ ਦੀਆਂ ਦੋ ਰਾਣੀਆਂ ਸਨ- ਕਦਰੂ ਅਤੇ ਵਿਨੀਤਾ । ਕਦਰੂ ਦੇ ਪੁੱਤਰ ਨੀਲ, ਪਦਮ ਅਤੇ ਸਾਂਖ ਸਨ । ਵਿਨੀਤਾ ਦੇ ਪੁੱਤਰ ਸੂਰਜ, ਧਰਮ ਰਾਜ, ਗਰੁੜ ਅਤੇ ਪੁੱਤਰੀ ਯਮੁਨਾ ਸੀ । ਕਸ਼ਯਪ ਦੇ ਬਾਅਦ ਸੂਰਜ ਗੱਦੀ ਉਪਰ ਬੈਠਾ । ਇਸਦੇ ਭਰਾ ਆਪਣੇ ਸੌਤੇਲੇ ਭਰਾਵਾਂ-ਨੀਲ, ਪਦਮ ਅਤੇ ਸਾਂਖ ਨੂੰ ਕਰੋਧੀ ਸੁਭਾਅ ਹੋਣ ਦੇ ਕਾਰਨ ਨਾਗ ਕਹਿਕੇ ਬੁਲਾਵਣ ਲੱਗੇ ਅਤੇ ਇਸਨੂੰ ਸਤੀ ਸਰਸ (ਕਸ਼ਮੀਰ) ਦਾ ਇਲਾਕਾ ਦੇ ਕੇ ਅਲੱਗ ਕਰ ਦਿੱਤਾ । ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦਾ ਨਾਮ ਇਨ੍ਹਾਂ ਦੇ ਨਾਂ ਉਪਰ ਪ੍ਰਸਿੱਧ ਹਨ ਜਿਸ ਤਰ੍ਹਾਂ ਵੈਲੀ ਨਾਗ, ਅਨੰਤ ਨਾਗ ਆਦਿ ।

ਭਾਰਤ ਦਾ ਤਾਜ ਕਿਹਾ ਜਾਣ ਵਾਲਾ ਕਸ਼ਮੀਰ ਰਾਜ ਆਪਣੇ ਗੌਰਵਪੂਰਨ ਇਤਿਹਾਸ ਅਤੇ ਕੁਦਰਤੀ ਖੂਬਸੂਰਤੀ ਨਾਲ ਖੈਰ ਖਵਾਹੀ ਦਿੰਦਾ ਹੋਇਆ ਵਿਸ਼ਵ ਭਰ ਵਿਚ ਸੈਲਾਨੀਆਂ ਦਾ ਪਸੰਦੀਦਾ ਗੁਲ਼ਫ਼ਾਮ ਸਥਾਨ ਹੈ । ਈਸਾ ਪੂਰਵ ਤੀਜੀ ਸ਼ਤਾਬਦੀ ਵਿਚ ਸਮਰਾਟ ਅਸ਼ੋਕ ਨੇ ਕਸ਼ਮੀਰ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ । ਬਾਅਦ ਵਿਚ ਮਹਾਰਾਜਾ ਕਨਿਸ਼ਕ ਨੇ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ । ਤੇਰਵੀਂ ਸ਼ਤਾਬਦੀ ਵਿਚ ਕਸ਼ਮੀਰ ਉਤੋਂ @ਹੁਣੋਂ ਦਾ ਅਧਿਕਾਰ ਰਿਹਾ । ਕਸ਼ਮੀਰ ਦੇ ਹਿੰਦੂ ਰਾਜਿਆਂ ਵਿਚ ਲਲਿਤਾ ਦਿਤਯ ਸਭ ਤੋਂ ਪ੍ਰਸਿੱਧ ਰਾਜਾ ਹੋਇਆ । ਇੱਥੇ ਇਸਲਾਮ ਦਾ ਆਗਮਨ 13ਵੀਂ ਅਤੇ 14ਵੀਂ ਸਦੀ ਵਿਚ ਹੋਇਆ ਅਤੇ 63 ਸਾਲਾਂ ਤੱਕ ਇਸ ਰਾਜ ਉਤੇ ਪਠਾਨਾਂ ਦਾ ਸ਼ਾਸ਼ਨ ਰਿਹਾ । ਬਾਅਦ ਵਿਚ ਡੋਗਰਾ ਸ਼ਾਸਕ ਰਾਜਾ ਮਾਲਦੇਵ ਨੇ ਕਈ ਇਲਾਕੇ ਜਿੱਤ ਕੇ ਆਪਣੇ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ । ਇਸਦੇ ਬਾਅਦ ਪੰਜਾਬ ਦੇ ਸ਼ਾਸਕ ਰਾਜਾ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ । ਇਸ ਦੇ ਬਾਅਦ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ 1947 ਦੀ ਭਾਰਤੀ ਸੰਘ ਦੇ ਇਕ ਸਮੂਹ ਉਪਰ ਦਸਤਖਤ ਕੀਤੇ ।

ਜੰਮੂ ਕਸ਼ਮੀਰ ਰਾਜ ਦੀ ਲਗਭਗ 80 ਪ੍ਰਤੀਸ਼ਤ ਜਨਸੰਖਿਆ ਖੇਤੀਬਾੜੀ/ਬਾਗਬਾਨੀ (ਕਾਸ਼ਤਕਾਰੀ) ਉਪਰ ਨਿਰਭਰ ਹੈ । ਇਥੇ ਬੋਲੀ ਜਾਣ ਵਾਲੀ ਪ੍ਰਮੁੱਖ ਭਾਸ਼ਾ ਉਰਦੂ ਹੈ ਅਤੇ ਕਸ਼ਮੀਰੀ, ਡੋਗਰੀ, ਹਿੰਦੀ, ਪੰਜਾਬੀ, ਲੱਦਾਖੀ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ । ਲਗਭਗ 101387 ਵਰਗ ਕਿਲੋਮੀਟਰ ਖੇਤਰਫ਼ਲ ਵਿਚ ਫੈਲਿਆ ਇਹ ਰਾਜ ਸੈਲਾਨੀਆਂ ਦੀ ਦਿ ?ਸ਼ਟੀ ਵਿਚ ਬੇਹੱਦ ਮਹੱਤਵਪੂਰ, ਅਦਭੁਤ ਸਥਾਨ ਹੈ । ਇੱਥੇ ਮੁਗਲ ਬਾਦਸ਼ਾਹਾਂ ਦੁਆਰਾ ਨਿਰਮਿਤ ਬਾਗ਼ ਬਗੀਚੇ ਆਪਣੀ ਅਦਭੁਤ ਅਤਿ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹਨ । ਇਸ ਕਰਕੇ ਲੱਦਾਖ ਸਥਿੱ ਬੁੱਧ ਮੰਦਿਰ ਅਤੇ ਮਠ ਸਥਾਪਤ ਕਲਾ ਦੀ ਮਨੋਰਮ ਵੈਕੁੰਠ ਭਰੀ ਮਿਸਾਲ ਹੈ । ਕੁਦਰਤੀ ਖੂਬਸੂਰਤੀ ਨਾਲ ਮਾਲਾ ਮਾਲ ਇਥੋਂ ਦੀਆਂ ਮਨੋਹਰ ਵਾਦੀਆਂ ਨੂੰ ਵੇਖਕੇ ਮੁਗਲ ਬਾਦਸ਼ਾਹ ਜਹਾਂਗੀਰ ਨੇ ਇਸੇ ਧਰਤੀ ਉਪਰ ਸਵਰਗ ਨਾਮ ਦਿੱਤਾ ਹੈ । ਦੁਧੀਆ ਦਿ ?ਸ਼ਾਵਲੀਆਂ, ਅਦਭੁਤ ਮਨਮੋਹਣੀਆਂ ਵਾਦੀਆਂ ਵਿਚ ਆ ਕੇ ਕਿਸੇ ਦਾ ਵੀ ਮਨ ਤਨ ਭਾਵਵਿਭੋਰ ਹੋਏ ਬਿਨਾਂ ਨਹੀਂ ਰਹਿੰਦਾ । ਬਰਫ਼ ਨਾਲ ਲੱਥ ਪੱਥ ਪਹਾੜੀਆਂ, ਝਰਨੇ, ਹਰੇ ਭਰੇ ਬਾਗ਼, ਚਮਕਦੀਆਂ ਝੀਲਾਂ, ਚਿਨਾਰ ਦੇ ਰੁੱਖ ਅਤੇ ਅਨੇਕਾਂ ਪ੍ਰਕਾਰ ਦੇ ਫ਼ਲ, ਫੁੱਲ, ਚਾਰ ਸੋ ਸਾਲ ਪੁਰਾਣੇ ਰੁੱਖ, ਨਾਗਿਨ ਝੀਲ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ ।

ਸੂਫੀ ਸੰਤਾਂ ਦੀਆਂ ਅਨੇਕਾਂ ਪਵਿੱਤਰ ਦਰਗਾਹਾਂ, ਜੈਣ ਉਲਦੀਨ ਸ਼ਾਹ ਜੈਰਤ (ਰਿਸ਼ੀ ਸੀ), ਮਹਿਜੂਰ ਦਾ ਕਬਰਿਸਤਾਨ, ਜਾਮੀਆ ਮਸਜਿਦ, ਹਜਰਤ ਬਲ, ਹਿੰਦੂਆਂ ਤੇ ਸਿੱਖਾਂ ਦੇ ਤੀਰਥ ਸਥਾਨ ਆਦਿ ਇਸ ਧਰਤੀ ਨੂੰ ਪਵਿੱਤਰਤਾ ਦਿੰਦੇ ਹੋਏ ਅਸ਼ੀਰਵਾਦ ਦੇ ਰਹੇ ਹਨ । ਸ਼੍ਰੀਨਗਰ ਸ਼ਹਿਰ ਜਿਹਲਮ ਨਦੀ ਦੇ ਦੋਵਾਂ ਕਿਨਾਰਿਆਂ ਉਪਰ ਵਸਿਆ ਹੋਇਆ ਹੈ ਕਸ਼ਮੀਰ (ਸ਼੍ਰੀਨਗਰ) ਨੂੰ ਵਿਸ਼ੇਸ ਤੌਰ @ਤੇ ਫਲ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ । ਇਸ ਧਰਤੀ ਉਪਰ ਕੁਦਰਤ ਦੀ ਏਨੀ ਬਖਸ਼ਿਸ ਹੈ ਕਿ ਅਨੇਕਾਂ ਬਾਗ ਇਸ ਧਰਤੀ ਦੇ ਹਿੱਸੇ ਆਏ ਹਨ । ਖ਼ਾਸ ਕਰਕੇ ਸੇਬਾਂ ਦੇ ਕਈ ਕਈ ਮੀਲ ਲੰਬੇ ਬਾਗ਼ ਵਿਸ਼ੇਸ ਤੌਰ @ਤੇ ਕਈ ਲੰਬੀ ਐਪਲ ਵੈਲੀ (ਸੇਬ ਵੈਲੀ) ਕਸਬਾ ਕਲਿਆਣ ਵਿਖੇ ਹੈ ਜਿਥੇ ਸਾਰੀ ਧਰਤੀ ਬਾਗ਼ਾਂ ਨੇ ਜੰਨਤ ਬਣਾ ਰੱਖੀ ਹੈ । ਹੋਰ ਅਖਰੋਟ ਦੇ ਵੱਡੇ ਰੁੱਖ ਬਾਗ਼ । ਹਰ ਤਰ੍ਹਾਂ ਦਾ ਫ਼ਰੂਟ ਹੁੰਦਾ ਹੈ । ਖਾਸ ਕਰਕੇ ਪਾਮ ਕਸਬੇ ਵਿਖੇ ਕੇਸਰ ਦੀ ਖੇਤੀ ਹੁੰਦੀ ਹੈ । ਦੁਨੀਆਂ ਵਿਚ ਇਸ ਸਥਾਨ ਦੀ ਮਹੱਤਤਾ ਹੈ । ਇਸ ਕੇਸਰ ਦੇਸ਼-ਵਿਦੇਸ਼ ਤੱਕ ਜਾਂਦਾ ਹੈ । ਇਸ ਧਰਤੀ ਨੂੰ ਮਾਲਾ ਮਾਲ ਕੀਤਾ ਹੈ ਕੁਦਰਤ ਨੇ । ਸਾਰਾ ਇਲਾਕਾ ਬਿਲਕੁਲ ਪੱਧਰਾ ਹੈ । ਕਸ਼ਮੀਰ ਜਿੱਥੇ ਆਪਣੀ ਅਦਭੁਤ ਸੁੰਦਰਤਾ ਨਾਲ ਮਾਲਾ ਮਾਲ ਹੈ । ਕਿਸੇ ਸਮੇਂ ਭਾਰਤ ਦਾ ਸਭ ਤੋਂ ਕਮਾਊ ਸ਼ਹਿਰ ਸੀ । ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ । ਇੱਥੇ ਅਜਕਲ ਲੋਕ ਮਾਹੌਲ ਨੂੰ ਵੇਖਦੇ ਹੋਏ ਡਰਦੇ ਹੀ ਨਈਾ ਜਾਂਦੇ । ਇੱਥੋਂ ਦੇ ਲੋਕਾਂ ਦਾ ਵਪਾਰ ਮੱਧਮ ਪੈ ਗਿਆ ਹੈ । ਖ਼ਾਸ ਕਰਕੇ ਡੱਲ ਝੀਲ ਦੇ ਸ਼ਿਕਾਰੇ, ਹਾਊਸ ਬੋਟ ਦੀ ਤਰਸਯੋਗ ਹਾਲਤ ਹੋ ਗਈ ਹੈ । ਫਾਈਵ ਸਟਾਰ ਵਰਗੇ ਹਾਊਸ ਬੋਟਸ ਦਾ ਮਾੜਾ ਹਾਲ ਹੈ । ਟਾਵੇਂ-ਟਾਵੇਂ ਲੋਕ ਹੀ ਇੱਥੇ ਆਉਂਦੇ ਹਨ । ਬੇਸ਼ੱਕ ਪ੍ਰਸ਼ਾਸਨ ਦੁਆਰਾ ਸੁਰੱਖਿਆ ਦੇ ਕੜੇ ਪ੍ਰਬੰਧ ਹਨ ਪਰ ਮਾਹੌਲ ਤੋਂ ਡਰਕੇ ਲੋਕ ਘੱਟ ਜਾਂਦੇ ਹਨ । ਆਮ ਜਨਤਾ ਜਾਂ ਸੈਲਾਨੀਆਂ ਦੀ ਪੂਰੀ ਇੱਜ਼ਤ ਹੁੰਦੀ ਹੈ । ਫਿਰ ਵੀ ਕਸ਼ਮੀਰ ਕਸ਼ਮੀਰ ਹੀ ਹੈ । ਇਕ ਅਦਭੁਤ ਧਰਤੀ ਦਾ ਵੈਕੁੰਠ

# ਵਿਗਿਆਨ ਦਾ ਦੇਵਤਾ (ਹਰ ਗੋਬਿੰਦ ਖੁਰਾਣਾ)

9 ਜਨਵਰੀ ਨੂੰ ਨੋਬਲ ਪੁਰਸਕਾਰ ਜੇਤੂ ਹਰ ਗੋਬਿੰਦ ਖੁਰਾਣਾ ਦਾ ਜਨਮ ਦਿਨ ਹੈ। ਨੋਬਲ ਪੁਰਸਕਾਰ ਸੰਗਠਨ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਖੋਰਾਨਾ ਨੂੰ "ਜੈਨੇਟਿਕ ਕੋਡ ਦੀ ਵਿਆਖਿਆ ਅਤੇ ਪ੍ਰੋਟੀਨ ਸੰਸਲੇਸਣ ਵਿੱਚ ਇਸਦੇ ਕਾਰਜ ਲਈ" ਰਾਬਰਟ ਡਬਲਯੂ. ਹੋਲੀ ਅਤੇ ਮਾਰਸਲ ਡਬਲਯੂ. ਨਿਰੇਨਬਰਗ ਦੇ ਨਾਲ ਫਿਜੀਓਲੋਜੀ ਜਾਂ ਮੈਡੀਸਨ ਵਿੱਚ 1968 ਦਾ ਨੋਬਲ ਪੁਰਸਕਾਰ ਦਿੱਤਾ ਗਿਆ ਸੀ। ਉਹਨਾਂ ਦੀ ਖੋਜ ਨੇ ਇਹ ਦਿਖਾਉਣ ਵਿੱਚ ਮਦਦ ਕੀਤੀ ਕਿ ਕਿਵੇਂ ਨਿਊਕਲੀਕ ਐਸਿਡ ਵਿੱਚ ਨਿਊਕਲੀਓਟਾਈਡਸ, ਜੋ ਸੈੱਲ ਦੇ ਜੈਨੇਟਿਕ ਕੋਡ ਨੂੰ ਲੈ ਕੇ ਜਾਂਦੇ ਹਨ, ਸੈੱਲ ਦੇ ਪ੍ਰੋਟੀਨ ਦੇ ਸੰਸਲੇਸਣ ਨੂੰ ਨਿਯੰਤਰਿਤ ਕਰਦੇ ਹਨ।

**ਉਹ ਕਾਰਨਾਮਾ ਜਿਸ ਨੇ ਖੋਰਾਣਾ ਨੂੰ ਨੋਬਲ ਪੁਰਸਕਾਰ ਦਿੱਤਾ**

ਖੋਰਾਨਾ ਨੇ ਮਨੁੱਖੀ ਜੈਨੇਟਿਕ ਕੋਡ 'ਤੇ ਕੰਮ ਕਰਨ ਲਈ ਵੱਕਾਰੀ ਨੋਬਲ ਪੁਰਸਕਾਰ ਜਿੱਤਿਆ। ਹਾਲਾਂਕਿ ਇਹ 1950 ਦੇ ਦਹਾਕੇ ਵਿੱਚ ਸਥਾਪਿਤ ਕੀਤਾ ਗਿਆ ਸੀ ਕਿ ਜੈਨੇਟਿਕ ਜਾਣਕਾਰੀ ਡੀਐਨਏ ਤੋਂ ਆਰਐਨਏ ਵਿੱਚ ਪ੍ਰੋਟੀਨ ਵਿੱਚ ਤਬਦੀਲ ਕੀਤੀ ਜਾਂਦੀ ਹੈ ਅਤੇ ਡੀਐਨਏ ਵਿੱਚ ਤਿੰਨ ਨਿਊਕਲੀਓਟਾਈਡਾਂ ਦਾ ਇੱਕ ਕ੍ਰਮ ਇੱਕ ਪ੍ਰੋਟੀਨ ਦੇ ਅੰਦਰ ਇੱਕ ਖਾਸ ਅਮੀਨੋ ਐਸਿਡ ਨਾਲ ਮੇਲ ਖਾਂਦਾ ਹੈ, ਇਹ ਨਹੀਂ ਸੀ ਕਿ ਇਸ ਜੈਨੇਟਿਕ ਕੋਡ ਨੂੰ ਕਿਵੇਂ ਤੋੜਿਆ ਜਾ ਸਕਦਾ ਹੈ।

ਮਾਰਸਲ ਨਿਰੇਨਬਰਗ ਨੇ ਬੁਝਾਰਤ ਦੇ ਪਹਿਲੇ ਟੁਕੜੇ ਦੀ ਖੋਜ ਕੀਤੀ ਸੀ, ਅਤੇ ਉਸ ਤੋਂ ਬਾਅਦ ਦੇ ਸਾਲਾਂ ਵਿੱਚ, ਕੋਡ ਦਾ ਬਾਕੀ ਹਿੱਸਾ ਆਮ ਤੌਰ 'ਤੇ ਪ੍ਰਗਟ ਕੀਤਾ ਗਿਆ ਸੀ। ਖੋਰਾਣਾ ਨੇ ਐਨਜਾਈਮਾਂ ਦੀ ਮਦਦ ਨਾਲ ਵੱਖ-ਵੱਖ ਆਰਐਨਏ ਚੇਨਾਂ ਬਣਾ ਕੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਹ ਇਨ੍ਹਾਂ ਐਨਜਾਈਮਾਂ ਦੀ ਵਰਤੋਂ ਕਰਕੇ ਪ੍ਰੋਟੀਨ ਪੈਦਾ ਕਰਨ ਦੇ ਯੋਗ ਸੀ। ਬਾਕੀ ਦੀ ਬੁਝਾਰਤ ਨੂੰ ਇਹਨਾਂ ਪ੍ਰੋਟੀਨਾਂ ਦੇ ਅਮੀਨੋ ਐਸਿਡ ਕ੍ਰਮ ਦੀ ਮਦਦ ਨਾਲ ਹੱਲ ਕੀਤਾ ਜਾ ਸਕਦਾ ਹੈ।

ਖੋਰਾਨਾ, 1960 ਦੇ ਦਹਾਕੇ ਵਿੱਚ, ਨਿਰੇਨਬਰਗ ਦੀਆਂ ਖੋਜਾਂ ਦੀ ਪੁਸਟੀ ਕਰਦਾ ਹੈ ਕਿ ਜਿਸ ਤਰ੍ਹਾਂ ਚਾਰ ਵੱਖ-ਵੱਖ ਕਿਸਮਾਂ ਦੇ ਨਿਊਕਲੀਓਟਾਈਡਾਂ ਨੂੰ ਡੀਐਨਏ ਅਣੂ ਦੇ ਸਪਿਰਲ "ਸਟੇਅਰਕੇਸ" 'ਤੇ ਵਿਵਸਥਿਤ ਕੀਤਾ ਗਿਆ ਹੈ, ਬ੍ਰਿਟੈਨਿਕਾ ਦੇ ਅਨੁਸਾਰ, ਇੱਕ ਨਵੇਂ ਸੈੱਲ ਦੀ ਰਸਾਇਣਕ ਰਚਨਾ ਅਤੇ ਕਾਰਜ ਨੂੰ ਨਿਰਧਾਰਤ ਕਰਦਾ ਹੈ।

ਲੋੜੀਂਦੇ ਅਮੀਨੋ ਐਸਿਡ ਪੈਦਾ ਕਰਨ ਲਈ, ਨਿਊਕਲੀਓਟਾਈਡਸ ਦੇ ਇੱਕ ਖਾਸ ਸੁਮੇਲ ਨੂੰ ਡੀਐਨਏ ਦੇ ਇੱਕ ਸਟ੍ਰੈਂਡ ਦੇ ਨਾਲ ਪੜ੍ਹਿਆ ਜਾਂਦਾ ਹੈ। ਨਿਊਕਲੀਓਟਾਈਡਸ ਦੇ 64 ਸੰਭਾਵਿਤ ਸੰਜੋਗ ਹਨ ਜੋ ਅਮੀਨੋ ਐਸਿਡ ਦੇ ਉਤਪਾਦਨ, ਜਾਂ ਪ੍ਰੋਟੀਨ ਦੇ ਬਿਲਡਿੰਗ ਬਲਾਕਾਂ ਲਈ ਨਿਰਦੇਸਾਂ ਵਜੋਂ ਕੰਮ ਕਰਦੇ ਹਨ।

ਖੋਰਾਣਾ ਦੁਆਰਾ ਨਿਊਕਲੀਓਟਾਈਡਾਂ ਦੇ ਕਿਹੜੇ ਲੜੀਵਾਰ ਸੰਜੋਗ ਜਿਨ੍ਹਾਂ ਤੋਂ ਖਾਸ ਅਮੀਨੋ ਐਸਿਡ ਸਾਮਲ ਕੀਤੇ ਗਏ ਸਨ, ਦੇ ਵੇਰਵੇ। ਇੱਕ ਮਹੱਤਵਪੂਰਨ ਸਫਲਤਾ ਇਹ ਸੀ ਕਿ ਖੋਰਾਣਾ ਨੇ ਸਾਬਤ ਕੀਤਾ



ਕਿ ਨਿਊਕਲੀਓਟਾਈਡ ਕੋਡ ਹਮੇਸਾ ਤਿੰਨ ਦੇ ਸਮੂਹਾਂ ਵਿੱਚ ਸੈੱਲ ਵਿੱਚ ਸੰਚਾਰਿਤ ਹੁੰਦਾ ਹੈ, ਜਿਸਨੂੰ ਕੋਡੋਨ ਕਿਹਾ ਜਾਂਦਾ ਹੈ। ਉਸਨੇ ਇਹ ਵੀ ਨਿਰਧਾਰਿਤ ਕੀਤਾ ਕਿ ਕੁਝ ਕੋਡਨ ਸੈੱਲ ਨੂੰ ਪ੍ਰੋਟੀਨ ਦੇ ਨਿਰਮਾਣ ਨੂੰ ਸੁਰੂ ਕਰਨ ਜਾਂ ਬੰਦ ਕਰਨ ਲਈ ਪ੍ਰੇਰਿਤ ਕਰਦੇ ਹਨ।

**ਖੋਰਾਣਾ ਦਾ ਵਿਦਿਅਕ ਪਿਛੋਕੜ ਅਤੇ ਹੋਰ ਖੋਜ ਕਾਰਜ**

ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਇਆ, ਜੋ ਹੁਣ ਪੂਰਬੀ ਪਾਕਿਸਤਾਨ ਦਾ ਹਿੱਸਾ ਹੈ, ਖੋਰਾਣਾ ਇੱਕ ਧੀ ਅਤੇ ਚਾਰ ਪੁੱਤਰਾਂ ਦੇ ਪਰਿਵਾਰ ਵਿੱਚੋਂ ਸਭ ਤੋਂ ਛੋਟਾ ਸੀ। ਖੋਰਾਣਾ ਦਾ ਪਰਿਵਾਰ ਭਾਵੇਂ ਗਰੀਬ ਸੀ, ਪਰ ਲਗਭਗ 100 ਲੋਕਾਂ ਦੀ ਆਬਾਦੀ ਵਾਲੇ ਪਿੰਡ ਦਾ ਅਮਲੀ ਤੌਰ 'ਤੇ ਇਕਲੌਤਾ ਪੜ੍ਹਿਆ-ਲਿਖਿਆ ਪਰਿਵਾਰ ਸੀ। ਜਦੋਂ ਉਹ ਮੁਲਤਾਨ, ਹੁਣ ਪੱਛਮੀ ਪੰਜਾਬ ਦੇ ਡੀਏਵੀ ਹਾਈ ਸਕੂਲ ਵਿੱਚ ਪੜ੍ਹਦਾ ਸੀ, ਉਹ ਆਪਣੇ ਇੱਕ ਅਧਿਆਪਕ ਰਤਨ ਲਾਲ ਤੋਂ ਬਹੁਤ ਪ੍ਰਭਾਵਿਤ ਸੀ। ਬਾਅਦ ਵਿੱਚ, ਪੰਜਾਬ ਯੂਨੀਵਰਸਿਟੀ ਵਿੱਚ, ਖੋਰਾਣਾ ਨੇ ਇੱਕ ਸਟੀਕ ਪ੍ਰਯੋਗਾਤਮਕ ਮਾਹਰ ਮਹਾਂ ਸਿੰਘ ਦੀ ਨਿਗਰਾਨੀ ਹੇਠ, ਐਮਐਸਸੀ ਦੀ ਡਿਗਰੀ ਪ੍ਰਾਪਤ ਕੀਤੀ। 1945 ਵਿੱਚ, ਭਾਰਤ ਸਰਕਾਰ ਦੀ ਫੈਲੋਸ਼ਿ?ਪ ਦੇ ਅਵਾਰਡ ਨੇ ਖੋਰਾਣਾ ਲਈ ਇੰਗਲੈਂਡ ਜਾਣਾ ਸੰਭਵ ਬਣਾਇਆ ਜਿੱਥੇ ਉਸਨੇ ਪੀਐਚ.ਡੀ. ਦੀ ਪੜ੍ਹਾਈ ਕੀਤੀ। ਲਿਵਰਪੂਲ ਯੂਨੀਵਰਸਿਟੀ ਵਿਚ ਡਿਗਰੀ. ਉਥੇ, ਰੋਜਰ ਜੇ ਐਸ ਬੀਅਰ ਉਸਦਾ ਸੁਪਰਵਾਈਜਰ ਸੀ। 1948 ਤੋਂ 1949 ਤੱਕ, ਖੋਰਾਨਾ ਨੇ ਪ੍ਰੋਫੈਸਰ ਵਲਾਦਮੀਰ ਪ੍ਰੀਲੋਗ ਦੇ ਨਾਲ ਜ਼ਿ?ਊਰਿਖ ਵਿੱਚ ਈਡਜੇਨਸਿਸੇ ਟੈਕਨੀਸ ਵਿੱਚ ਇੱਕ ਪੋਸਟ-ਡਾਕਟੋਰਲ ਸਾਲ ਬਿਤਾਇਆ। ਖੋਰਾਣਾ ਦੇ ਵਿਗਿਆਨ, ਕੰਮ ਅਤੇ ਯਤਨਾਂ ਪ੍ਰਤੀ ਚਿੰਤਨ ਅਤੇ ਦਰਸਨ ਨੂੰ ਪ੍ਰੋਫੈਸਰ ਪ੍ਰੀਲੋਗ ਨਾਲ ਜੁੜੇ ਹੋਣ ਕਾਰਨ ਮਹੱਤਵਪੂਰਨ ਰੂਪ ਵਿੱਚ ਢਾਲਿਆ ਗਿਆ ਸੀ। 1949 ਦੇ ਪਤਝੜ ਵਿੱਚ, ਖੋਰਾਣਾ ਨੇ ਭਾਰਤ ਵਿੱਚ ਇੱਕ ਛੋਟਾ ਸਮਾਂ ਬਿਤਾਇਆ ਅਤੇ ਇੰਗਲੈਂਡ ਵਾਪਸ ਆ ਗਿਆ। ਉਸਨੇ ਡਾਕਟਰ ਜੀ ਡਬਲਯੂ ਕੇਨਰ ਅਤੇ ਪ੍ਰੋਫੈਸਰ ਅਲੈਗਜੈਂਡਰ ਟੌਡ, ਜੋ ਹੁਣ ਲਾਰਡ ਟੌਡ ਹਨ, ਨਾਲ ਕੰਮ ਕਰਨਾ ਸੁਰੂ ਕੀਤਾ। 1950 ਤੋਂ 1952 ਤੱਕ, ਖੋਰਾਣਾ ਕੈਮਬ੍ਰਿਜ ਵਿੱਚ ਰਿਹਾ, ਜਦੋਂ ਪ੍ਰੋਟੀਨ ਅਤੇ ਨਿਊਕਲੀਕ ਐਸਿਡ ਦੋਵਾਂ ਵਿੱਚ ਦਿਲਚਸਪੀ ਉਸ ਵਿੱਚ ਜੜ੍ਹ ਫੜ ਗਈ। ਸਰ ਅਲੈਗਜੈਂਡਰ ਟੌਡ ਦੇ ਅਧੀਨ, ਖੋਰਾਣਾ ਨੇ 1951 ਵਿੱਚ ਕੈਮਬ੍ਰਿਜ ਯੂਨੀਵਰਸਿਟੀ ਵਿੱਚ ਆਪਣੀ ਫੈਲੋਸ਼ਿ?ਪ ਦੌਰਾਨ ਨਿਊਕਲੀਕ ਐਸਿਡਾਂ 'ਤੇ ਖੋਜ ਸੁਰੂ ਕੀਤੀ। ਖੋਰਾਨਾ ਨੂੰ ਬ੍ਰਿਟਿਸ ਕੋਲੰਬੀਆ ਦੇ ਡਾਕਟਰ ਗੋਰਡਨ ਐਮ ਸਰਮ ਤੋਂ 1952 ਵਿੱਚ ਨੌਕਰੀ ਦੀ ਪੇਸਕਸ ਮਿਲੀ ਅਤੇ ਉਹ ਵੈਨਕੂਵਰ ਚਲਾ ਗਿਆ।

ਅਗਲੇ ਸਾਲਾਂ ਦੌਰਾਨ, ਇੱਕ ਸਮੂਹ, ਜਿਸਦਾ ਖੋਰਾਣਾ ਇੱਕ ਹਿੱਸਾ ਸੀ, ਨੇ ਡਾ: ਸ੍ਰਮ ਦੀ ਪ੍ਰੇਰਨਾ ਅਤੇ ਹੱਲਾਸੇਰੀ ਅਤੇ ਡਾਕਟਰ ਜੈਕ ਕੈਂਪਬੈਲ ਦੀ ਲਗਾਤਾਰ ਮਦਦ ਅਤੇ ਵਿਗਿਆਨਕ ਸਲਾਹ ਨਾਲ, ਜੀਵ ਵਿਗਿਆਨਕ ਤੌਰ 'ਤੇ ਦਿਲਚਸਪ ਫਾਸਫੇਟ ਐਸਟਰ ਅਤੇ ਨਿਊਕਲੀਕ ਐਸਿਡ ਦੇ ਖੇਤਰ ਵਿੱਚ ਕੰਮ ਕਰਨਾ ਸੁਰੂ ਕੀਤਾ, ਜੋ ਹੁਣ ਹੈ। ਬ੍ਰਿਟਿਸ ਕੋਲੰਬੀਆ ਯੂਨੀਵਰਸਿਟੀ ਦੇ ਮਾਈਕ੍ਰੋਬਾਇਓਲੋਜੀ ਵਿਭਾਗ ਦੇ ਮੁਖੀ ਡਾ. ਖੋਰਾਨਾ 1960 ਵਿੱਚ ਵਿਸਕਾਨਸਿਨ ਯੂਨੀਵਰਸਿਟੀ ਵਿੱਚ ਇੰਸਟੀਚਿਊਟ ਫਾਰ ਐਨਜਾਈਮ ਰਿਸਰਚ ਵਿੱਚ ਚਲੇ ਗਏ ਅਤੇ ਸੰਯੁਕਤ ਰਾਜ ਦੇ ਇੱਕ ਕੁਦਰਤੀ ਨਾਗਰਿਕ ਬਣ ਗਏ ਖੋਰਾਣਾ ਨੇ ਸਵਿਟਜਰਲੈਂਡ ਵਿੱਚ ਸਵਿਸ ਫੈਡਰਲ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ, ਕੈਨੇਡਾ ਵਿੱਚ, ਬ੍ਰਿਟਿਸ ਕੋਲੰਬੀਆ ਯੂਨੀਵਰਸਿਟੀ ਵਿੱਚ, 1952 ਤੋਂ 1959 ਤੱਕ, ਅਤੇ ਵਿਸਕਾਨਸਿਨ ਯੂਨੀਵਰਸਿਟੀ ਵਿੱਚ 1960 ਤੋਂ 1970 ਤੱਕ ਫੈਲੋਸ਼ਿ?ਪ ਅਤੇ ਪ੍ਰੋਫੈਸਰਸ਼ਿ?ਪ ਕੀਤੀ ਸੀ। 1970 ਵਿੱਚ, ਖੋਰਾਣਾ ਨੇ ਜੈਨੇਟਿਕਸ ਵਿੱਚ ਇੱਕ ਹੋਰ ਯੋਗਦਾਨ ਪਾਇਆ ਜਦੋਂ ਉਹ ਅਤੇ ਉਸਦੀ ਖੋਜ ਟੀਮ ਇੱਕ ਖਮੀਰ ਜੀਨ ਦੀ ਪਹਿਲੀ ਨਕਲੀ ਕਾਪੀ ਦਾ ਸੰਸਲੇਸਣ ਕਰਨ ਦੇ ਯੋਗ ਹੋ ਗਏ। ਬਾਅਦ ਦੀ ਖੋਜ ਵਿੱਚ, ਉਸਨੇ ਰੀੜ੍ਹ ਦੀ ਹੱਡੀ ਵਿੱਚ ਦਰਸਣ ਦੇ ਸੈੱਲ ਸੰਕੇਤ ਮਾਰਗਾਂ ਦੇ ਅੰਤਰਗਤ ਅਣੂ ਵਿਧੀਆਂ ਦੀ ਖੋਜ ਕੀਤੀ। ਉਸਨੇ ਮੁੱਖ ਤੌਰ 'ਤੇ ਰੋਡੋਪਸਿਨ ਦੀ ਬਣਤਰ ਅਤੇ ਕਾਰਜ 'ਤੇ ਧਿਆਨ ਕੇਂਦ੍ਰਤ ਕੀਤਾ, ਇੱਕ ਰੋਸਨੀ-ਸੰਵੇਦਨਸੀਲ ਪ੍ਰੋਟੀਨ ਜੋ ਕਿ ਰੀਟੀਨਾ ਵਿੱਚ ਪਾਇਆ ਜਾਂਦਾ ਹੈ, ਅਤੇ ਰੋਡੋਪਸਿਨ ਵਿੱਚ ਪਰਿਵਰਤਨ ਦੀ ਵੀ ਜਾਂਚ ਕੀਤੀ ਜੋ ਰੈਟੀਨਾਈਟਿਸ ਪਿਗਮੈਂਟੋਸਾ ਨਾਲ ਸੰਬੰਧਿਤ ਹਨ, ਜੋ ਕਿ ਰਾਤ ਦੇ ਅੰਨ੍ਹੇਪਣ ਦਾ ਕਾਰਨ ਬਣਦੀ ਹੈ। ਉਸਨੇ 1970 ਦੇ ਪਤਝੜ ਤੋਂ ਲੈ ਕੇ 2007 ਵਿੱਚ ਆਪਣੀ ਰਿਟਾਇਰਮੈਂਟ ਤੱਕ, ਮੈਸੇਚਿਉਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ ਜੀਵ ਵਿਗਿਆਨ ਦੇ ਪ੍ਰੋਫੈਸਰ ਵਜੋਂ ਸੇਵਾ ਕੀਤੀ। ਉਸਨੂੰ 1968 ਵਿੱਚ ਅਲਬਰਟ ਲਾਸਕਰ ਬੇਸਿਕ ਮੈਡੀਕਲ ਰਿਸਰਚ ਅਵਾਰਡ ਅਤੇ 1987 ਵਿੱਚ ਨੈਸਨਲ ਮੈਡਲ ਆਫ ਸਾਇੰਸ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ।

**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ ਮਲੋਟ**

# ਬੱਚਿਓ ! ਪੜ੍ਹਾਈ ਦੇ ਨਾਲ-ਨਾਲ ਹੋਰ ਕੁਝ ਵੀ ਸਿੱਖਦੇ - ਕਰਦੇ ਰਹੋ....

ਪਿਆਰੇ ਬੱਚਿਓ ! ਅਸੀਂ ਸਭ ਜਾਣਦੇ ਹਾਂ ਕਿ ਸਾਡੇ ਸਭ ਦੇ ਕੋਲ ਹਰ ਰੋਜ਼ 24 ਘੰਟੇ ਦਾ ਬਰਾਬਰ ਦਾ ਸਮਾਂ ਹੁੰਦਾ ਹੈ। ਸਕੂਲ ਵਿੱਚ ਤਾਂ ਅਸੀਂ ਇਨ੍ਹਾਂ 24 ਘੰਟਿਆਂ ਵਿਚੋਂ ਕੇਵਲ 6 – 7 ਘੰਟੇ ਦਾ ਸਮਾਂ ਹੀ ਪੜ੍ਹਾਈ ਲਈ ਬਤੀਤ ਕਰਨਾ ਹੁੰਦਾ ਹੈ। ਇਹਨਾਂ 6 – 7 ਘੰਟਿਆਂ ਤੋਂ ਇਲਾਵਾ ਸਾਡੇ ਕੋਲ਼ ਲਗਭਗ 18 ਘੰਟਿਆਂ ਦਾ ਸਮਾਂ ਰਹਿ ਜਾਂਦਾ ਹੈ। ਇਹਨਾਂ 18 ਘੰਟਿਆਂ ਵਿੱਚੋਂ 6 – 7 ਘੰਟੇ ਨੀਂਦ ਦੇ ਲਈ ਅਤੇ ਲਗਭਗ 2 ਘੰਟੇ ਹੋਰ ਫੁਟਕਲ ਕੰਮਾਂ ਜਿਵੇਂ : ਖਾਣਾ ਖਾਣ , ਨਹਾਉਣ , ਤਿਆਰ ਹੋਣ ਆਦਿ ਲਈ ਕੱਢ ਦੇਣ ਤੋਂ ਬਾਅਦ ਸਾਡੇ ਸਭ ਦੇ ਕੋਲ ਘੱਟ ਤੋਂ ਘੱਟ ਲਗਭਗ 8 ਘੰਟੇ ਦਾ ਸਮਾਂ ਫਿਰ ਵੀ ਬਚ ਜਾਂਦਾ ਹੈ। ਬੱਚਿਓ ! ਇਹ ਬਚਿਆ ਹੋਇਆ 8 ਘੰਟਿਆਂ ਦਾ ਸਮਾਂ ਬਹੁਤ ਜ਼ਿ?ਆਦਾ ਸਮਾਂ ਹੁੰਦਾ ਹੈ। ਹੁਣ ਸੋਚਣ – ਸਮਝਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ 8 ਘੰਟਿਆਂ ਵਿੱਚੋਂ ਘੱਟ ਤੋਂ ਘੱਟ ਅੱਧਾ ਸਮਾਂ ਭਾਵ ਕਿ ਕੇਵਲ ਤੇ ਕੇਵਲ 4 ਘੰਟਿਆਂ ਦੇ ਸਮੇਂ ਨੂੰ ਵੀ ਜੇਕਰ ਅਸੀਂ ਕੁਝ ਨਵਾਂ ਕਰਨ , ਨਵਾਂ ਸਿੱਖਣ , ਨਵਾਂ ਲਿਖਣ , ਨਵਾਂ ਸਾਹਿਤ ਪੜ੍ਹਨ ਜਾਂ ਆਪਣੀ ਕਿਸੇ ਕਲਾ ਨੂੰ ਨਿਖਾਰਨ , ਪੇਂਟਿੰਗ ਕਰਨ , ਕਵਿਤਾ – ਕਹਾਣੀ ਲਿਖਣ , ਲਾਇਬਰੇਰੀ ਦੀਆਂ ਪੁਸਤਕਾਂ ਪੜ੍ਹਨ , ਬਾਲ – ਸਾਹਿਤ ਨੂੰ ਘੋਖਣ ਆਦਿ ਜਿਹੇ ਸੁਚਾਰੂ ਕੰਮਾਂ ਜਾਂ ਆਪਣੀਆਂ ਰੁਚੀਆਂ ਦੇ ਨਿਖਾਰ ਅਤੇ ਵਿਕਾਸ 'ਤੇ ( ਕੇਵਲ 4 ਘੰਟੇ ਪ੍ਰਤੀ ਦਿਨ ) ਲਗਾਈਏ ਤਾਂ ਤੁਹਾਨੂੰ ਇਸ ਦੇ ਹੈਰਾਨੀਜਨਕ , ਸੁਚਾਰੂ ਤੇ ਸਾਰਥਕ ਨਤੀਜੇ ਜੀਵਨ ਵਿੱਚ ਦੇਖਣ ਨੂੰ ਮਿਲਣਗੇ। ਜਿਸ ਬਾਰੇ ਕਿ ਤੁਸੀਂ ਖ਼ੁਦ ਵੀ ਕਦੇ ਸੋਚਿਆ ਨਹੀਂ ਹੋਵੇਗਾ। ਬੱਚਿਓ ! ਹਰ ਰੋਜ਼ ਦੇ ਇਹ 4 ਘੰਟੇ , ਸਾਲ ਵਿੱਚ 1460 ਘੰਟੇ ਜਾਂ 60 ਦਿਨ ਜਾਂ ਕਹਿ ਲਓ ਕਿ ਸਾਲ ਦੇ 12 ਮਹੀਨਿਆਂ ਵਿੱਚੋਂ ਘੱਟ ਤੋਂ ਘੱਟ ਇਹ 2 ਮਹੀਨੇ ਦਾ ਸਮਾਂ , ਜੋ ਕਿ ਬਹੁਤ ਹੀ ਜ਼ਿ?ਆਦਾ ਸਮਾਂ ਹੁੰਦਾ ਹੈ ; ਇਹ ਸਾਡੇ ਵਿੱਚ ਜਿੱਥੇ ਗਿਆਨ ਦਾ ਵਿਕਾਸ ਕਰੇਗਾ , ਉੱਥੇ ਹੀ ਸਾਡੇ ਜੀਵਨ ਵਿੱਚ ਬਹੁਤ ਹੀ ਕ੍ਰਾਂਤੀਕਾਰੀ , ਪ੍ਰਭਾਵਸ਼ੀਲ , ਪ੍ਰਗਤੀਸ਼ੀਲ ਤੇ ਸਕਾਰਾਤਮਕ ਬਦਲਾਓ ਵੀ ਲਿਆ ਦੇਵੇਗਾ , ਜੋ ਕਿ ਸਾਡੇ ਜੀਵਨ ਨੂੰ ਸਫ਼ਲ ,



ਉੱਤਮ , ਸੁਖਾਲਾ ਤੇ ਪ੍ਰਭਾਵਸ਼ਾਲੀ ਬਣਾ ਸਕਦਾ ਹੈ। ਇਸ ਨਾਲ ਹੀ ਮੇਰੀ ਇੱਕ ਨਿੱਕੀ ਜਿਹੀ ਅਤੇ ਬਹੁਤ ਜ਼ਰੂਰੀ ਸਲਾਹ ਇਹ ਵੀ ਹੈ ਕਿ ਤੁਹਾਨੂੰ ਬਿਨਾਂ ਜ਼ਰੂਰਤ ਤੋਂ ਆਪਣੇ ਜੀਵਨ ਦਾ ਜਰੂਰੀ ਕੀਮਤੀ ਸਮਾਂ ਮੋਬਾਈਲ ਫੋਨਾਂ / ਸੋਸ਼ਲ ਮੀਡੀਆ ਆਦਿ 'ਤੇ ਵਿਅਰਥ ਨਹੀਂ ਗੁਆਉਣਾ ਚਾਹੀਦਾ ; ਕਿਉਂਕਿ ਇਹ ਸੋਸਲ ਮੀਡੀਆ ਇੱਕ ਆਭਾਸੀ ਦੁਨੀਆ ਹੈ। ਬੱਚਿਓ ! ਜੀਵਨ ਅਤੇ ਜੀਵਨ ਦੀ ਹਕੀਕਤ ਨੂੰ ਸਮਝਣ ਲਈ ਸਾਨੂੰ ਆਪਣੇ ਮਾਤਾ – ਪਿਤਾ , ਦਾਦਾ – ਦਾਦੀ , ਨਾਨਾ – ਨਾਨੀ , ਵੱਡੇ ਭੈਣ – ਭਰਾਵਾਂ ਆਦਿ ਕੋਲ ਬੈਠ – ਉੱਠ ਕੇ ਕੁਝ ਸਮਾਂ ਬਤੀਤ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਵੱਲੋਂ ਸੁਝਾਏ ਰਸਤੇ 'ਤੇ ਜੀਵਨ ਵਿੱਚ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਜੀਵਨ ਦੇ ਹਰ ਮੋੜ 'ਤੇ ਚੰਗੀਆਂ ਪੁਸਤਕਾਂ , ਨੈਤਿਕ ਸਿੱਖਿਆ , ਪ੍ਰੇਰਕ ਪ੍ਰਸੰਗ , ਮਹਾਂਪੁਰਖਾਂ ਦੇ ਵਿਚਾਰਾਂ , ਉਨ੍ਹਾਂ ਦੀਆਂ ਜੀਵਨੀਆਂ , ਸਕਾਰਾਤਮਕ ਸੋਚ ਭਰਪੂਰ ਪੁਸਤਕਾਂ , ਮਾਰਗਦਰਸਨ ਕਰਨ ਵਾਲੀਆਂ ਕਹਾਣੀਆਂ , ਗਿਆਨ ਤੇ ਰੌਚਕਤਾ ਭਰਪੂਰ ਸਫ਼ਰਨਾਮਿਆਂ ਆਦਿ ਨਾਲ ਸੰਬੰਧਿਤ ਉਸਾਰੂ ਤੇ ਗੁਣਵੱਤਾ ਭਰਪੂਰ ਕਿਤਾਬਾਂ ਖ਼ਰੀਦਣ ਅਤੇ ਪੜ੍ਹਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਅਸੀਂ ਦੇਸ਼ ਦੇ ਚੰਗੇ ਨਾਗਰਿਕ ਬਣ ਕੇ ਚੰਗੇ ਸਮਾਜ ਦਾ ਨਿਰਮਾਣ ਕਰ ਸਕੀਏ। ਬੱਚਿਓ ! ਤੁਸੀਂ ਵੀ ਆਪਣੇ ਜੀਵਨ ਦੇ ਇੱਕ – ਇੱਕ ਕੀਮਤੀ ਪਲ ਦੀ ਸਾਰਥਕ ਵਰਤੋਂ ਕਰਨ ਦਾ ਪ੍ਰਣ ਅੱਜ ਹੀ ਕਰ ਲਓ , ਫਿਰ ਦੇਖਣਾ ਜੀਵਨ ਦੇ ਬੇਸ਼ਕੀਮਤੀ ਤੋਹਫ਼ੇ ਅਤੇ ਮੰਜ਼ਿ?ਲ ਤੁਹਾਡੇ ਕਦਮਾਂ ਅੱਗੇ ਹੋਣਗੇ। ਇਹ ਸਭ ਕੁਝ ਬਸ ਸਮੇਂ ਦੀ ਸਹੀ ਵਰਤੋਂ ਕਰਨ ਨਾਲ ਹੀ ਹੋਵੇਗਾ , ਜੋ ਕਿ ਕਿਸੇ ਜਾਦੂ ਤੋਂ ਘੱਟ ਨਹੀਂ ਹੋਵੇਗਾ ; ਕਿਉਂਕਿ ਕਹਿੰਦੇ ਹਨ ਕਿ 'ਮਹਾਂਪੁਰਖਾਂ ਦੇ ਕੋਲ ਸਮੇਂ ਦੀ ਕਦੇ ਵੀ ਘਾਟ ਨਹੀਂ ਹੁੰਦੀ'। ਪਿਆਰੇ ਬੱਚਿਓ ! ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ ਮੇਰੀ ਇਸ ਛੋਟੀ ਜਿਹੀ , ਪਰ ਜੀਵਨ ਵਿੱਚ ਵੱਡੇ ਅਤੇ ਸਾਰਥਕ ਬਦਲਾਓ ਲਿਆਉਣ ਵਾਲੀ ਸਲਾਹ 'ਤੇ ਜਲਦੀ ਅਤੇ ਜਰੂਰੀ ਗੌਰ ਕਰੋਗੇ ਤੇ ਅਪਣਾਓਗੇ। ਬਜੁਰਗਾਂ ਦਾ ਕਹਿਣਾ ਵੀ ਹੈ ,
" ਸਮਾਂ – ਸਮਾਂ ਸਮਰੱਥ , ਉਹੀ ਬਾਣ ਤੇ
ਉਹੀ ਅਰਜਣ ਦੇ ਹੱਥ।"

**ਮਾਸਟਰ ਸੰਜੀਵ ਧਰਮਾਣੀ 9478561356**

## ਮਨੁੱਖ ਕਿਓਂ ਆਪਣਾ ਪੱਤਣ ਆਪ ਕਰ ਰਿਹਾ ?

ਜਿੰਨੀ ਵੀ ਮਨੁੱਖ ਤਰੱਕੀ ਕਰ ਰਿਹਾ ਹੈ, ਜਿਸ ਨੂੰ ਅਸੀਂ ਅੰਗਰੇਜੀ ਭਾਸਾ ਵਿੱਚ ਡਿਜੀਟਲ ਕਹਿੰਦੇ ਹਾਂ। ਉਹਨਾਂ ਹੀ ਮਨੁੱਖ ਸੈਤਾਨ ਅਤੇ ਆਪਣੇ ਆਪ ਤੇ ਕੁਦਰਤ ਤੋਂ ਦੂਰ ਹੋਈ ਜਾ ਰਿਹਾ ਹੈ, ਜਿਸ ਦਾ ਮੁੱਖ ਕਾਰਨ ਹੈ, ਉਪਦਰ, ਬੁਖਲਾਹਟ, ਅਸਾਂਤੀ, ਏਨੀਆਂ ਸਹੂਲਤਾਂ ਹੋਣ ਤੇ ਵੀ ਮਨੁੱਖ ਅੱਜ ਸਤੁੰਸਟ ਨਹੀਂ, ਕੀ ਕਾਰਣ, ਪੁਰਾਣੇ ਸਮਿਆਂ ਦੀ ਗੱਲ ਹੈ, ਇੱਕ ਮਨੁੱਖ ਪੈਦਲ ਚੱਲ ਕੇ ਸਹਿਰ ਵਪਾਰ ਕਰਨ ਜਾਇਆਂ ਕਰਦਾ ਸੀ। ਘੱਟ ਤੋਂ ਘੱਟ ਉਹ ਆਪਣਾ ਕੰਮ ਸੱਤਾਂ, ਅੱਠਾ ਦਿਨਾਂ ਵਿੱਚ ਕਰ ਲੈਂਦਾ ਸੀ। ਹੌਲੀ ਹੌਲੀ ਤੁਰ ਕੇ ਜਾਣਾ ਰਾਹ ਵਿੱਚ ਰੁਕਣਾ,
ਦਰੱਖਤਾਂ ਦੀ ਛਾਂ ਮਾਣਨੀ , ਟੋਭਿਆਂ ਖਾਲਾ ਤੋਂ ਪਾਣੀ ਓਕ
ਨਾਲ ਪੀ ਲੈਣਾ, ਫੇਰ ਸਹਿਰ ਪਹੁੰਚ ਕੇ ਆਪਣੇ ਕੰਮ ਧੰਦੇ
ਕਰਕੇ ਵਾਪਸ ਮੁੜ ਆਉਣਾਂ,
ਵਿਗਿਆਨ ਨੇ ਤਰੱਕੀ ਕੀਤੀ ਆਉਣ ਜਾਣ ਲਈ ਨਵੇਂ ਸਾਧਨ ਪੈਦਾ ਕਰ ਲਏ, ਉਹ ਆਦਮੀ ਪੈਦਲ ਜਾਣਾ ਛੱਡ ਕੇ ਸਾਧਨ ਦੀ ਵਰਤੋਂ ਕਰਨ ਲੱਗਾ, ਉਹ ਜੋ ਕੰਮ
ਸੱਤਾ ਅੱਠਾ ਦਿਨਾਂ ਵਿੱਚ ਕਰ ਲੈਂਦਾ ਸੀ। ਉਹ ਉਨੇ ਸਮੇਂ ਵਿੱਚ ਦੋ ਵਾਰ ਸਹਿਰ ਜਾਣ ਲੱਗ ਪਿਆ। ਫੇਰ ਹੋਰ ਤੇਜੀ ਵਾਲੇ
ਸਾਧਨਾਂ ਦੁਆਰਾ ਸਮਾਂ ਸੀਮਤ ਹੋ
ਗਿਆ, ਭਾਵ ਥੋੜੇ ਸਮੇਂ ਵਿੱਚ ਕੰਮ ਕਰਨ ਲੱਗਾ। ਉਸਦਾ ਵਪਾਰ ਤੇ ਆਮਦਨ ਤਾਂ ਜਰੂਰ ਵੱਧ ਗਈ, ਪਰ ਉਪਰਾਮਤਾ, ਬੇਚੈਨੀ ਉਸ ਤੋਂ ਵੀ ਵੱਧ ਗਈ, ਲਾਲਚ ਵੱਧ ਗਿਆ। ਜੋ ਉਸ ਕੋਲ ਸਾਂਤੀ
ਅਰਾਮ ਤੇ ਸਹਿਜਤਾ ਸੀ, ਉਹ
ਲਾਲਚ ਦੀ ਧੂੜ ਵਿੱਚ ਸਭ ਗਵਾਚ ਗਿਆ, ਕੁਦਰਤ ਦੀਆਂ ਬਖਸੀਆਂ ਨਿਆਮਤਾਂ ਨਾਲੋਂ ਟੁੱਟ
ਗਿਆ, ਤੇ ਚੰਦ ਛਿੱਲੜਾਂ ਨਾਲ ਜੁੜ ਗਿਆ। ਜਿੰਨਾਂ ਮਨੁੱਖ ਆਪਣੇ ਆਪ ਨੂੰ ਸਿਆਣਾ ਸਮਝ
ਰਿਹਾ। ਉਨਾਂ ਹੀ ਅੱਜ ਦੁੱਖਾਂ ਵਿੱਚ ਘਿਰਦਾ ਜਾ ਰਿਹਾ,
ਭਾਵ ਆਪਣੇ ਆਪ ਦਾ ਦੁਸਮਣ
ਬਣ ਰਿਹਾ। ਇਹ ਗੱਲ ਬਿਲਕੁਲ ਸੱਚ ਹੈ, ਮਨੁੱਖ ਨੇ ਦੂਜਿਆਂ ਦੇ
ਮੁਕਾਬਲੇ ਆਪ ਮੂਹਰੇ ਲੰਘਣ ਲਈ ਹਰ ਢੰਗ ਵਸੀਲੇ ਤਾਂ ਵਰਤਣੇ ਸੀ, ਉਹ ਹੁਣ ਕੁਦਰਤ ਤੋ ਵੀ ਅੱਗੇ ਲੰਘਣ ਦੀ ਕੋਸ਼ਿ?ਸ,
ਕਰਦਾ, ਪਰ ਲੰਘ ਨਹੀਂ ਸਕਦਾ,
ਕਿਉਂ ਕਿ ਕੁਦਰਤ ਅਨੰਤ ਹੈ ਜਿਸ ਦਾ ਕੋਈ ਵੀ ਪਾਰਾ ਵਾਰ ਨਹੀਂ। ਮਨੁੱਖ ਦੀ ਹੋਂਦ ਕਿੰਨੀ ਕ ਹੈ ਇਹ ਸਭ ਜਾਣਦੇ ਹਨ, ਜਦੋਂ ਮਨੁੱਖ ਕੁਦਰਤ ਨਾਲ ਛੇੜ- ਛਾੜ ਕਰਦਾ ਹੈ ਤਾਂ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਪਰ ਮਨੁੱਖ ਨੂੰ ਉਸ ਦੇ ਗੰਭੀਰ ਸਿੱਟੇ ਭੁਗਤਣੇ ਪੈਂਦੇ ਹਨ। ਚਾਹੇਂ ਸੁਨਾਮੀ ਲਹਿਰਾਂ, ਤੂਫਾਨ, ਭੂਚਾਲ ਭਿਆਨਕ ਬਿਮਾਰੀਆਂ
ਆਦਿ, ਅੱਜ ਮਨੁੱਖ ਹਵਾ,ਪਾਣੀ,
ਨੂੰ ਦੂਸਿਤ ਕਰ ਰਿਹਾ, ਦਰੱਖਤਾਂ
ਦੀ ਬੇ ਵਜਾ ਕਟਾਈ,ਪੰਛੀਆਂ
ਦਾ ਅਲੋਪ ਹੋ ਜਾਣਾ ਇਹ ਸਭ ਕੁਦਰਤ ਨਾਲ ਛੇੜ – ਛਾੜ ਕਰਕੇ
ਆਪਣਾ ਪੱਤਣ ਆਪ ਕਰ ਰਿਹਾ
ਹੈ। ਇਸ ਨੂੰ ਆਪਣੇ ਪੁੱਟੇ ਖਾਤੇ
ਵਿੱਚ ਪੈਣ ਤੋਂ ਕੋਈ ਵੀ ਨਹੀਂ ਬਚਾ ਸਕਦਾ, ਪੈਸੇ ਦੀ ਅੰਨ੍ਹੀ ਦੌੜ ਨੇ ਮਨੁੱਖ ਨੂੰ ਸਭ ਵੈਰੀ ਬਣਾ ਦਿੱਤਾ। ਭੈਣ ਭਰਾ ਆਦਿ ਰਿਸਤਿਆਂ ਨੂੰ ਵੀ ਦੂਰ ਕਰ ਦਿੱਤਾ। ਸਿਆਣਿਆਂ ਦਾ ਕਥਨ ਹੈ, ਜੇ ਰਹਿੰਦੇ ਸਮੇ ਕਿਸੇ ਸਮੱਸਿਆ ਦਾ ਹੱਲ ਨਾ ਕੀਤਾ ਜਾਵੇਗਾ ਤਾਂ ਉਹ ਦਿਨ ਦੂਰ ਨਹੀਂ
ਜਦੋਂ ਮਨੁੱਖ ਨੂੰ ਕੁਦਰਤ ਦਾ ਸਭ ਤੋਂ ਵੱਡਾ ਦੁਸਮਣ ਐਲਾਨਿਆ ਜਾਵੇਗਾ। ਸੋ ਸਾਨੂੰ ਕੁਦਰਤ ਵੱਲੋਂ
ਮੁਫਤ ਵਿੱਚ ਮਿਲੀਆਂ ਚੀਜਾਂ ਦੀ
ਕਦਰ ਕਰਨੀ ਚਾਹੀਦੀ ਹੈ। ਅਸੀਂ ਕੁਦਰਤ ਨੂੰ ਖੁਸ ਕਰ ਸਕੀਏ। ਜੋ ਕੀਮਤੀ ਚੀਜਾਂ ਸਾਥੋਂ
ਗੁਆਚ ਰਹੀਆਂ ਹਨ। ਉਹਨਾਂ
ਵੱਲ ਧਿਆਨ ਕਰੀਏ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ**
**ਮੋਗਾ ਫੋਨ ਨੰਬਰ**
**94658-21417**



ਫੋਨ ਦੀ ਘੰਟੀ ਵਜਦਿਆਂ ਹੀ ਜਗਤਾਰ ਤੇ ਗੁਰਦੀਪ ਇਕ-ਦੂਜੇ ਨੂੰ ਬਿੱਟ-ਬਿੱਟ ਤੱਕਣ ਲੱਗੇ।ਰਸੋਈ'ਚ ਕੰਮ ਕਰਦੀ ਹਰਮਨ ਨੇ ਫੋਨ ਚੁੱਕਿਆ ਅਤੇ ਸਤਿ ਸ਼੍ਰੀ ਅਕਾਲ ਬੁਲਾਣ ਮਗਰੋਂ,ਦੋ-ਚਾਰ ਗੱਲਾਂ ਕਰਕੇ ਫੋਨ ਰੱਖ ਦਿੱਤਾ ਤੇ ਮੁੜ ਜਾ ਰਸੋਈ ਦੇ ਕੰਮ ਵਿਚ ਰੁੱਝ ਗਈ।ਦੋਵੇਂ ਜੀਆਂ ਦੀ ਤਕੱਣੀ ਤੋਂ ਮਲੂਮ ਹੁੰਦਾ ਸੀ ਜਿਵੇਂ ਉਨ੍ਹਾਂ ਪਹਿਲਾਂ ਹੀ ਬੁੱਝ ਲਿਆ ਸੀ ਕਿ ਫੋਨ ਹਰਮਨ ਦੀ ਮਾਂ ਦਾ ਹੈ। ਗੁਰਦੀਪ ਦੀਆਂ ਅੱਖਾਂ'ਚੋਂ ਕਿਰਦੇ ਹੰਝੂਆਂ ਨੂੰ ਦੇਖ ਕੇ ਉਸਦੇ ਦਿਲ ਦਾ ਦਰਦ ਕੋਈ ਅਣਜਾਣ ਵੀ ਬੁੱਝ ਸਕਦਾ ਸੀ।ਜਵਾਨ ਪੁੱਤ ਦੀ ਮੌਤ ਤੋਂ ਬਾਅਦ ਉਹ ਨਿੱਕੀਆਂ-ਨਿੱਕੀਆਂ ਗੱਲਾਂ ਤੇ ਫਿਸ ਪੈਂਦੀ ਤੇ ਰਾਤ ਨੂੰ ਕਿੰਨ੍ਹਾ-ਕਿੰਨ੍ਹਾ ਚਿਰ ਰੋਣ ਮਗਰੋਂ ਉਸਦੀ ਮਸਾਂ ਅੱਖ ਲਗਦੀ ਸੀ।ਦੋ ਘੜੀਆਂ ਅਰਾਮ ਕਰਨ ਤੋਂ ਬਾਅਦ ਵੀ ਫੇਰ ਉਹੀ ਲਾਲ-ਸੁਰਖ,ਸੁਜੀਆਂ ਅੱਖਾਂ ਨੂੰ ਦੇਖ ਕੇ ਜਗਤਾਰ ਕਈ ਵਾਰੀ ਕੰਬ ਜਾਂਦਾ ਸੀ।ਪਿਛਲੇ ਦੋਚਾਰ ਦਿਨਾਂ ਤੋਂ ਤਾਂ ਗੁਰਦੀਪ ਡੋਰ-ਭੋਰ ਹੋਈ ਛੱਤ ਵੱਲ ਤਕੱਦੀ ਗਹਿਰੀਆਂ ਸੋਚਾਂ ਵਿਚ ਡੁੱਬੀ ਰਹਿੰਦੀ,ਚਿੰਤਾਂ ਤੇ ਤਕਲੀਫ ਦੇ ਭਾਵ ਹਮੇਸ਼ਾ ਉਸਦੇਚਿਹਰੇ'ਤੇ ਦਿਖਾਈ ਦਿੰਦੇ।ਜਦੋਂ ਫੋਨ ਦੀ ਘੰਟੀ ਵੱਜਦੀ ਉਸਦਾ ਧੱਕਦਾ ਕਲੇਜਾ ਬਾਹਰ ਆਉਣ ਨੂੰ ਹੋ ਜਾਂਦਾ।ਇਸ ਤੋਂ ਪਹਿਲਾਂ ਜਗਤਾਰ ਕੁਝ ਪੁੱਛਦਾ,ਗੁਰਦੀਪ ਅਚਣਚੇਤ ਕਹਿ ਬੈਠੀ -"ਜਵਾਨ ਪੁੱਤ ਤਾਂ ਗਵਾ ਬੈਠੇ ਹਾਂਹੁਣ ਇਹ ਨੂੰਹ ਵੀ ਸਾਡੀ ਨਹੀਂ ਰਹਿਣੀ।" "ਇਹੋ ਜਿਹੇ ਚੰਦਰੇ ਬੋਲ ਕਿਉਂ ਬੋਲਦੀ ਹੈ ?ਇਹੋ ਜਿਹੀ ਸੁਲੱਝੀ ਹੋਈ ਗੁਣਵਾਨ ਨੂੰਹ ਰੱਬ ਕਿਸੇ ਭਾਗਾਂ ਵਾਲੇ ਨੂੰ ਹੀ ਦਿੰਦਾ ਹੈ।"-ਜਗਤਾਰ ਨੇ ਵਿਚੋਂ ਟੋਕਦਿਆਂ ਕਿਹਾ।"ਸਾਡੇ ਭਾਗ ਹੀ ਤਾਂ ਚੰਗੇ ਨਹੀਂਨਹੀਂ ਤਾਂ ਜਵਾਨ ਪੁੱਤ ਦੀ ਮੌਤ ਕਿਉਂ ਦਿਖਾਉਂਦਾ ਰੱਬ ਸਾਨੂੰ "ਕਹਿ ਕੇ ਗੁਰਦੀਪ ਫੇਰ ਡੁਸਕਣ ਲੱਗੀ। ਅੱਜ ਪਹਿਲੀ ਵਾਰ ਸੀ ਜਦੋਂ ਜਗਤਾਰ ਨੂੰ ਗੁਰਦੀਪ ਦੀਆਂ ਗੱਲਾਂ ਦੀ ਕੋਈ ਸਮਝ ਨਹੀਂ ਪੈਂਦੀ ਸੀ।ਉਹ ਹਰ ਹੀਲੇ ਗੁਰਦੀਪ ਦੇ ਦਿਲ ਦੀਆਂ ਗੁੱਝੀਆਂ ਰਮਜ਼ਾਂ ਜਾਣਨਾ ਚਾਹੁੰਦਾ ਸੀ।ਬਹੁਤ ਟਟੋਲਣ ਮਗਰੋਂ ਗੁਰਦੀਪ ਕਹਿਣ ਲੱਗੀ-"ਪਹਿਲਾਂ ਹਰਮਨ ਦੀ ਮਾਂ ਦਾ ਫੋਨ ਕਦੀ-ਕਦਾਈਂ ਆਉਂਦਾ ਸੀ,ਹੁਣ ਤਾਂ ਉਹ ਦਿਹਾੜੀ'ਚ ਚਾਰ-ਪੰਜ ਫੋਨ ਕਰਦੀ ਹੈ" ਜਗਤਾਰ ਨੇ ਵਿਚੋਂ ਟੋਕਦਿਆਂ ਕਿਹਾ-"ਉਹ ਉਸਦੀ ਮਾਂ ਹੈ,ਜੇ ਅਸੀਂ ਆਪਣਾ ਪੁੱਤ ਗਵਾਇਆ ਹੈ ਤਾਂ ਉਨ੍ਹਾਂ ਵੀ ਤਾਂ ਆਪਣਾ ਜਵਾਈ ਗਵਾਇਆ ਹੈ ਜਵਾਨ ਧੀ ਦੀ ਇਹੋ ਜਿਹੀ ਹਾਲਤ ਕਿਹੜੀ ਮਾਂ ਸਹਾਰ ਸਕਦੀ ਹੈ ?...ਜੇ ਭੈਣ ਜੀ ਦੋ ਗੱਲਾਂ ਕਰਕੇ ਆਪਣੀ ਧੀ ਨਾਲ ਦੁੱਖ ਵੰਡਾ ਲੈਂਦੇ ਹਨ ਤਾਂ ਇਸ ਵਿੱਚ ਕੀ ਹਰਜ਼ ਹੈ ?..."" ਮੈਂ ਕਦੋਂ ਕਿਹਾ ਕੋਈ ਹਰਜ਼ ਹੈਂ ?...ਪਰ ਉਨ੍ਹਾਂ ਹੁਣ ਹਰਮਨ ਨੂੰ ਸਾਡੇ ਕੋਲ ਟਿਕੱਣ ਨਹੀਂ ਦੇਣਾ,ਉਹ ਆਪਣੀ ਧੀ ਨੂੰ ਸਾਡੇ ਕੋਲੋਂ ਅੱਡ ਕਰਕੇ ਲੈ ਜਾਣਗੇ"ਕਹਿੰਦੀ ਗੁਰਦੀਪ ਨੂੰਹ ਪ੍ਰੇਮ ਵਿੱਚ ਭਿੱਜੀ ਰੋਣ ਲੱਗ ਪਈ।ਰਸੋਈ'ਚ ਕੰਮ ਕਰ ਰਹੀ ਹਰਮਨ ਦੋਹਾਂ ਜੀਆਂ ਦੀਆਂ ਗੱਲਾਂ ਸੁਣ ਰਹੀ ਸੀ,ਵਿਚੋਂ ਆ ਕੇ ਬੀਜੀ ਦੇ ਗੱਲ ਬਾਹਾਂ ਵਲ੍ਹਾਂ ਕੇ ਕਹਿਣ ਲੱਗੀ-"ਬੀਜੀ ਮੇਰੀ ਮਾਂ ਤੁਸੀਂ ਹੋ ਤੇ ਮੈਂ ਤੁਹਾਨੂੰ ਛੱਡ ਕੇ ਕਿੱਥੇ ਨਹੀਂ ਜਾਣਾ।ਹੁਣ ਇਹ ਹੀ ਮੇਰਾ ਘਰ ਹੈ,ਜੀਤ ਜਾਣ ਲੱਗਿਆਂ ਮੈਨੂੰ ਤੁਹਾਡੀ ਤੇ ਬਾਪੂ ਜੀ ਦੀ ਜ਼ਿੰਮੇਵਾਰੀ ਦੇ ਕੇ ਗਏ ਹਨ,ਉਨ੍ਹਾਂ ਦੇ ਸਾਰੇ ਅਧੂਰੇ ਕੰਮ ਹੁਣ ਮੈਂ ਹੀ ਪੂਰੇ ਕਰਨੇ ਹਨ।" "ਨਹੀਂ ਧੀਏ ਅਜੇ ਤੇਰੀ ਉਮਰ ਹੀ ਕੀ ਹੈ ?...ਜੇ ਤੇਰੇ ਮਾਪੇ ਤੈਨੂੰ ਵਾਪਸ ਬੁਲਾਉਣਾ ਚਾਹੁੰਦੇ ਹਨ ਤਾਂ ਅਸੀਂ ਆਪ ਤੈਨੂੰ ਛੱਡ ਆਵਾਂਗੇਤੈਨੂੰ ਰੋਲ੍ਹਣ ਲਈ ਤੇ ਨਹੀਂ ਲਿਆਏ ਸੀ,ਜੇ ਜੀਤ ਜਿਉਂਦਾ ਹੁੰਦਾ ਤਾਂ ਗੱਲ ਹੋਰ ਸੀ ਪਰ ਜੇ ਉਹ ਹੀ ਇਸ ਦੁਨਿਆਂ'ਚ ਨਹੀਂ ਰਿਹਾ ਤਾਂ ਤੂੰ ਇੱਥੇ ਇਕੱਲੀ ਰਹਿ ਕੇ ਕੀ ਕਰੇਂਗੀ।"-ਜਗਤਾਰ ਨੇ ਹਰਮਨ ਨੂੰ ਸਮਝਾਉਂਦਿਆਂ




ਕਿਹਾ।

"ਨਹੀਂ ਬਾਪੂ ਜੀ ਮੈਂ ਇੱਥੇ ਹੀ ਤੁਹਾਡੇ ਕੋਲ ਤੁਹਾਡੀ ਧੀ ਬਣਕੇ ਰਹਾਂਗੀਮੈਂ ਨਹੀਂ ਜਾਣਾ ਇਸ ਘਰ ਤੋਂ" ਕਹਿ ਕੇ ਰੋਂਦੀ ਹੋਈ ਹਰਮਨ ਆਪਣੇ ਕਮਰੇਂ'ਚ ਚਲੀ ਗਈ। ਹਰਮਨ ਦੇ ਅਣਭੋਲ ਬੋਲੇ ਇਹ ਬੋਲ ਜਗਤਾਰ ਅਤੇ ਗੁਰਦੀਪ ਦੇ ਦਿਲਾਂ ਵਿਚ ਘਰ ਕਰ ਗਏ।'ਧੀ'ਸ਼ਬਦ ਕਿਨ੍ਹਾਂ ਹੀ ਚਿਰ ਉਨ੍ਹਾਂ ਦੇ ਕੰਨਾਂ ਵਿਚ ਗੂੰਜਦਾ ਰਿਹਾ। ਉੱਧਰ ਸ਼ਰੀਕੇ ਵਿਚ ਵੀ ਗੱਲਾਂ ਹੁੰਦੀਆਂ ਕਿ ਹਰਮਨ ਇਤਨੀ ਸੁਲੱਝੀ ਹੋਈ ਅਤੇ ਪੜ੍ਹੀ -ਲਿਖੀ ਕੁੜੀ ਹੈ ਕਿ ਉਹ ਆਪਣੇ ਮਾਂ-ਪਿਓ ਤੋਂ ਵੱਧ ਕੇ ਆਪਣੇ ਸੱਸ-ਸਹੁਰੇ ਦੀ ਸਾਂਭ-ਸੰਭਾਲ ਕਰੇਗੀ।ਸਾਰੀ ਬਰਾਦਰੀ ਵਿਚ ਹਰਮਨ ਦੇ ਸਹੁਪਣ ਅਤੇ ਗੁਣਾਂ ਦੇ ਚਰਚੇ ਹੁੰਦੇ ਸਨ।ਅਜੇ ਸਾਲ ਪਹਿਲਾਂ ਹੀ ਤਾਂ ਮਲੂਕ ਜਿਹੀ ਹਰਮਨ ਜੀਤ ਨਾਲ ਵਿਆਹ ਕੇ ਇਸ ਘਰ'ਚ ਆਈ ਸੀ।ਆਉਂਦਿਆਂ ਹੀ ਉਸਨੇ ਸੱਸ-ਸਹੁਰੇ ਦਾ ਦਿਲ ਜਿੱਤ ਲਿਆ ਸੀ ਤੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਹੋਲ੍ਹੀ-ਹੋਲੀ ਕਰਕੇ ਆਪਣੇ ਮੋਢਿਆਂ ਉੱਤੇ ਲੈ ਲਈਆਂ ਸਨ। ਹੱਸਦੇ-ਖੇਡਦੇ ਇਸ ਪਰਿਵਾਰ ਨਾਲ ਹੋਣੀ ਐਸੀ ਵਾਪਰੀ ਕਿ ਅਚਣਚੇਤ ਹੋਈ ਜੀਤ ਦੀ ਐਕਸੀਡੈਂਟ ਨਾਲ ਮੌਤ ਨੇ ਜਿਵੇਂ ਇਸ ਘਰ ਦੀਆਂ ਖੁਸ਼ੀਆਂ ਹੀ ਖੋਹ ਲਈਆਂ ਸਨ।ਪਹਿਲਾਂ ਤਾਂ ਬੇਸੁੱਧ ਹੋਈ ਹਰਮਨ ਕਿਤਨਾ ਹੀ ਚਿਰ ਸੱਦਮੇਂ'ਚ ਰਹੀ ਮਗਰੋਂ ਜੀਤ ਦੇ ਬਜ਼ੁਰਗ ਮਾਪੇ ਅਤੇ ਘਰ ਦੇ ਵਿਗੜਦੇ ਹਾਲਾਤਾਂ ਨੂੰ ਸਾਂਭਣ ਲਈ ਉਸਨੇ ਆਪਣੇ ਆਪ ਨਾਲ ਅਤੇ ਆਪਣੇ ਜਜ਼ਬਾਤਾਂ ਨਾਲ ਸਮਝੋਤਾ ਕੀਤਾ ਤੇ ਮੁੜ ਨੌਕਰੀ ਤੇ ਜਾਣਾ ਸ਼ੁਰੂ ਕਰ ਦਿੱਤਾ। ਛੇ ਮਹੀਨੇ ਹੋ ਗਏ ਜੀਤ ਦੀ ਮੌਤ ਨੂੰ ਹੁਣ ਉਹ ਘਰ ਅਤੇ ਬਜ਼ੁਰਗ ਸੱਸ-ਸਹੁਰੇ ਦੀ ਸੇਵਾ-ਸੰਭਾਲ ਵਿਚ ਰੁੱਝ ਗਈ ਅਤੇ ਸੰਘਰਸ਼ਮਈ ਜੀਵਨ ਦੀ ਜੰਗ ਨਾਲ ਜੂਝਣ ਲੱਗੀ।ਜੀਤ ਦੀਆਂ ਦੋਵੇਂ ਵੱਡੀਆਂ ਭੈਣਾਂ ਆਪੋ-ਆਪਣੇ ਘਰ ਵਿਆਹੀਆਂ ਗਈਆਂ ਸਨ ਅਤੇ ਮਾਪਿਆਂ ਦਾ ਇਕੋ-ਇਕ ਪੁੱਤ ਜੀਤ ਵੀ ਇਸ ਜਹਾਨੋਂ ਜਾ ਚੁੱਕਾ ਸੀ।ਹੁਣ ਹਰਮਨ ਨੇ ਇਸ ਘਰ ਨੂੰ ਮੁੜ ਸਾਂਭਣ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਲੈ ਲਈ ਸੀ।ਹਰਮਨ ਦਾ ਪੇਕਾ ਪਰਿਵਾਰ,ਮਾਂ-ਪਿਓ,ਭੈਣ-ਭਰਾ ਉਸਨੂੰ ਵਾਪਸ ਪਰਤਣ ਲਈ ਹਿਦਾਇਤਾਂ ਦਿੰਦੇ ਪਰ ਉਹ ਆਪਣਾ ਮਨ ਪੱਕਾ ਕਰ ਚੁੱਕੀ ਸੀ ਤੇ ਸੱਸ-ਸਹੁਰੇ ਅਤੇ ਜੀਤ ਦੇ ਘਰ ਦੀ ਸਾਂਭ-ਸੰਭਾਲ ਨੂੰ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਬਣਾ ਬੈਠੀ ਸੀ। ਪਿਛਲੇ ਦਿਨੀਂ ਸਾਰਾ-ਸਾਰਾ ਦਿਨ ਰੋਣ-ਡੁਸਕਣ ਵਾਲੀ ਗੁਰਦੀਪ ਵਿਚ ਇਕ-ਦਮ ਤਬਦੀਲੀ ਆਈ।ਹੁਣ ਉਹ ਆਪਣੀ ਨੂੰਹ ਨਾਲ ਕੰਮ ਵਿਚ ਹੱਥ ਵੰਡਾਉਂਦੀ ਅਤੇ ਉਸਦੇ ਦਫਤਰ ਜਾਣ ਮਗਰੋਂ ਆਪਣੇ ਪਤੀ ਜਗਤਾਰ ਨਾਲ ਘਰੋਂ ਨਿਕਲਦੀ ਅਤੇ ਹਰਮਨ ਦੇ ਦਫਤਰੋਂ ਮੁੜਨ ਤੋਂ ਪਹਿਲਾਂ ਦੋਵੇਂ ਜੀਅ ਘਰ ਪਰਤ ਆਉਂਦੇ।ਦੋ ਮਹੀਨੇ ਦੇ ਟੋਰੇ-ਫੇਰੇ ਅਤੇ ਅੱਡੀਆਂ ਰਗੜ੍ਹਨ ਤੋਂ ਬਾਅਦ ਅੱਜ ਉਨ੍ਹਾਂ ਦੇ ਮੁੱਖ ਤੇ ਜਿੱਤ ਦੀ ਖੁਸ਼ੀ ਅਤੇ ਸਕੂਨ ਦੇ ਭਾਵ ਨਜ਼ਰ ਆਉਂਦੇ ਸੀ।ਗੁਰਦੀਪ ਨੇ ਸ਼ਾਮ ਨੂੰ ਘਰ ਪਰਤੀ ਹਰਮਨ ਨਾਲ ਬੈਠ ਕੇ ਚਾਹ ਪੀਤੀ ਅਤੇ ਗੱਲਾਂ ਦੌਰਾਨ ਅਗਲੇ ਦਿਨ ਦਫਤਰ ਤੋਂ ਛੁੱਟੀ ਲੈਣ ਲਈ ਕਿਹਾ।ਹਰਮਨ ਦੇ ਹੈਰਾਨੀ ਨਾਲ ਕਾਰਨ ਪੁੱਛਣ ਤੇ ਗੁਰਦੀਪ ਨੇ ਦਸਿਆ ਕਿ ਉਸਨੇ ਹਰਮਨ ਵਾਸਤੇ ਚੰਗੇ ਘਰ ਦਾ ਮੁੰਡਾ ਟੋਲਿਆ ਹੈ,ਮੁੰਡਾ ਕਿਸੇ ਵੱਡੀ ਕੰਪਨੀ ਵਿਚ ਮੈਨੇਜਰ ਹੈ ਤੇ ਮਹੀਨੇ ਦੀ ਚੰਗੀ ਤਨਖਾਹ ਲੈਂਦਾ ਹੈ ਅਤੇ ਹਰਮਨ ਨਾਲ ਵਿਆਹ ਕਰਨ ਲਈ ਰਾਜ਼ੀ ਹੈ ਤੇ ਜੇ ਹਰਮਨ ਵੀ ਇਸ ਰਿਸ਼ਤੇ ਲਈ ਹਾਂ ਕਰ ਦੇਵੇ ਤਾਂ ਗੁਰਦੀਪ ਅੱਗੇ ਗੱਲ ਤੋਰੇਗੀ।ਮੁੰਡੇ ਵਾਲਿਆਂ ਦੀਆਂ ਸਿਫਤਾਂ ਕਰਦਿਆਂ ਉਸਨੇ ਮੁੰਡੇ ਦੀ ਫੋਟੋ ਹਰਮਨ ਦੇ ਹੱਥ'ਚ ਫੜਾਈ।ਉਸਦੀਆਂ ਅੱਖਾਂ ਦੀ ਚਮਕ ਤੋਂ ਪਤਾ ਲੱਗਦਾ ਸੀ ਕਿ ਉਸਨੇ ਆਪਣੀ ਹਰਮਨ ਵਾਸਤੇ ਮਨਭਾਉਂਦਾ ਹਾਣੀ ਲੱਭ ਲਿਆ ਸੀ। ਹਰਮਨ ਦੇ ਸਾਫ ਇਨਕਾਰ ਕਰਨ ਤੇ ਗੁਰਦੀਪ ਨੇ ਉਸਨੂੰ ਆਪਣੇ ਪਿਆਰ ਦੇ ਵਾਸਤੇ ਪਾਏ ਅਤੇ ਜ਼ਿੰਦਗੀ ਦੇ ਕੌੜੇ-ਮਿੱਠੇ ਤਜ਼ਰਬੇ ਸਾਂਝੇ ਕਰਦਿਆਂ ਹੋਇਆ ਸਹੇਲੀਆਂ ਵਾਂਗ ਸਮਝਾਇਆ।ਜਗਤਾਰ ਨੇ ਵੀ ਆਪਣੀ ਪੱਗ ਦਾ ਵਾਸਤਾ ਪਾਉਂਦੇ ਹੋਏ ਕਿਹਾ-"ਪੁੱਤ ਸਾਡੇ ਦੋਹਾਂ ਜੀਆਂ ਦਾ ਕੋਈ ਵਿਸਾਹ ਨਹੀਂ ਅਸੀਂ ਕਦੋਂ ਜੀਤ ਕੋਲ ਟੁਰ ਜਾਣਾ ਹੈ,ਤੂੰ ਹੁਣ ਸਾਡੀ ਜ਼ਿੰਮੇਵਾਰੀ ਹੈਤੈਨੂੰ ਡੋਲੀ ਤੋਰ ਕੇ ਅਸੀਂ ਬੇਫਿਕਰੇ ਇਸ ਜਹਾਨੋਂ ਜਾ ਸਕਾਂਗੇ।"ਹਰਮਨ ਦੀਆਂ ਕਈ ਦਲੀਲਾਂ ਤੋਂ ਬਾਵਜੂਦ ਦੋਵੇਂ ਜੀਅ ਜਿਵੇਂ ਆਪਣੀ ਇਸ ਧੀ ਨੂੰ ਮੁੜ ਵਸਾਉਣ ਦੀ ਪੱਕੀ ਧਾਰ ਚੁੱਕੇ ਸਨ।ਉਨ੍ਹਾਂ ਦੀਆਂ ਗੱਲਾਂ ਨਾਲ ਭਾਵੁਕ ਹੋਈ ਹਰਮਨ ਨੇ ਭਰੇ ਮਨ ਨਾਲ ਹਾਮੀ ਭਰ ਦਿੱਤੀ। ਆਪਣੇ ਬੁਢਾਪੇ ਦੇ ਸਹਾਰੇ ਦੀ ਪਰਵਾਹ ਕੀਤੇ ਬਿਨ੍ਹਾਂ ਸਾਰੇ ਸਵਾਰਥਾਂ ਤੋਂ ਉਪਰ ਉਠ ਕੇ ਕੁਝ ਕੁ ਦਿਨਾਂ ਅੰਦਰ ਹੀ ਜਗਤਾਰ ਅਤੇ ਗੁਰਦੀਪ ਨੇ ਆਪਣੀ ਜ਼ਿੰਦਗੀ ਦੀ ਸਾਰੀ ਜਮਾ ਪੂੰਜੀ ਖਰਚ ਕੇ ਆਪਣੀ ਨੂੰਹ ਨੂੰ ਧੀ ਵਾਂਗ ਡੋਲੀ'ਚ ਤੋਰਿਆ।ਜਿੱਥੇ ਢਿੱਡੋਂ ਜੰਮੀਆਂ ਦੋ ਧੀਆਂ ਨੂੰ ਪਾਲ ਕੇ ਵੱਡਾ ਕਰਕੇ ਤੋਰਨ ਲਗਿਆ ਗੁਰਦੀਪ ਦੀਆਂ ਅੱਖਾਂ'ਚੋਂ ਹੰਝੂ ਕਿਰੇ ਸਨ,ਅੱਜ ਉਸ ਤੋਂ ਕਿੱਤੇ ਵੱਧ ਕਾਲਜੇ ਦੇ ਟੁਕੜੇ ਹਰਮਨ ਨੂੰ ਤੋਰਨ ਲਗਿਆ ਉਹ ਕੁਰਲਾਈ ਸੀ।ਹੰਝੂਆਂ ਅਤੇ ਸਕੂਨ ਭਰੇ ਅਹਿਸਾਸਾਂ ਨਾਲ ਹਰਮਨ ਦੀ ਡੋਲੀ ਤੋਰ ਕੇ ਦੋਹਾਂ ਜੀਆਂ ਨੇ ਸਮਾਜ ਨੂੰ ਦੱਸ ਦਿੱਤਾ ਕਿ ਰਿਸ਼ਤੇ ਸੁਆਰਥ ਨਾਲ ਨਹੀਂ ,ਸਗੋਂ ਦਿਲਾਂ ਦੀ ਸਾਂਝ ਨਾਲ ਨਿਭੱਦੇ ਹਨ।

**ਸ਼ਰਨਜੀਤ ਕੌਰ ਅਨਹਦ 8527828852**
**silkysingh.anhad @gmail.com**

# ਮਿੰਨੀ ਕਹਾਣੀ

## ਕਰਤਾਰਪੁਰ ਸਾਹਿਬ ਅਜੇ ਦੂਰ

ਗੁਰਪੀਰ ਸਿੰਘ ਹਰ ਰੋਜ ਸਵੇਰੇ ਆਪਣੇ ਬਚਿੱਆ ਨੂੰ ਲੈ ਕੇ ਕੋਰੀਡੋਰ ਪਹੁੰਚ ਜਾਂਦਾ ਪਰ ਕੁਝ ਦੇਰ ਰੁਕਣ ਤੋ ਬਾਅਦ ਵਾਪਿਸ ਘਰ ਆ ਜਾਂਦੇ ਤੇ ਜਦੋ ਛੋਟੇ ਬੱਚੇ ਸਹਿਜ ਸਿੰਘ ਤੇ ਮਨਰੀਤ ਕੌਰ ਵਾਪਿਸ ਆਉਣ ਬਾਰੇ ਪੁਛਦੇ ਕਿ ਸਾਡੇ ਤੋ ਮਗਰੋ ਆਏ ਸਭ ਜਾ ਰਹੇ ਸਨ ਤੇ ਅਸੀ ਕਿਉ



ਵਾਪਿਸ ਆ ਜਾਂਦੇ ਹਾਂ ਉਥੇ ਤਾਂ ਅਸੀ ਤੁਰ ਕੇ ਚਲੇ ਜਾਵਾਂਗੇ । ਗੁਰਪੀਰ ਆਪਣੇ ਅਣਭੋਲ ਬਚਿੱਆ ਨੂੰ ਕਹਿੰਦਾ ਤੁਹਾਡੀ ਮੰਮੀ ਸਾਡੇ ਨਾਲ ਨਹੀ ਸੀ ਇਸ ਕਰਕੇ ਨਹੀ ਗਏ ਸਹਿਜ ਤੇ ਮਨਰੀਤ ਇਕਠੇ ਬੋਲੇ ਸਵੇਰੇ ਸਵਖਤੇ ਅਸੀ ਜਾਂਵਾਗੇ ਜੇ ਕਲ ਵੀ ਨਾ ਜਾ ਸਕੇ ਤਾਂ ਅਸੀ ਉਥੇ ਹੀ ਸੌਉ ਜਾਣਾ ਫਿਰ ਤਾ ਸਾਡਾ ਪਹਿਲਾ ਨੰਬਰ ਹੋਉਗਾ । ਬਚਿਆ ਦੀਆ ਗੱਲਾ ਸੁਣਕੇ ਉਸਦਾ ਮਨ ਭਰ ਆਇਆ ਤੇ ਬਲਿਆ ਇਹ ਲਾਂਘਾ ਕਹਿਣ ਨੂੰ ਤਾਂ ਸਾਰੀ ਸੰਗਤ ਵਾਸਤੇ ਖੁਲਿਆ ਹੈ ਪਰ ਜਾ ਸਰਦੇ ਪੁਜਦੇ ਘਰਾਂ ਵਾਲੇ ਅਮੀਰ ਲੋਕ ਹੀ ਜਾ ਸਕਦੇ ਹਨ 1600 ਰੁਪਏ ਐਂਟਰੀ ਫੀਸ ਤੇ 1500 ਰੁਪਏ ਪਾਸਪੋਰਟ ਵਾਸਤੇ । ਪਾਸਪੋਰਟ ਸਾਡੇ ਕਿਸੇ ਕੰਮ ਨਹੀ ਆਉਣਾਂ ਸੋ ਕਰਤਾਰ ਪੁਰ ਸਾਹਿਬ ਅਜੇ ਦੂਰ ਪਰ ਜਦੋ ਵੀ ਹੱਥ ਸੁਖਾਲਾ ਹੋਇਆ ਆਪਾ ਜਰੂਰ ਜਾਂਵਾਗੇ

**ਪਰਵਿੰਦਰ ਸਿਘ ਢਿਲੋਂ**
516-234-8545

## ਸਿਰਲੇਖ - ਕਮਲ

ਸਰਕਾਰੀ ਦਫਤਰ ਦੇ ਬਾਹਰ ਨਾਰੇ ਲੱਗ ਰਹੇ ਸੀ...," ਸਾਡੇ ਪੈਸੇ ਵਾਪਸ ਕਰੋ...ਭ੍ਰਿਸ਼ਟਾਚਾਰ ਨੂੰ ਖਤਮ ਕਰੋ...," ਸਰਕਾਰੀ ਦਫਤਰ ਵਿੱਚ ਲੱਗਾ ਕੋਈ ਨੇਤਾ ਬਾਹਰ ਨਾ ਆਇਆ ਜਦ ਕਿ ਪੰਜ ਕੁ ਮਿੰਟ ਬਾਅਦ ਨੇਤਾ ਜਗਵਿੰਦਰ ਸਿੰਘ ਆਇਆ ਜੋ ਕਿ ਆਪਣੇ ਦਫਤਰ ਦਾ ਸਬ ਤੋਂ ਇਮਾਨਦਾਰ ਨੇਤਾ ਹੈ ਜਿਸ ਨੇ ਕਦੇ ਲੋਕਾਂ ਦਾ ਪੈਸਾ ਨਹੀ ਖਾਦਾ... ਤੇ ਉਸ ਨੇ ਲੋਕਾਂ ਨੂੰ ਸ਼ਾਂਤ ਕੀਤਾ ਤੇ ਕਿਹਾ ਕਿ ਇੰਝ ਨਾਰੇ ਲਾ ਕੇ ਕੀ ਹੋਣਾ ਹੈ ਤੁਸੀ ਸਾਰੇ ਸ਼ਾਂਤੀ ਨਾਲ ਅੰਦਰ ਆ ਕੇ ਗੱਲ ਕਰੋ, ਨਾਲੇ ਅਸੀ ਨੇਤਾ ਤੁਹਾਡੀਆਂ ਹੀ ਸਮਸਿਆਵਾਂ ਸੁਨਣ ਨੂੰ ਹਾਂ, "। ਇੰਨੇ ਨੂੰ ਭੀੜ ਵਿੱਚੋਂ ਇਕ ਔਰਤ ਜਗਵਿੰਦਰ ਸਿੰਘ ਨੂੰ ਫਟਕਾਰਦੀ ਹੈ," ਜਾ ਜਾ ਭਾਈ ਤੂੰ ਆਇਆ ਵੱਡਾ ਇਮਾਨਦਾਰ ਤੇ ਰਹਿਮ ਦਿਲ ਨੇਤਾ ਤੂੰ ਵੀ ਬਾਕੀਆਂ ਵਰਗਾ ਹੀ ਹੈ..... ਤੁਸੀਂ ਤਾਂ ਸਾਡੇ ਪੈਸੇ ਖਾ ਕੇ ਜਨਤਾ ਤੋਂ ਪੁੱਛੋ ਨਾ... ਵੱਡਾ ਆਇਆ ...," ਇੰਨੇ ਨੂੰ ਸਾਰੇ ਪਿੰਡ ਦੇ ਲੋਕ ਉੱਥੋਂ ਚਲੇ ਗਏ।

ਜਗਵਿੰਦਰ ਸਿੰਘ ਨੂੰ ਇਹ ਗੱਲ ਬਹੁਤ ਬੁਰੀ ਲੱਗੀ, ਦੱਸ ਸਾਲ ਜਨਤਾ ਦੇ ਹਿੱਤ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨ ਵਾਲਾ ਜਗਵਿੰਦਰ ਡੂੰਘੀ ਸੋਚ ਵਿੱਚ ਡੁੱਬਾ ਸੀ ਇੰਨੇ ਨੂੰ ਉਸ ਦੀ ਵਹੁਟੀ ਉਸ ਨੂੰ ਆਖਦੀ ਹੈ ..,' ਕਿ ਹੋਇਆ ਸਰਦਾਰ ਜੀ... ਤੁਸੀ ਅੱਜ ਬਹੁਤ ਉਦਾਸ ਹੋ..ਸਭ ਠੀਕ ਤਾਂ ਹੈ ? ? ਇੰਨੇ ਨੂੰ ਉਹ ਆਪਣੀ ਵਹੁਟੀ ਨੂੰ ਕਹਿੰਦਾ ਹੈ..,' ਸਰਦਾਨੀਏ ਤੈਨੂੰ ਸਾਹਮਣੇ ਕੀ ਨਜਰ ਆ ਰਿਹਾ ਹੈ..? ਉਸ ਦੀ ਪਤਨੀ ਨੇ ਕਿਹਾ.. ਝਿੱਕੜ... ਗੰਦ ਸਰਦਾਰ ਜੀ.. ਵੋਹਟੀ ਦਾ ਜਵਾਬ ਸੁਣ ਕੇ ਜਗਵਿੰਦਰ ਸਿੰਘ ਕਹਿੰਦਾ... ਹੋਰ ਕੀ ਨਜਰ ਆ ਰਿਹਾ ਹੈ ਤੁਹਾਨੂੰ ?

ਪੰਜ ਕੁ ਮਿੰਟ ਸੋਚਣ ਤੋਂ ਬਾਅਦ ਉਸ ਦੀ ਵੋਹਟੀ ਨੇ ਕਿਹਾ...,' ਸਰਦਾਰ ਜੀ ਮੈਨੂੰ ਤਾਂ ਬਸ ਝਿੱਕੜ ਹੀ ਨਜਰ ਆ ਰਿਹਾ ਹੈ..!

ਇੰਨੇ ਨੂੰ ਜਗਵਿੰਦਰ ਸਿੰਘ ਨੇ ਦੁਖ ਭਰੀ ਆਵਾਜ ਚ ਹਸ ਕੇ ਕਿਹਾ.. ਸਰਦਾਨੀਏ ਇਸ ਝਿਕੜ ਦੇ ਖੱਬੀ ਪਾਸੇ ਓਹ ਦੇਖ ਕਿੰਨਾ ਸੋਹਣਾ ਕਮਲ ਦਾ ਫੁਲ ਹੈ ਜੋ ਤੈਨੂੰ ਨਜਰ ਨਹੀ ਆਇਆ... ਅੱਖਾਂ ਚ ਹੰਝੂ ਲੈ ਕੇ ਜਗਵਿੰਦਰ ਨੇ ਕਿਹਾ ...," ਅਸਲ ਜਿੰਦਗੀ ਵਿੱਚ ਵੀ ਅਜਿਹਾ ਹੀ ਹੈ ਬੁਰੇ ਬੰਦਿਆਂ ਚ ਘਿਰਿਆ ਚੰਗਾ ਬੰਦਾ ਵੀ ਦਾਗੀ ਹੈ ਤੇ ਉਹ ਚੰਗਾ ਬੰਦਾ ਕਿਸੇ ਨੂੰ ਨਜਰ ਨਹੀ ਆਉਦਾ... ਜਿਵੇਂ ਤੈਨੂੰ ਇਸ ਗੰਦ ਵਿੱਚ ਸੋਹਣਾ ਤੇ ਸ਼ੁੱਧ ਕਮਲ ਨਹੀ ਨਜਰ ਆਇਆ। ਇਹ ਕਹਿ ਜਗਵਿੰਦਰ ਗੁਰਦੁਆਰੇ ਚਲਾ ਜਾਂਦਾ ਹੈ।

**ਜਾਨਵੀ ਬਿੱਠਲ**
97819-29714

ਜੱਸੀ ਬੁਰੀ ਤਰਾਂ ਨਾਲ ਚੌਂਕ ਪਈ ਜਦੋਂ ਕਈ ਸਾਲਾਂ ਬਾਅਦ ਉਸ ਦਾ ਸਾਹਮਣਾ ਆਪਣੇ ਪੁਰਾਣੇ ਆਸ਼ਕ ਸੁੱਖੇ ਨਾਲ ਹੋ ਗਿਆ। ਉਸ ਦੀਆਂ ਅੱਖਾਂ ਅੱਗੇ ਕਾਲਜ ਵੇਲੇ ਦੀ ਜ਼ਿੰਦਗੀ ਫਿਲਮ ਦੀ ਰੀਲ ਵਾਂਗ ਘੁੰਮਣ ਲੱਗ ਪਈ। ਜੱਸੀ ਸਧਾਰਨ ਪਰਿਵਾਰ ਦੀ ਸੀ। ਰੋਜ਼ਾਨਾ ਬੱਸ ਵਿੱਚ ਕਾਲਜ ਆਉਂਦੇ ਸਮੇਂ ਸੁੱਖੇ ਨਾਲ ਕਦੋਂ ਉਸ ਦੀਆਂ ਅੱਖਾਂ ਲੜ ਗਈਆਂ, ਪਤਾ ਹੀ ਨਾ ਲੱਗਾ। ਸੁੱਖਾ ਵੀ ਮੱਧ ਵਰਗੀ ਪਰਿਵਾਰ ਨਾਲ ਸਬੰਧਿਤ ਸੀ, ਪਰ ਉਸ ਦੇ ਸੁਪਨੇ ਬਹੁਤ ਉੱਚੇ ਸਨ। ਕੀ ਬੇਫਿਕਰੀ ਭਰੇ ਸੁਪਨਈ ਦਿਨ ਸਨ। ਸਾਰੇ ਕਾਲਜ ਵਿੱਚ ਉਹਨਾਂ ਦੇ ਇਸ਼ਕ ਦੇ ਚਰਚੇ ਗਰਮ ਸਨ। ਦੋਵਾਂ ਦਾ ਸਮਾਂ ਕਾਲਜ ਵਿੱਚ ਘੱਟ ਤੇ ਪਾਰਕਾਂ, ਸਿਨੇਮਿਆਂ ਵਿੱਚ ਜਿਆਦਾ ਗੁਜ਼ਰਦਾ ਸੀ। ਦੋਵਾਂ ਨੇ ਬਾਬੇ ਗਾਲੜ ਸ਼ਾਹ ਦੀ ਮਜ਼ਾਰ 'ਤੇ ਸਵਾ ਰੁ. ਚੜ੍ਹਾ ਕੇ ਇਕੱਠੇ ਜੀਣ ਮਰਨ ਦੀਆਂ ਕਸਮਾਂ ਖਾ ਲਈਆਂ। ਸੋਚਿਆ ਕਿ ਗਰੈਜੂਏਸ਼ਨ ਕਰਨ ਤੋਂ ਬਾਅਦ ਨੌਕਰੀ ਮਿਲਦੇ ਸਾਰ ਹੀ ਸ਼ਾਦੀ ਕਰਵਾ ਲਵਾਂਗੇ। ਨਦੀ ਕਿਨਾਰੇ ਇੱਕ ਛੋਟਾ ਜਿਹਾ ਘਰ ਹੋਵੇਗਾ, ਛੋਟਾ ਪਰਿਵਾਰ ਸੁਖੀ ਪਰਿਵਾਰ।

ਬੀ.ਏ. ਤੋਂ ਬਾਅਦ ਜੱਸੀ ਨੂੰ ਘਰਦਿਆਂ ਨੇ ਪੜ੍ਹਨੋਂ ਹਟਾ ਲਿਆ। ਸੋਚਿਆ ਕੁੜੀਆਂ ਨੇ ਕਿਹੜਾ ਨੌਕਰੀ ਕਰਨੀ ਹੁੰਦੀ ਆ ? ਸੁੱਖਾ ਨੌਕਰੀ ਦੀ ਭਾਲ ਵਿੱਚ ਥਾਂ ਥਾਂ ਭਟਕਣ ਲੱਗਾ। ਬੇਰੁਜ਼ਗਾਰੀ ਦੇ ਥਪੇੜਿਆਂ ਕਾਰਨ ਜਲਦੀ ਹੀ ਆਸ਼ਕੀ ਦਾ ਭੂਤ ਸਿਰੋਂ ਲਹਿ ਗਿਆ। ਘੰਟਾ-ਘੰਟਾ ਮੋਬਾਇਲ 'ਤੇ ਗੁਟਰਗੂੰ ਕਰਨ ਵਾਲਾ ਸੁੱਖਾ ਜੱਸੀ ਦੇ ਫੋਨ ਦਾ ਜਵਾਬ ਵੀ ਦੋ-ਦੋ ਦਿਨਾਂ ਬਾਅਦ ਦੇਣ ਲੱਗਾ। ਦੋ ਤਿੰਨ ਸਾਲ ਦੇ ਧੱਕਿਆਂ ਅਤੇ 15 ਜੋੜੀ ਜੁੱਤੀਆ ਘਸਾਉਣ ਤੋਂ ਬਾਅਦ ਸੁੱਖੇ ਦੇ ਕਸ ਬਲ ਢਿੱਲੇ ਪੈ ਗਏ। ਨੌਕਰੀ ਤਾਂ ਨਾ ਮਿਲੀ, ਪਰ ਜੁਗਾੜੀ ਸੁੱਖੇ ਨੇ ਇੱਕ ਤਾਜ਼ਾ ਤਾਜ਼ਾ ਵਿਧਵਾ ਹੋਈ ਕਰੋੜਪਤੀ ਸੇਠਾਨੀ ਨੂੰ ਫਸਾ ਲਿਆ ਤੇ ਵਿਆਹ ਕਰਵਾ ਕੇ ਦਿੱਲੀ ਵੱਲ ਨੂੰ ਨਿਕਲ ਗਿਆ। ਜੱਸੀ ਨੂੰ ਕਈ ਮਹੀਨਿਆਂ ਬਾਅਦ ਕਿਸੇ ਸਹੇਲੀ ਤੋਂ ਇਹ ਖਬਰ ਮਿਲੀ। ਵਿਚਾਰੀ ਦੋ ਚਾਰ ਹਫਤੇ ਰੋ ਪਿੱਟ ਕੇ ਆਪੇ ਸ਼ਾਂਤ ਹੋ ਗਈ।




ਆਖਰ ਸਾਲ ਕੁ ਬਾਅਦ ਉਹ ਵੀ ਆਪਣੇ ਪਰਿਵਾਰ ਅਤੇ ਛੋਟੇ ਭਰਾ ਦੇ ਭਵਿੱਖ ਨੂੰ ਵੇਖਦੇ ਹੋਏ ਇੱਕ ਐਨ.ਆਰ.ਆਈ. ਨਾਲ ਵਿਆਹ ਕਰਵਾ ਕੇ ਨਿਊਯਾਰਕ ਪਹੁੰਚ ਗਈ।

ਕਈ ਸਾਲਾਂ ਅੱਜ ਲੁਧਿਆਣੇ ਕਿਸੇ ਪਾਰਟੀ ਵਿੱਚ ਜੱਸੀ ਨੂੰ ਸੁੱਖਾ ਦਿਖ ਗਿਆ। ਪਰ ਸੁੱਖੇ ਦਾ ਧਿਆਨ ਉਸ ਵੱਲ ਨਹੀਂ ਸੀ। ਉਹ ਆਪਣੀ ਪਤਨੀ ਵਿੱਚ ਹੀ ਰੁੱਝਾ ਹੋਇਆ ਸੀ। ਜੱਸੀ ਥੋੜ੍ਹਾ ਜਿਹਾ ਉਹਲੇ ਹੋ ਗਈ ਕਿ ਐਵੇਂ ਕਿਉਂ ਪਤੀ ਸਾਹਮਣੇ ਪਵਾੜਾ ਪਾਉਣਾ ਹੈ ? ਸੁੱਖੇ ਦੀ ਪਤਨੀ ਨੰ ਵੇਖ ਕੇ ਇੱਕ ਵਾਰ ਤਾਂ ਉਸ ਦਾ ਦਿਲ ਕੀਤਾ ਸੰਘੀਉਂ ਪਕੜ ਕੇ ਪੁੱਛਾਂ ਕਿ ਇਸ ਮੱਝ ਦੀ ਖਾਤਰ ਸੁਲਫੇ ਦੀ ਲਾਟ ਵਰਗੀ ਜੱਸੀ ਨੂੰ ਛੱਡ ਗਿਆ ਸੀ ਜਿਸ ਪਿੱਛੇ ਸਾਰੇ ਕਾਲਜ ਦੇ ਮੁੰਡੇ ਹਾਉਕੇ ਭਰਦੇ ਸਨ। ਸਾਫ ਦਿਸ ਰਿਹਾ ਸੀ ਕਿ ਸੁੱਖੇ ਨੇ ਸਿਰਫ ਪੈਸੇ ਦੇ ਚੱਕਰ ਵਿੱਚ ਉਸ ਕਾਲੀ ਕਲੂਟੀ ਵਿਧਵਾ ਨਾਲ ਵਿਆਹ ਕਰਵਾਇਆ ਸੀ। ਰਾਜ ਦੀ ਪਤਨੀ ਐਨੀ ਬਦਸ਼ਕਲ ਸੀ ਜਿੰਨਾਂ ਗੁਨਾਹ ਹੁੰਦਾ ਹੈ। ਉਸ ਨੇ ਭਾਰੀ ਮੇਕਅੱਪ ਕੀਤਾ ਹੋਇਆ ਸੀ ਜੋ ਇੱਕ ਦਰਮਿਆਨੇ ਸਾਈਜ਼ ਦੀ ਕਬਰ ਲਿੱਪਣ ਲਈ ਕਾਫੀ ਸੀ। ਸੁੱਖਾ ਕਿਸੇ ਪਾਲਤੂ ਵਾਂਗ ਭੱਜ ਭੱਜ ਕੇ ਉਸ ਲਈ ਖਾਣ ਪੀਣ ਦਾ ਸਮਾਨ ਲਿਆ ਸੀ। ਜੱਸੀ ਬੁੜਬੜਾਈ, "ਕੁੱਤਾ ਕਿਸੇ ਥਾਂ ਦਾ। ਕਿਵੇਂ ਪੂਛਾਂ ਮਾਰ ਰਿਹਾ ਏ ? ਪੈਸੇ ਖਾਤਰ ਪਰੀ ਛੱਡ ਕੇ ਗਧੀ ਮਗਰ ਲੱਗਾ ਫਿਰਦਾ ਆ।" ਪਰ ਫਿਰ ਅਚਾਨਕ ਉਹ ਆਪਣੇ ਪਤੀ ਵੱਲ ਵੇਖ ਕੇ ਮੁਸਕਰਾ ਪਈ ਤੇ ਬੁੜਬੜਾਈ, "ਮੈਂ ਵੀ ਕਿਹੜੀ ਘੱਟ ਹਾਂ ?" ਉਹ ਸੁੱਖੇ ਦੀ ਅੱਖ ਬਚਾ ਕੇ ਆਪਣੇ 70-75 ਸਾਲ ਦੇ ਬੁੱਢੇ ਧੁੱਤ ਸ਼ਰਾਬੀ ਐਨ.ਆਰ.ਆਈ. ਪਤੀ ਨੂੰ ਸਹਾਰਾ ਦੇ ਕੇ ਕਾਰ ਵੱਲ ਲੈ ਗਈ।



**ਬਲਰਾਜ ਸਿੰਘ ਸਿੱਧੂ**
**9815124449**

## ਕੈਦ

ਅਧਖੜ ਉਮਰ ਦੀ ਚੰਦ ਕੌਰ ਆਪਣੇ ਪਤੀ ਦੇਬੂ ਨਾਲ ਆਪਣੀ ਧੀ ਨੂੰ ਮਿਲਣ ਵਾਸਤੇ ਆਈ। ਧੀ ਸੁੱਖ ਨਾਲ ਚੰਗੇ ਘਰਾਣੇ 'ਚ ਵਿਆਹੀ ਹੋਈ।



ਸੋਹਣਾ ਪਰਿਵਾਰ ਤੇ ਮਹਿਲਾਂ ਦੇ ਮਾਲਕ। ਜਿਹੋ ਜਿਹਾ ਉੱਚਾ ਘਰਾਣਾ, ਉਹੋ ਜਿਹੀ ਉੱਚੀ ਤੇ ਨੇਕ ਸੋਚ ਉਸਦੇ ਸਹੁਰੇ ਪਰਿਵਾਰ ਦੀ। ਰਾਣੀਆਂ ਵਾਂਗ ਜ਼ਿੰਦਗੀ ਬਸਰ ਕਰਦੀ ਸੀ ਚੰਦ ਕੌਰ ਦੀ ਧੀ ਸਿਮਰਤ। ਨੂੰਹ ਸੱਸ ਦਾ ਰਿਸ਼ਤਾ ਵੀ ਮਾਵਾਂ ਧੀਆਂ ਵਾਂਗ ਸੀ। ਚੰਦ ਕੌਰ ਤੇ ਦੇਬੂ ਦੀ ਚੰਗੀ ਖ਼ਾਤਰਦਾਰੀ ਕੀਤੀ ਤੇ ਗੱਲਾਂ ਬਾਤਾਂ ਸ਼ੁਰੂ ਹੋਈਆਂ ਕਬੀਲਦਾਰੀ ਬਾਰੇ। ਚੰਦ ਕੌਰ ਲੱਗੀ ਬਾਹਾਂ ਮਾਰ-ਮਾਰ ਗੱਲਾਂ ਕਰਨ ਕਿ ਮੈਂ ਵੀ ਆਪਣੀ ਨੂੰਹ ਨੂੰ ਧੀਆਂ ਵਾਂਗ ਰੱਖਦੀ ਹਾਂ। ਬੜਾ ਹੀ ਗੂੜਾ ਪਿਆਰ ਹੈ ਮੇਰਾ ਉਸਦੇ ਨਾਲ। ਸਾਡੀ ਸਾਰੇ ਪਰਿਵਾਰ ਦੀ ਖੁਸ਼ੀ ਤਾਂ ਸਾਡੀ ਨੂੰਹ ਰਾਣੀ ਹੀ ਹੈ। ਸਿਮਰਤ ਦਾ ਪਤੀ ਗੁਰਮੀਤ ਬੜਾ ਖੁਸ਼ ਹੋਇਆ ਆਪਣੀ ਸੱਸ ਦੀ ਨੇਕਦਿਲੀ ਉਪਰ। ਅਚਾਨਕ ਹੀ ਗੁਰਮੀਤ ਨੂੰ ਚੰਦ ਕੌਰ ਦੀ ਨੂੰਹ ਦਾ ਫ਼ੋਨ ਆਇਆ ਤੇ ਕੁਰਲਾ ਰਹੀ ਸੀ ਵਿਚਾਰੀ 'ਮੈਂ ਬੜੀ ਦੁਖ਼ੀ ਹਾਂ ਵੀਰਾ ਇਹਨਾਂ ਦੇ ਘਰ'। ਤਨਖ਼ਾਹ ਮੇਰੀ ਆਪ ਸਾਂਭ ਲੈਂਦਾ ਸਾਰਾ ਟੱਬਰ ਤੇ ਮੇਰੇ ਨਾਲ ਗਾਲੀ ਗਲੋਚ, ਨਘੋਚਾਂ ਇਥੋਂ ਤੱਕ ਕਿ ਮੇਰੀ ਮਾਂ ਨੂੰ ਵੀ ਇਜਾਜ਼ਤ ਨਹੀਂ ਮੈਨੂੰ ਮਿਲਣ ਦੀ। ਗੁਰਮੀਤ ਦੀਆਂ ਅੱਖਾਂ ਨਮ ਹੋ ਗਈਆਂ। ਸੋਚਣ ਲੱਗਾ ਔਰਤ ਦੀ ਅਜ਼ਾਦੀ ਦੇ ਬੜੇ ਵੱਡੇ ਦਾਅਵੇ ਕਰਦੇ ਨੇ ਲੋਕ ਪਰ ਇਥੇ ਤਾਂ ਆਪ ਕਮਾਉਣ ਵਾਲੀ ਪੜ੍ਹੀ ਲਿਖੀ ਔਰਤ ਵੀ ਕੈਦ ਕੱਟ ਰਹੀ ਹੈ ਅਜਿਹੇ ਪਰਿਵਾਰਾਂ ਵਿੱਚ।

**ਰਮਿੰਦਰ ਫਰੀਦਕੋਟੀ**
**ਮੋਬਾ : 98159-53929**





# ਪ੍ਰਮਾਣਿਕ ਲੋਕ ਗੀਤ: ਇੱਕ ਪਛਾਣ

ਲੋਕ ਗੀਤ ਦੇ ਸੁਭਾਅ ਦਾ ਇੱਕ ਬੁਨਿਆਦੀ ਲੱਛਣ ਉਸ ਦਾ ਇਲਾਕਾਈ ਅਤੇ ਸਮੂਹ ਵਿਸ਼ੇਸ਼ ਭਾਵ ਦਾਇਰਾਗਤ ਹੋਣਾ ਹੈ। ਲੋਕ ਗੀਤ ਦੇ ਇਲਾਕਾਈ ਹੋਣ ਦੀ ਪਛਾਣ ਉਸ ਦੀ ਬੋਲੀ (ਉਪ ਭਾਸ਼ਾ) ਤੋਂ ਇਲਾਵਾ ਉਸ ਵਿਚਲੀਆਂ ਸੰਸਕ੍ਰਿਤਕ ਸਥਿਤੀਆਂ ਤੇ ਬਾਕੀ ਵੇਰਵਿਆਂ ਤੋਂ ਵੀ ਹੁੰਦੀ ਹੈ। ਜੇ ਕਿਸੇ ਲੋਕ ਗੀਤ ਵਿੱਚੋਂ ਉਸ ਦੀ ਇਲਾਕਾਈ ਵਿਲੱਖਣਤਾ ਤੇ ਸਮੂਹ ਵਿਸ਼ੇਸ਼ ਦੀ ਭਾਵਨਾ ਲੋਪ ਹੋਵੇ ਤਾਂ ਸਮਝ ਲਵੋ ਲੋਕ ਗੀਤ ਦੀ ਭਾਸ਼ਾ ਦਾ ਕੇਂਦਰੀਕਰਨ ਹੋ ਗਿਆ ਹੈ ਜਾਂ ਸਮੁੱਚੇ ਲੋਕ ਗੀਤ ਦਾ ਹੀ ਸਾਹਿਤੀਕਰਨ ਕਰ ਦਿੱਤਾ ਗਿਆ ਹੈ। ਲੋਕ ਗੀਤ ਨੂੰ ਕੇਂਦਰੀ ਬੋਲੀ ਵਿੱਚ ਲਿਖਣ ਨਾਲ ਜਾਂ ਉਸ ਦਾ ਸਾਹਿਤੀਕਰਨ ਕਰ ਦੇਣ ਨਾਲ ਉਸ ਦਾ ਵਿਕਰੀ ਮੁੱਲ ਤਾਂ ਭਾਵੇਂ ਵਧ ਜਾਂਦਾ ਹੈ, ਪਰ ਲੋਕ ਗੀਤ ਦੀ ਰੂਹ ਗਵਾਚ ਜਾਂਦੀ ਹੈ। ਪੰਜਾਬ ਦੇ ਲੋਕ ਗੀਤਾਂ ਦੇ ਸੰਗ੍ਰਹਿ ਵਿੱਚੋਂ ਬਹੁਤਿਆਂ ਵਿੱਚ ਨੂੰ ਸੰਗ੍ਰਹਿਤ ਕਰਨ ਦੀ ਵਿਧੀ ਅਵਿਗਿਆਨਕ ਹੈ ਕਿਉਂਕਿ ਉਨ੍ਹਾਂ ਨੇ ਲੋਕ ਗੀਤਾਂ ਦੇ ਪਾਠਾਂ ਨੂੰ ਸਿਰਫ਼ ਸੰਗ੍ਰਹਿਤ ਹੀ ਨਹੀਂ ਕੀਤਾ ਸਗੋਂ 'ਸੰਪਾਦਨ' ਦੇ ਨਾਲ 'ਸੋਧ' ਵੀ ਕਰ ਦਿੱਤੀ ਹੈ। ਲੋਕ ਗੀਤਾਂ ਦੇ ਖੇਤਰ ਵਿੱਚ ਇਹ 'ਸੋਧ' ਤੇ 'ਸੰਪਾਦਨ' ਦੀ ਕਿਰਿਆ ਲੋਕ ਗੀਤ ਨੂੰ ਬੇਜਾਨ ਕਰਨ ਦਾ ਹੀ ਦੂਜਾ ਨਾਂ ਹੈ। ਲੋਕ ਗੀਤਾਂ ਦੇ ਅਜਿਹੇ ਸੋਧਕਾਂ ਵਿੱਚ ਲੋਕ ਗੀਤਾਂ ਵਿਚਲੀ ਕਾਂਟ-ਛਾਂਟ ਤੋਂ ਇਲਾਵਾ ਉਨ੍ਹਾਂ ਨੂੰ 'ਸਾਹਿਤਕ' ਬਣਾਉਣ ਦਾ ਯਤਨ ਵੀ ਹੋਇਆ ਹੈ, ਜਿਹਾ ਕਿ 'ਮੌਲੀ ਤੇ ਮਹਿੰਗੀ' ਪੁਸਤਕ ਵਿੱਚ। ਮਹਿੰਦਰ ਸਿੰਘ ਰੰਧਾਵਾ ਦੇ ਦੋ ਸੰਗ੍ਰਹਿ 'ਪੰਜਾਬ ਦੇ ਲੋਕ ਗੀਤ' ਤੇ 'ਪੰਜਾਬੀ ਲੋਕ ਗੀਤ' ਮਿਲਦੇ ਹਨ। ਇਨ੍ਹਾਂ ਵਿੱਚ ਸੰਗ੍ਰਹਿਤ ਲੋਕ ਗੀਤਾਂ ਵਿੱਚੋਂ ਬਹੁਤਿਆਂ ਨੂੰ ਕੇਂਦਰੀ ਪੰਜਾਬੀ ਵਿੱਚ ਦਿੱਤਾ ਗਿਆ ਹੈ। ਅਣਜਾਣ ਸੰਗ੍ਰਹਿਕਾਰਾਂ ਨੇ ਮੌਖਿਕ ਲੋਕ ਗੀਤ ਨੂੰ ਲਿਪੀਬੱਧ ਕਰਦਿਆਂ ਅਚੇਤ ਹੀ ਉਸ ਨੂੰ ਕੇਂਦਰੀ ਪੰਜਾਬੀ ਵਿੱਚ ਲਿਖ ਦਿੱਤਾ ਹੈ। ਸਿੱਟੇ ਵਜੋਂ ਉਨ੍ਹਾਂ ਲੋਕ ਗੀਤਾਂ ਵਿਚਲਾ ਸਥਾਨਕ ਲਹਿਜਾ, ਦੁਹਰਾਉ ਵਿਧੀ ਅਤੇ ਗੀਤ ਦਾ ਸਾਰਾ ਸੁਰ-ਪਰਪੰਚ ਨਸ਼ਟ ਹੋ ਗਿਆ ਹੈ:

(ੳ) ਗੱਡੀ ਆ ਗਈ ਸੰਦੂਕੋਂ ਖਾਲੀ,
ਬਹੁਤਿਆਂ ਭਰਾਵਾਂ ਵਾਲੀਏ।
ਜਿਹੜੇ ਮਿੱਠੀਆਂ ਜ਼ੁਬਾਨਾਂ ਵਾਲੇ
ਮਤਲਬ ਕੱਢ ਲੈਂਦੇ।
ਕੁੱਲੀ ਯਾਰ ਦੀ ਸੁਰਗ ਦਾ ਝੂਟਾ,
ਅੱਗ ਲਾਵਾਂ ਮੰਦਰਾਂ ਨੂੰ।

(ਅ) ਗੱਡੀ ਆ ਗਈ ਸੰਦੂਖੋਂ ਖਾਲੀ
ਬਾਹਲਿਆਂ ਭਰਾਮਾਂ ਆਲੀਏ।
ਜੇੜ੍ਹੇ ਮਿੱਠੀਆਂ ਜ਼ਬਾਨਾਂ ਆਲੇ
ਮਤਲਬ ਕੱਢ ਲੈਂਦੇ।
ਕੁੱਲੀ ਯਾਰ ਦੀ ਸੁਰਗ ਦਾ ਝੂਟਾ,
ਅੱਗ ਲਾਮਾਂ ਮੰਦਰਾਂ ਨੂੰ।

ਉੱਪਰ (ੳ) ਤੇ (ਅ) ਭਾਗ ਵਿੱਚ ਦਿੱਤੇ ਟੱਪੇ ਇੱਕੋ ਖਿੱਤੇ ਮਾਲਵਾ ਨਾਲ ਸਬੰਧਤ ਹਨ। ਭਾਗ (ਅ) ਵਿੱਚ ਇਨ੍ਹਾਂ ਟੱਪਿਆਂ ਦਾ ਪ੍ਰਚੱਲਤ ਪ੍ਰਮਾਣਿਕ ਰੂਪ ਹੈ ਜਦੋਂ ਕਿ ਭਾਗ (ੳ) ਉਨ੍ਹਾਂ ਦਾ ਪ੍ਰਾਪਤ ਲਿਪੀਬੱਧ ਰੂਪ। ਮੌਖਿਕ ਤੋਂ ਲਿਖਤ ਤਕ ਏਨਾ ਪਾੜਾ, ਲਿੱਪੀਕਾਰ ਦੇ ਅਣਜਾਣ ਹੋਣ ਦਾ ਸਿੱਟਾ ਹੈ। ਕਿਸੇ ਲੋਕ ਗੀਤ ਦਾ ਸਥਾਨਕ ਲਹਿਜਾ ਹੀ ਉਸ ਦੇ ਜੀਵੰਤ ਹੋਣ ਦਾ ਪ੍ਰਮਾਣ ਹੁੰਦਾ ਹੈ। ਇਸ ਤੱਥ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਤਕਨੀਕੀ ਤੌਰ 'ਤੇ 'ਪੰਜਾਬੀ ਲੋਕ ਗੀਤ' ਨਾਂ ਦਾ ਕੋਈ ਲੋਕ ਗੀਤ ਨਹੀਂ ਹੁੰਦਾ। ਇਧਰਲੇ ਪੰਜਾਬ ਦਾ ਲੋਕ ਗੀਤ ਮਾਝੀ, ਦੁਆਬੀ, ਮਲਵਈ ਜਾਂ ਪੁਆਧੀ ਵਿੱਚੋਂ ਕੋਈ ਇੱਕ ਹੋਵੇਗਾ। ਪ੍ਰਮਾਣਿਕ ਲੋਕ ਗੀਤ ਨਿਸ਼ਚੇ ਹੀ ਉਪ ਭਾਸ਼ਾਈ ਉਚਾਰ ਵਿੱਚ ਹੁੰਦਾ ਹੈ। ਅਸੀਂ ਲੋਕ ਗੀਤ ਦੇ ਸ਼ੁੱਧੀਕਰਨ ਦੀ ਗੱਲ ਨਹੀਂ ਤੋਰੀ, ਮਸਲਾ ਉਨ੍ਹਾਂ ਦੀ ਪ੍ਰਮਾਣਿਕਤਾ ਦਾ ਹੈ। ਪ੍ਰਮਾਣਿਕ ਲੋਕ ਗੀਤ ਉਹ ਹੈ ਜੋ ਇੱਕ ਵੇਲੇ ਇੱਕ ਸਥਿਤੀ ਵਿੱਚ ਕਿਸੇ ਪ੍ਰਕਾਰ ਗਾਇਆ ਤੇ ਪ੍ਰਵਾਨਿਆ ਜਾਂਦਾ ਹੈ। ਪ੍ਰਮਾਣਿਕ ਲੋਕ ਗੀਤ ਆਪਣੇ ਮੌਖਿਕ ਰੂਪ ਵਿੱਚ ਗਾਉਣ ਦੀਆਂ ਸੁਰਾਂ ਸਮੇਤ ਜਿਉਂਦਾ ਹੈ। ਉਚਾਰ ਦੀਆਂ ਸੁਰਾਂ ਤੋਂ ਨਿੱਖੜਿਆ ਲੋਕ ਗੀਤ ਪ੍ਰਮਾਣਿਕ ਨਹੀਂ ਹੈ। ਜਦੋਂ ਇੱਕੋ ਗੀਤ ਨੂੰ ਦੋ ਵੱਖ-ਵੱਖ ਸਥਿਤੀਆਂ ਵਿੱਚ ਦੋ ਵੱਖੋ-ਵੱਖਰੇ ਭੂਗੋਲਿਕ ਖੇਤਰਾਂ ਵਿੱਚ, ਉਸੇ ਜਾਂ ਕਿਸੇ ਹੋਰ ਗਾਇਕ ਰਾਹੀਂ ਪਹਿਲੇ ਰੂਪ ਵਿੱਚ ਜਾਂ ਥੋੜ੍ਹੀ ਬਹੁਤ ਭਿੰਨਤਾ ਨਾਲ ਉਸੇ ਤਰਜ ਜਾਂ ਥੋੜ੍ਹੀ ਭਿੰਨ ਤਰਜ ਵਿੱਚ ਗਾਇਆ ਜਾਂਦਾ ਹੈ ਤਾਂ ਇਸ ਪ੍ਰਕਾਰ ਉਚਾਰੇ ਗਏ ਦੋਵੇਂ ਗੀਤ ਪ੍ਰਮਾਣਿਕ ਮੰਨੇ ਜਾਣੇ ਚਾਹੀਦੇ ਹਨ। ਇੱਕੋ ਲੋਕ ਗੀਤ ਦਾ ਹਰ ਰੂਪਾਂਤਰ ਆਪਣੇ ਆਪ ਵਿੱਚ ਸੁਤੰਤਰ ਇਕਾਈ ਹੁੰਦਾ ਹੈ। ਇਹ ਗੱਲ ਲੋਕਧਾਰਾ ਦੇ ਬਾਕੀ ਰੂਪਾਂ ਵਿੱਚ ਵੀ ਸੱਚ ਹੈ। ਲੋਕ ਗੀਤ ਦੀ ਪ੍ਰਮਾਣਿਕਤਾ ਉਸ ਦੀ ਖੇਤਰੀ ਸਥਾਨਕਤਾ ਵਿੱਚ ਹੀ ਹੈ। ਇਸ ਤੱਤ ਨੂੰ ਸਵੀਕਾਰਨ ਤੋਂ ਬਾਅਦ ਲੋੜ ਹੈ ਪੰਜਾਬ ਦੇ ਲੋਕ ਗੀਤਾਂ ਦੇ ਇਲਾਕਾਈ ਤੇ ਉਪ ਭਾਸ਼ਾਈ ਲਹਿਜੇ ਨੂੰ ਪਛਾਨਣ ਦੀ ਅਤੇ ਲੋਕ ਗੀਤਾਂ ਨੂੰ ਲਿਪੀਬੱਧ ਕਰਦਿਆਂ ਉਨ੍ਹਾਂ ਨੂੰ ਮੌਖਿਕ ਮੁਹਾਵਰੇ ਦੇ ਅੰਤਰਗਤ ਸਮਝਣ ਦੀ। ਇਸ ਲੜੀ ਅਧੀਨ ਮੈਂ ਮਲਵਈ ਤੇ ਪੁਆਧੀ ਬੋਲੀਆਂ ਇੱਥੇ ਦੇ ਰਿਹਾ ਹਾਂ, ਇੱਥੇ ਸਿਰਫ਼ ਉਹ ਬੋਲੀਆਂ ਹੀ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚਲੀ ਸਥਾਨਕਤਾ ਦੀ ਪਛਾਣ ਉਨ੍ਹਾਂ ਦੇ ਰੂਪ ਵਿੱਚੋਂ ਹੀ ਨਹੀਂ ਸਗੋਂ ਵਸਤੂ ਵਿੱਚੋਂ ਵੀ ਹੁੰਦੀ ਹੈ। ਇਹ ਸਾਰੀਆਂ ਬੋਲੀਆਂ ਮਾਲਵੇ ਤੇ ਪੁਆਧ (ਢਾਹੇ) ਦੇ ਵਿਸ਼ੇਸ਼ ਪਿੰਡਾਂ ਦੇ ਨਾਂਵਾਂ ਨਾਲ ਸਬੰਧਤ ਹਨ। ਇੱਥੇ ਦੇਣ ਲਈ ਸਿਰਫ਼ ਉਨ੍ਹਾਂ ਬੋਲੀਆਂ ਦੀ ਚੋਣ ਕੀਤੀ ਗਈ ਹੈ ਜੋ ਪਹਿਲੇ ਪ੍ਰਕਾਸ਼ਿਤ ਨਹੀਂ ਹੋਈਆਂ:

ਤਾਵੇ-ਤਾਵੇ-ਤਾਵੇ/ ਤਿੰਨ ਪਿੰਡ ਕੰਜਰਾਂ ਦੇ
ਛੋਟੀ ਬਗਲੀ, ਭੌਰਲੇ, ਚਾਵੇ।
ਰੂਪੈ ਨੇ ਰਾਹ ਰੋਕ ਲਿਆ/ਬਾਬਾ ਪੂਰਬਾ ਪੂਰੀਆਂ ਪਾਵੇ।
ਚੱਕ ਦੀ ਬਣਾਮਾ ਚੱਕਲੀ
ਸੈਲ ਢੱਲੂਆਂ ਦਾ ਬੈੜ ਬਣਾਵੇ।
ਮਾਣਕੀ ਦੀ ਮਾਲ੍ਹ ਬਣੀ ਬਘੌਰ ਨੂੰ ਬੇਂਡੀ ਲਾਵੇ।
ਗਗੜੇ ਦਾ ਗੜ੍ਹ ਤੋੜਤਾ
ਸੇਹ ਦੇ ਸਾਨ੍ਹ ਰੱਖਣ ਸਰਕਾਰੀ।
ਗੋਹ ਦੇ ਵਛੇਰੀ ਪਾਲਦੇ
ਮਾਨੂੰਪੁਰ ਵਿੱਚ ਮੜਕਾਂਦਾਰੀ।
ਕੋਟਲੇ 'ਚੋਂ ਕਟਕ ਚੜ੍ਹ ਗਿਆ
ਕਹਿੰਦੇ ਭੜੀ ਦੀ ਭੜ੍ਹਾਕਣ ਨਾਰੀ।
ਚੜ੍ਹੀ ਦੇ ਲੜਾਕੂ ਵੱਜਦੇ
ਫੇਰ ਆਈ ਗੋਸਲਾਂ ਦੀ ਬਾਰੀ।
ਦੋ ਪਿੰਡ ਸੇਖੋਆਂ ਦੇ ਜਿੱਥੇ ਮਾਲ ਚਾਰਦੇ ਪਾਲ਼ੀ।
ਪਿੱਤਰ ਸ਼ਾਇਰੀ ਦਾ ਪਿੰਡ ਵਜਦਾ ਬਰਬਾਲੀ...
-------
ਪਿੰਡ ਢੁੱਡੀਕੇ ਖਾਸ ਵੀਰਨੋ ਮੋਗਾ ਤਸੀਲ ਲਖਾਉਂਦੇ।
ਪਰੋਜਪੁਰੇ ਵਿੱਚ ਤਾਂ ਹੁੰਦੀਆਂ ਅਦਾਲਤਾਂ
ਜਿੱਥੇ ਬੈਲੀ ਭੁਗਤ ਕੇ ਆਉਂਦੇ।
ਮਟਵਾਣੀ ਪਿੰਡ ਸੀ ਮਟੀਆਂ
ਢੁੱਡੀਕੇ ਨੂੰ ਸੀਸ ਨਿਵਾਉਂਦੇ।
ਵੱਡੀ ਕੋਕਰੀ ਛੋਟੀ ਕੋਕਰੀ ਸਾਧਾਂ ਆਲੇ ਕਹਾਉਂਦੇ।
ਝੰਡਿਆਣੀ ਦੀ ਪੰਚੈਤ ਸੁਣੀਂਦੀ ਮਾੜੇ ਨੂੰ ਡੰਨ ਲਾਉਂਦੇ।
ਤਖਾਣਵੱਧ ਦੇ ਬੈਲੀ ਸੁਣੀਂਦੇ ਨਾਜਰ, ਜਾਗਰ ਕਹਾਉਂਦੇ।
ਬੁੱਟਰ ਭਰਾਵੋ ਲੱਗੇ ਬਸਾਖੀ ਗਾਣੇ ਸੋਹਣੇ ਗਾਉਂਦੇ।
ਮੱਦੋਕਿਆਂ ਵਿੱਚ ਪੰਡਤ ਬਾਹਲੇ
ਘੋਨੀ ਕਣਕ ਬਿਜਾਉਂਦੇ।
ਦਾਉਧਰ ਦੇ ਮੁੰਡੇ ਚੱਕਣ ਬੋਰੀਆਂ
ਬੰਤਾ, ਸੰਤਾ ਕਹਾਉਂਦੇ।
ਦੱਲਾਂ ਮੱਲਾ ਕੁੱਸਾ ਮੀਨੀਆ
ਚਲ ਜਗਰਾਮੀ ਆਉਂਦੇ।
ਚੂਹੜ ਚੱਕ ਦਾ ਮਾਰਿਆ ਬਾਵਾ
ਲੋਕੀ ਭੱਜ-ਭੱਜ ਆਣ ਛੜਾਉਂਦੇ।
ਔਥੇ ਲੱਗੇ ਕਿਲੀ ਦਾ ਮੇਲਾ
ਲੋਕੀ ਮਿੱਟੀ ਕੱਢ-ਕੱਢ ਆਉਂਦੇ
ਓਦੋਂ ਨੇੜੇ ਅਜਿਤਵਾਲ ਸੁਣੀਂਦਾ
ਜਿੱਥੇ ਠੇਕੇ ਲਲਾਮ ਕਰਾਉਂਦੇ।
ਕੂੜਾ ਮੁੰਡਾ ਢੁੱਡੀਕਿਆਂ ਤੋਂ ਬੋਲੀ ਜੋੜ ਸੁਣਾਵੇ।
ਮੇਲਣ ਸੱਪ ਅਰਗੀ ਛੜਾ ਘੜੀਸੀ ਜਾਵੇ...
ਪਿੰਡ ਢੁੱਡੀਕੇ ਖਾਸ ਵੀਰਨੋ ਦੁਨੀਆਂ ਜਾਣਦੀ ਸਾਰੀ।
ਜ਼ਿਲ੍ਹਾ ਪਰੋਜ਼ਪੁਰ ਮੇਰਾ ਸੁਣੀਂਦਾ
ਜਿੱਥੇ ਲਗਦੀ ਕਚਿਹਰੀ ਭਾਰੀ।
ਮੋਗਾ ਤਸੀਲ ਕਹਿੰਦੇ ਨਗਰ ਹਮਾਰਾ
ਜਿੱਥੇ ਸੌਦਾ ਕਰਨ ਵਪਾਰੀ।
ਮਹਿਣਾ ਠਾਣਾ ਲੱਗਦਾ
ਦੋਸਤੋ ਪੁਲਸ ਬੜੀ ਸੀ ਮਾੜੀ।
ਅਜਿਤਵਾਲ ਟੇਸ਼ਣ ਲੱਗਦਾ
ਵੀਰਨੋ ਗੱਡੀ ਚਲਦੀ ਆਣ ਸਵਾਰੀ।
ਦਾਉਧਰ ਨੂੰ ਇੱਕ ਰੋੜ ਨਿੱਕਲ ਗਿਆ
ਲੱਗੀ ਪੰਜ ਵਜੇ ਦੀ ਲਾਰੀ।
ਸੌਂ ਜਾ ਦਿਲ ਧਰ ਕੇ ਵਿਛਿਆ ਪਲੰਘ ਨਮਾਰੀ...
-----
ਫੂਲ੍ਹਾ ਫੂਲ੍ਹੀ ਕੋਲ ਸੁਣੀਂਦੇ ਮੁਕਸਰ ਕੋਲ ਰੁਪਾਣਾ,
ਚੰਦ ਭਾਨ ਦੇ ਭੌਂਕਣ ਕੁੱਤੇ ਲੁੱਟਿਆ ਦਬੜੀਖਾਣਾ।
ਆਕਲੀਏ ਦੇ ਮੰਜੇ ਸਦਾ ਲੇ ਵਿੱਚੇ ਰੰਗੀਲੀ ਠਾਣਾ,
ਏਸ ਪਟੋਲੇ ਨੂੰ ਹਿੱਕ ਨਾਲ ਲਾ ਕੇ ਜਾਣਾ...
-----
ਖੁਰਦ ਮਾਣਕੀ ਕੋਲੇ ਕੋਲੀ ਪੰਜ ਗਰਾਈਂਏ ਠਾਣਾ,
ਰਾਏਕੋਟ ਬਸੀਆਂ ਕੋਲੋ ਕੋਲੀ ਪੂਲ੍ਹੇ ਕੋਲ ਨਥਾਣਾ।
ਚੜ੍ਹ ਕੇ ਡਾਕ ਗੱਡੀ ਭਮਕੇ ਖਰੀਦਣ ਡਾਣਾ,
ਤੀਮੀ ਸੱਪ ਬਰਗੀ ਆਪ ਕੰਜਰ ਦਾ ਕਾਣਾ...
ਬੋਹਾ ਬੁਲਾਢਾ, ਕੋਲੇ ਕੋਲੀ ਵਿੱਚ ਮੁੱਗਲਾਂ ਦਾ ਠਾਣਾ,
ਮੁਗ਼ਲੇ ਮੈਨੂੰ ਮਾਰਨ ਅੱਖੀਆਂ ਮੈਂ ਨਿਆਣੀ ਕੀ ਜਾਣਾਂ।
ਜਾਂਦੇ ਨੌਕਰ ਦਾ ਕੁੜਤਾ ਕਾਲਜੇ ਲਾਮਾ...
ਪੱਤੋ ਕੋਲੇ ਖਾਈ ਸੁਣੀਂਦੀ ਖਾਈ ਕੋਲ੍ਹੇ ਦੀਨਾ,
ਰਾਹ ਤੇ ਘਰ ਮੇਰਾ ਮਿਲ ਕੇ ਜਾਈਂ ਸ਼ੁਕੀਨਾ...
ਚੌਂਦੇ ਦੇ ਮੁੰਡੇ ਬੜੇ ਸ਼ਕੀਨੀ ਮੰਨਵੀ ਦੇ ਮਸਤਾਨੇ,
ਹੱਥੀਂ ਬੋਤਲਾਂ ਕੱਛੀਂ ਬੋਤਲਾਂ ਮੋਢੇ ਲਟਕਣ ਟੌਰੇ।
ਰੂਪ ਗਮਾ ਲਿਆ ਨੀ ਹੁਣ ਕੀ ਜਾਣਾ ਸੌਹਰੇ...
ਰਤੀਆ ਰੇਤਗੜ੍ਹ ਕੋਲੇ ਕੋਲੀ ਵਿੱਚ ਰਤੀਏ ਦੇ ਠਾਣਾ,
ਕੱਟਮੀ ਸੁੱਥਣ ਦਾ ਛੱਡ ਦੇ ਪੈਨ੍ਹਣਾ
ਬੇਅਕਲਾਂ ਦਾ ਬਾਣਾ।
ਅਗਲੀ ਝਿੜਕ ਦਊ ਨਾ ਜਾਈਂ ਅਣਜਾਣਾ...
ਊਠਾਂ ਆਲਿਉ ਵੇ ਊਠ ਲੱਦੇ ਨੇ ਚੜਿੱਕ ਨੂੰ,
ਸੋਨਾ ਵੇ ਲਿਆਇਉ ਮੇਰੇ ਸੋਹਣੇ 'ਜੇ ਕਲਿੱਪ ਨੂੰ...
ਆਰੀ-ਆਰੀ-ਆਰੀ
ਵਿੱਚ ਜਗਰਾਮਾਂ ਦੇ ਲੱਗਦੀ ਰੋਸ਼ਨੀ ਭਾਰੀ
ਗਿਜੇ ਹੋਏ ਦਾਰੂ ਦੇ ਜਾ ਵੜਦੇ ਵਿੱਚ ਬਜਾਰੀਂ
ਲੱਡੂਆਂ ਦੇ ਥਾਲ ਚੱਕ ਲੈ ਭਾਨ ਚੱਕ ਲੀ ਹੱਟੀ ਦੀ ਸਾਰੀ
ਭਾਈ ਬਖਤੌਰਾ ਰੋਹਣੋਂ ਦਾ
ਜ੍ਹੀਨੇ ਡਾਕੇ ਆਲੇ ਘੇਰਲੇ ਚਾਲੀ
ਪੂਰਨ ਬਸਰੇ ਦਾ ਜ੍ਹੀਨੇ ਅਲਕ ਬਛੇਰੀ ਪਾਲੀ
ਬਚਨਾ ਬਿਲਗੇ ਦਾ
ਗੱਲ ਕਰ ਗਿਆ ਜਗਤ 'ਤੇ ਨਿਆਰੀ
ਮੰਗੂ ਖੇੜੀ ਦਾ ਜ੍ਹੇੜਾ ਰੱਖਦਾ ਗੰਡਾਸੀ ਚਾੜ੍ਹੀਂ
ਈਸੂ ਘੜੂਏ ਦਾ ਜ੍ਹੀਤੇ ਚੱਲਗੇ ਮੁਕੱਦਮੇ ਭਾਰੀ
ਮਿਲਖੀ ਨਿਊਆਂ ਦਾ ਪੈਰ ਜੋੜ ਕੇ ਗੰਡਾਸੀ ਮਾਰੀ
ਠਾਣੇਦਾਰ ਇਉਂ ਡਿੱਗਿਆ
ਜਿਉਂ ਹਲ ਤੋਂ ਡਿੱਗੀ ਪੰਜਾਲੀ
ਭੱਜ ਲਉ ਵੇ ਲੋਕੋ ਹੋ ਗਿਆ ਮੁਕੱਦਮਾ ਭਾਰੀ
ਕਾਹਨੂੰ ਛੇੜੀ 'ਤੀ ਨਾਗਾਂ ਦੀ ਪਟਿਆਰੀ...

**✿ ਡਾ. ਨਾਹਰ ਸਿੰਘ**
**ਸੰਪਰਕ: 98880-06118**



# ਸੱਭਿਆਚਾਰ ਦੇ ਬਦਲਦੇ ਰੰਗ



ਸੱਭਿਆਚਾਰ ਦਾ ਖੇਤਰ ਅਤਿ ਵਿਸ਼ਾਲ ਅਤੇ ਗਹਿਰਾ ਹੁੰਦਾ ਹੈ। ਮਨੁੱਖੀ ਜ਼ਿੰਦਗੀ ਦਾ ਹਰ ਪੱਖ ਇਸ ਵਿੱਚ ਸਮਾਇਆ ਹੁੰਦਾ ਹੈ। ਕੋਈ ਵੀ ਪੱਖ ਅਜਿਹਾ ਨਹੀਂ ਜੋ ਇਸਤੋਂ ਅਛੂਤਾ ਹੋਵੇ। ਮਨੁੱਖੀ ਵਿਕਾਸ ਦੇ ਨਾਲ-ਨਾਲ ਸੱਭਿਆਚਾਰ ਵਿੱਚ ਵਿਕਾਸ ਆਉਣਾ ਵੀ ਸੁਭਾਵਿਕ ਹੈ। ਇਹ ਅਮੀਰ ਵਿਰਸਾ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਬੋਲਾਂ ਸੰਕੇਤਾਂ, ਚਿੰਨ੍ਹਾਂ ਰਾਹੀਂ ਗ੍ਰਹਿਣ ਕਰਕੇ ਭੇਜਿਆ ਜਾਂਦਾ ਹੈ, ਜਿਸ ਕਰਕੇ ਪੀੜ੍ਹੀ ਦਰ ਪੀੜ੍ਹੀ ਸੱਭਿਆਚਾਰ ਦੀ ਵਿਕਾਸ ਪ੍ਰਕਿਰਿਆ ਚੱਲਦੀ ਰਹਿੰਦੀ ਹੈ। ਇਸ ਵਿਕਾਸ ਪ੍ਰਕਿਰਿਆ ਦੌਰਾਨ ਪਰਿਵਰਤਨ ਹੋਣਾ ਸੁਭਾਵਿਕ ਹੈ। ਜੋ ਕਈ ਦਹਾਕੇ ਪਹਿਲਾਂ ਪੰਜਾਬੀ ਸੱਭਿਆਚਾਰ ਸੀ, ਉਹ ਅੱਜ ਬਿਲਕੁਲ ਬਦਲ ਚੁੱਕਿਆ ਹੈ। ਆਧੁਨਿਕ ਪੰਜਾਬੀ ਸੱਭਿਆਚਾਰ ਵਿੱਚ ਸਾਡਾ ਪੁਰਾਣਾ ਸੱਭਿਆਚਾਰ ਕਿਧਰੇ ਨਜ਼ਰ ਨਹੀਂ ਆਉਂਦਾ। ਇਸ ਵਿੱਚ ਪਹਿਲਾਂ ਦੇ ਮੁਕਾਬਲੇ ਵਿਆਪਕ ਪੱਧਰ 'ਤੇ ਪਰਿਵਰਤਨ ਦੇਖਣ ਨੂੰ ਮਿਲ ਰਿਹਾ ਹੈ। ਕੁੱਝ ਰਸਮਾਂ ਨੇ ਆਪਣਾ ਰੂਪ ਵਟਾ ਲਿਆ ਹੈ ਅਤੇ ਕੁੱਝ ਲੋਪ ਹੀ ਹੋ ਚੁੱਕੀਆਂ ਹਨ। ਜਨਮ ਤੋਂ ਲੈ ਕੇ ਮੌਤ ਤਕ ਦੀਆਂ ਰਸਮਾਂ ਪੂਰੀ ਤਰ੍ਹਾਂ ਬਦਲ ਗਈਆਂ ਹਨ। ਜੇਕਰ ਜਨਮ ਤੋਂ ਪਹਿਲਾਂ ਦੀਆਂ ਰਸਮਾਂ ਦੀ ਗੱਲ ਕੀਤੀ ਜਾਵੇ ਤਾਂ ਗਰਭ ਦੇ ਤੀਜੇ ਮਹੀਨੇ ਅੱਖ ਸਲਾਈ, ਗਰਭਪਤੀ ਔਰਤ ਦਾ ਗ੍ਰਹਿਣ ਦੇ ਸਮੇਂ ਬਾਹਰ ਨਾ ਨਿੱਕਲਣਾ ਅਤੇ ਗੁੜਤੀ ਦੇਣ ਜਿਹੇ ਬਹੁਤ ਸਾਰੇ ਰਿਵਾਜ ਹੁਣ ਪ੍ਰਚੱਲਿਤ ਨਹੀਂ ਹਨ। ਨਵੀਂ ਪੀੜ੍ਹੀ ਨੇ ਇਨ੍ਹਾਂ ਤੋਂ ਕਿਨਾਰਾ ਕਰ ਲਿਆ ਹੈ।

ਵਿਆਹ ਨਾਲ ਸਬੰਧਿਤ ਰਸਮਾਂ ਵਿੱਚ ਆਈਆਂ ਤਬਦੀਲੀਆਂ ਦਾ ਕਾਰਨ ਪੱਛਮੀ ਸੱਭਿਅਤਾ ਦਾ ਪ੍ਰਭਾਵ ਹੈ। ਪਹਿਲਾਂ ਵਿਆਹ ਸਮੇਂ ਸੱਤ ਸੁਹਾਗਣਾਂ ਦੀ ਗੀਤ, ਛਟੀਆਂ ਖੇਡਣਾ ਅਤੇ ਸਾਹਾ ਚਿੱਠੀ ਭੇਜਣਾ ਅਹਿਮ ਹੁੰਦੀਆਂ ਸਨ। ਅੱਜ ਇਹ ਰਸਮਾਂ ਲੇਡੀਜ਼ ਸੰਗੀਤ ਵਿੱਚ ਬਦਲ ਗਈਆਂ ਹਨ। ਲੋਕ ਘਰਾਂ ਦੀ ਜਗ੍ਹਾ ਹੁਣ ਪੈਲੇਸਾਂ ਵਿੱਚ ਹੀ ਵਿਆਹ ਕਰਨ ਨੂੰ ਤਰਜੀਹ ਦੇਣ ਲੱਗੇ ਹਨ। ਔਰਤਾਂ ਵੱਲੋਂ ਗਾਏ ਜਾਂਦੇ ਟੱਪੇ, ਸਿੱਠਣੀਆਂ, ਘੋੜੀਆਂ ਨੂੰ ਆਰਕੈਸਟਰਾਂ ਗਰੁੱਪਾਂ ਨੇ ਖ਼ਤਮ ਕਰ ਦਿੱਤਾ। ਕੰਗਣਾ ਖੇਡਣ ਦੀ ਰਸਮ ਵੀ ਖ਼ਤਮ ਹੋ ਗਈ ਹੈ। ਹਾਂ, ਜਾਗੋ ਬਰਕਰਾਰ ਹੈ, ਪਰ ਇਹ ਸਿਰਫ਼ ਰਸਮ ਬਣ ਕੇ ਹੀ ਰਹਿ ਗਈ ਹੈ। ਪੱਛਮੀ ਸੱਭਿਅਤਾ ਦਾ ਪ੍ਰਭਾਵ ਬੱਚਿਆਂ 'ਤੇ ਜ਼ਿਆਦਾ ਪਿਆ ਹੈ। ਬੱਚੇ ਆਪਣੀਆਂ ਲੋਕ ਖੇਡਾਂ ਜਿਵੇਂ ਗੁੱਲੀ ਡੰਡਾ, ਬਾਂਦਰ ਕਿੱਲਾ ਆਦਿ ਨੂੰ ਭੁੱਲ ਕੇ ਮੋਬਾਈਲ ਫੋਨਾਂ ਅਤੇ ਵੀਡੀਓ ਗੇਮਾਂ ਵਿੱਚ ਆਪਣਾ ਬਚਪਨ ਗੁਆ ਰਹੇ ਹਨ, ਜਿਸ ਦਾ ਸਰੀਰਿਕ ਅਤੇ ਮਾਨਸਿਕ ਵਿਕਾਸ 'ਤੇ ਬਹੁਤ ਪ੍ਰਭਾਵ ਪੈ ਰਿਹਾ ਹੈ। ਹੁਣ ਦਾਦੇ-ਦਾਦੀ ਦੀਆਂ ਕਹਾਣੀਆਂ ਸੁਣਨ ਦਾ ਉਨ੍ਹਾਂ ਕੋਲ ਸਮਾਂ ਨਹੀਂ ਰਿਹਾ। ਪੰਜਾਬੀ ਪਹਿਰਾਵੇ ਨੂੰ ਵੀ ਪੱਛਮੀ ਸੱਭਿਆਚਾਰ ਨੇ ਨਿਗਲ ਲਿਆ ਹੈ। ਹੁਣ ਕੋਈ ਔਰਤ ਪਰਾਂਦੀ ਪਾਈ ਨਜ਼ਰ ਨਹੀਂ ਆਉਂਦੀ, ਇਸ ਤਰ੍ਹਾਂ ਹੀ ਸੱਗੀ ਫੁੱਲ ਵੀ ਗੁਆਚ ਗਏ ਹਨ। ਪੱਛਮੀ ਪ੍ਰਭਾਵ ਤੋਂ ਸਾਡਾ ਪੰਜਾਬੀ ਖਾਣਾ-ਪੀਣ ਵੀ ਨਹੀਂ ਬਚ ਸਕਿਆ। ਇਨ੍ਹਾਂ ਦੀ ਥਾਂ ਫਾਸਟ ਫੂਡ ਨੇ ਆਪਣੀ ਮੰਡੀ ਸਥਾਪਿਤ ਕਰ ਲਈ ਹੈ ਜੋ ਸਾਡੀ ਸਿਹਤ ਦਾ ਬਹੁਤ ਨੁਕਸਾਨ ਕਰਦੇ ਹਨ। ਪੰਜ ਪਾਣੀਆਂ ਦੀ ਧਰਤੀ ਦਾ ਪਾਣੀ ਵੀ ਹੁਣ ਪੀਣ ਯੋਗ ਨਹੀਂ ਰਿਹਾ। ਕਿਸੇ ਸਮੇਂ ਲੋਕ ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਬਰਾਬਰ ਸਮਝਦੇ ਸਨ, ਪਰ ਅੱਜ ਆਰਥਿਕ ਮਜਬੂਰੀਆਂ ਕਾਰਨ ਦੁੱਧ ਵੇਚਣਾ ਵੀ ਮਜਬੂਰੀ ਬਣ ਗਿਆ ਹੈ। ਪੰਜਾਬੀ ਸੁਭਾਅ ਪੱਖੋਂ ਮਿਲਣਸਾਰ ਤੇ ਰਿਸ਼ਤਿਆਂ ਦਾ ਨਿੱਘ ਮਾਣਨ ਲਈ ਮਸ਼ਹੂਰ ਹਨ, ਪਰ ਹੁਣ ਆਪਸੀ ਰਿਸ਼ਤਿਆਂ ਵਿੱਚ ਕੁੜੱਤਣ ਵਧ ਰਹੀ ਹੈ ਜਿਸ ਕਾਰਨ ਪਰਿਵਾਰ ਟੁੱਟਣ ਦੀ ਦਰ ਵਧ ਗਈ ਹੈ।

# ਸੋਸ਼ਲ- ਮੀਡੀਆ ਤੇ .ਗੈਰ ਜ਼ਰੂਰੀ ਵੀਡੀਓ : ਕਾਰਣ ਤੇ ਨਿਵਾਰਣ





ਡਾ. ਨਿਸ਼ਾਨ ਸਿੰਘ ਰਾਠੌਰ
ਮੋਬਾ. 75892- 33437

ਸੋਸ਼ਲ- ਮੀਡੀਆ ਦੀ ਆਮਦ ਨਾਲ ਕੌਮਾਂ ਦੇ ਬੋਧਿਕ ਪੱਧਰ ਦਾ ਸੱਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਹਰ ਰੋਜ਼ ਹਜ਼ਾਰਾਂ ਵੀਡੀਓਜ਼ ਸੋਸ਼ਲ- ਮੀਡੀਆ ਉੱਪਰ ਵਾਇਰਲ ਹੋ ਰਹੀਆਂ ਹਨ। ਜਿਹਨਾਂ ਵਿਚੋਂ 99% ਵੀਡੀਓਜ਼ ਵਕਤ ਦੀ ਬਰਬਾਦੀ ਤੋਂ ਸਿਵਾਏ ਕੁਝ ਨਹੀਂ ਹੁੰਦੀਆਂ। ਇਹਨਾਂ ਵੀਡੀਓਜ਼ ਵਿਚ ਪੰਜਾਬੀਆਂ ਦੀ ਬੋਧਿਕ ਕੰਗਾਲੀ ਦੀ ਮੂੰਹ ਬੋਲਦੀ ਤਸਵੀਰ ਨੂੰ ਵੇਖਿਆ ਜਾ ਸਕਦਾ ਹੈ/ ਸਮਝਿਆ ਜਾ ਸਕਦਾ ਹੈ। ਖ਼ੈਰ ! ਇੱਥੇ ਇਹ ਗੱਲ ਸਾਫ਼ ਕਰ ਦੇਣਾ ਲਾਜ਼ਮੀ ਹੈ ਕਿ ਇਕੱਲੇ ਪੰਜਾਬੀਆਂ ਵਿਚ ਹੀ ਸੋਸ਼ਲ ਮੀਡੀਆ ਉੱਪਰ .ਗੈਰ ਜ਼ਰੂਰੀ (ਫ਼ਿਜ਼ੂਲ ਵੀਡੀਓਜ਼) ਦੇਖਣ ਵਾਲੀ ਬੀਮਾਰੀ ਨਹੀਂ ਚਮੜੀ ਹੋਈ ਬਲਕਿ ਹਰ ਤਬਕੇ ਵਿਚ ਇਹ ਬੀਮਾਰੀ ਵੱਡਾ ਅਤੇ ਖ਼ਤਰਨਾਕ ਰੂਪ ਅਖ਼ਤਿਆਰ ਕਰ ਚੁਕੀ ਹੈ। ਪਰ ! ਇਸ ਲੇਖ ਵਿਚ ਕੇਵਲ ਪੰਜਾਬੀ ਸਮਾਜ ਨਾਲ ਸੰਬੰਧਤ ਹੀ ਗੱਲਬਾਤ ਕੀਤੀ ਜਾਵੇਗੀ ਕਿਉਂਕਿ ਸਮੁੱਚੀ ਭਾਰਤੀ ਮਾਨਸਿਕਤਾ ਬਾਰੇ ਗੱਲ ਕਰਦਿਆਂ ਇਹ ਲੇਖ ਵੱਡ ਆਕਾਰੀ ਹੋ ਜਾਵੇਗਾ। ਇਸ ਲਈ ਲੇਖ ਦੀ ਸੰਖੇਪਤਾ ਨੂੰ ਵੇਖਦਿਆਂ ਗੱਲ ਨੂੰ ਸੰਖੇਪ ਅਤੇ ਸੀਮਤ ਰੱਖਿਆ ਜਾਵੇਗਾ ਤਾਂ ਕਿ ਸਹੀ ਆਕਾਰ ਵਿਚ ਲੇਖ ਸਮਾਪਤ ਕੀਤਾ ਜਾ ਸਕੇ।

ਅੱਜ ਕੱਲ ਸੋਸ਼ਲ- ਮੀਡੀਆ ਉੱਪਰ ਚੱਲ ਰਹੀਆਂ ਪੰਜਾਬੀ ਵੀਡੀਓਜ਼ ਵਿਚ ਪਤੀ- ਪਤਨੀ ਦੀਆਂ ਵੀਡੀਓ, ਸਕੂਲ- ਕਾਲਜਾਂ ਦੀਆਂ ਵੀਡੀਓ, ਖੇਤੀਬਾੜੀ ਦੀਆਂ ਵੀਡੀਓ, ਦਫ਼ਤਰਾਂ ਦੀਆਂ ਵੀਡੀਓ, ਲੜਾਈ- ਝਗੜੇ ਦੀਆਂ ਵੀਡੀਓ ਤੇ ਅਸ਼ਲੀਲ ਵੀਡੀਓ ਆਦਿਕ ਹਰ ਵਿਸ਼ੇ ਨਾਲ ਸੰਬੰਧਤ ਵੀਡੀਓ ਰੋਜ਼ ਵਾਇਰਲ ਹੋ ਰਹੀਆਂ ਹਨ। ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਇਹਨਾਂ ਵੀਡੀਓਜ਼ ਨੂੰ ਪ੍ਰਮੋਟ ਕੀਤਾ ਜਾਂਦਾ ਹੈ। ਚੰਗੇ ਪੜ੍ਹੇ- ਲਿਖੇ ਲੋਕ ਕੁਮੈਂਟ, ਲਾਈਕ ਤੇ ਸ਼ੇਅਰ ਕਰਦੇ ਵੇਖੇ ਜਾ ਸਕਦੇ ਹਨ। ਇਹਨਾਂ ਵੀਡੀਓਜ਼ ਵਿਚ ਕਦੇ ਲੜਾਈ- ਝਗੜੇ ਨੂੰ ਕੌਮਾਂ ਦੀ ਅਣਖ਼ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਕਦੇ ਬਹਾਦਰੀ ਨਾਲ। ਕਦੇ ਮਾਨਸਿਕ ਰੂਪ ਵਿਚ ਕਮਜ਼ੋਰ ਵਿਅਕਤੀ ਨੂੰ ਪੇਸ਼ ਕੀਤਾ ਜਾਂਦਾ ਹੈ ਅਤੇ ਕਦੇ ਬੇਸੁਰੇ ਬੰਦਿਆਂ ਨੂੰ ਗੀਤ ਗਾਉਂਦਿਆਂ। ਕਦੇ ਅਸ਼ਲੀਲ ਗੱਲਬਾਤ ਨੂੰ ਦੋਹਰੇ ਅਰਥਾਂ ਵਿਚ ਬੋਲਿਆ ਜਾਂਦਾ ਹੈ ਅਤੇ ਕਦੇ ਔਰਤਾਂ ਪ੍ਰਤੀ ਗੰਦੇ ਮਜ਼ਾਕ ਕੀਤੇ ਜਾਂਦੇ ਹਨ।

ਬੇਸ਼ਰਮੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਬੀਬੀਆਂ ਵੀ ਅਸ਼ਲੀਲ ਗੱਲਬਾਤ, ਨਾਚ, ਕਪੜੇ ਅਤੇ ਲੜਾਈ ਨੂੰ ਵੀਡੀਓਜ਼ ਰਾਹੀਂ ਸੋਸ਼ਲ- ਮੀਡੀਆ ਉੱਪਰ ਪਾਉਂਦੀਆਂ ਹਨ/ ਪ੍ਰਮੋਟ ਕਰਦੀਆਂ ਹਨ। ਇਹਨਾਂ ਵੀਡੀਓਜ਼ ਦਾ ਮੂਲ ਮਕਸਦ ਮਸ਼ਹੂਰੀ ਪ੍ਰਾਪਤ ਕਰਨਾ ਹੁੰਦਾ ਹੈ। ਇਹ ਲੋਕ ਆਪਣੇ ਆਪ ਨੂੰ 'ਸਟਾਰ' ਬਣਾਉਣਾ ਚਾਹੁੰਦੇ ਹਨ/ ਸਮਾਜ ਵਿਚ ਆਪਣੀ ਪਛਾਣ ਬਣਾਉਣਾ ਚਾਹੁੰਦੇ ਹਨ। ਇਸੇ ਲਈ ਨਿੱਤ- ਦਿਹਾੜੀ ਹਜ਼ਾਰਾਂ ਵੀਡੀਓਜ਼ ਸੋਸ਼ਲ- ਮੀਡੀਆ ਉੱਪਰ ਵਾਇਰਲ ਹੋ ਰਹੀਆਂ ਹਨ।

ਸਾਇਬਰ ਮਾਹਿਰਾਂ ਅਨੁਸਾਰ ਇਹ ਸਭ ਕੁਝ ਜਾਣਬੁਝ ਕੇ ਕੀਤਾ ਜਾਂਦਾ ਹੈ। ਅਸਲ ਵਿਚ ਭਾਰਤੀ ਅਤੇ ਪੰਜਾਬੀ ਲੋਕਾਂ ਦੀ ਮਨੋਬਿਰਤੀ ਹਰ ਥਾਂ ਉੱਪਰ ਨਕਾਰਤਮਕਤਾ ਨੂੰ ਭਾਲਦੀ ਹੈ। ਜਦੋਂ ਅਜਿਹੀਆਂ ਵੀਡੀਓਜ਼ ਅਪਲੋਡ ਹੁੰਦੀਆਂ ਹਨ ਤਾਂ ਲੋਕ ਆਪਣਾ ਮਨੋਰੰਜਨ ਕਰਨ ਹਿੱਤ ਅਜਿਹੀਆਂ ਵੀਡੀਓਜ਼ ਨੂੰ ਵੇਖਦੇ ਹਨ। ਜਦੋਂ ਵੀਡੀਓ ਨੂੰ ਬਹੁਤ ਲੋਕ ਵੱਡੀ ਗਿਣਤੀ ਵਿਚ ਵੇਖਦੇ ਹਨ/ ਲਾਈਕ ਕਰਦੇ ਹਨ/ ਸ਼ੇਅਰ ਕਰਦੇ ਹਨ ਤਾਂ ਵੀਡੀਓ ਬਣਾਉਣ ਵਾਲੇ ਲੋਕ ਆਪਣੇ ਅਸਲ ਮਕਸਦ ਵਿਚ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਹਨਾਂ ਕਾਮਯਾਬੀ ਲਈ ਹੀ ਅਜਿਹੀ ਵੀਡੀਓ ਬਣਾਈ ਹੁੰਦੀ ਹੈ। ਇਹਨਾਂ ਲੋਕਾਂ ਦੀ ਕਾਮਯਾਬੀ ਕਰਕੇ ਹੋਰ ਲੋਕਾਂ ਨੂੰ ਹੱਲਾਸ਼ੇਰੀ ਮਿਲਦੀ ਹੈ ਅਤੇ ਉਹ ਵੀ ਅਜਿਹੀਆਂ ਫ਼ਿਜ਼ੂਲ ਵੀਡੀਓਜ਼ ਬਣਾ ਕੇ ਸੋਸ਼ਲ- ਮੀਡੀਆ ਉੱਪਰ ਪਾਉਣ ਲੱਗਦੇ ਹਨ। ਇਸ ਕਰਕੇ ਅੱਜ 99% ਵੀਡੀਓਜ਼ ਫ਼ਿਜ਼ੂਲ ਹੁੰਦੀਆਂ ਹਨ/ ਵਕਤ ਦੀ ਬਰਬਾਦੀ ਹੁੰਦੀਆਂ ਹਨ। ਪਰ ! ਅਸੀਂ ਅਣਜਾਣਪੁਣੇ ਵਿਚ ਅਜਿਹੀਆਂ ਵੀਡੀਓਜ਼ ਨੂੰ ਸ.ਫਲ ਕਰ ਦਿੰਦੇ ਹਾਂ।

ਇੱਥੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਵੀ ਹੈ ਕਿ ਅੱਜਕਲ੍ਹ ਸੋਸ਼ਲ- ਮੀਡੀਆ ਉੱਪਰ ਫ਼ਿਜ਼ੂਲ ਦੇ 'ਪੇਜ਼' ਧੜਾਧੜ ਬਣ ਰਹੇ ਹਨ। ਇਹਨਾਂ 'ਪੇਜ਼ਾਂ' ਨੂੰ ਲੱਖਾਂ ਲੋਕ ਫੋਲੋ ਕਰਦੇ ਹਨ। ਟੀ. ਵੀ. ਦੇਖਣ ਦਾ ਰੁਝਾਨ ਘੱਟਦਾ ਜਾ ਰਿਹਾ ਹੈ ਅਤੇ ਲੋਕ ਮੋਬਾਈਲ ਫੋਨ ਉੱਪਰ ਹੀ ਸਾਰੀਆਂ ਖ਼ਬਰਾਂ ਪ੍ਰਾਪਤ ਕਰਨਾ ਚਾਹੁੰਦੇ ਹਨ। ਸ਼ਾਇਦ ! ਇਸੇ ਕਰਕੇ ਹੀ ਵੈਬ ਟੀ. ਵੀ. ਦਾ ਰੁਝਾਨ ਆਪਣੇ ਸਿਖ਼ਰਾਂ ਉੱਪਰ ਹੈ। ਹਰ ਤੀਜੇ ਦਿਨ ਨਵਾਂ ਚੈਨਲ ਸੋਸ਼ਲ- ਮੀਡੀਆ ਉੱਪਰ ਪੈਦਾ ਹੋ ਰਿਹਾ ਹੈ। ਇਹ ਚੈਨਲ ਹਰ ਹੀਲੇ ਲੋਕਾਂ ਨੂੰ ਆਪਣੇ ਨਾਲ ਜੋੜਣਾ ਚਾਹੁੰਦਾ ਹੈ। ਇਸੇ ਕਰਕੇ ਹਰ ਤਰ੍ਹਾਂ ਦੀ ਵੀਡੀਓ ਨੂੰ ਬਿਨਾਂ ਸੋਚੇ- ਵਿਚਾਰੇ ਦਰਸ਼ਕਾਂ ਸਾਹਮਣੇ ਪਰੋਸ ਦਿੰਦਾ ਹੈ।

ਆਈ. ਟੀ. ਦੇ ਜਾਣਕਾਰ ਲੋਕ 'ਵੈਬ ਪੇਜ਼' ਬਣਾ ਕੇ ਲੱਖਾਂ ਰੁਪਏ ਦਾ ਵਪਾਰ ਕਰ ਰਹੇ ਹਨ। ਪਰ ! ਆਮ ਲੋਕ ਇਹਨਾਂ 'ਪੇਜ਼ਾਂ' ਦੇ ਚੱਕਰ ਵਿਚ ਗਲਤ ਜਾਣਕਾਰੀ ਹਾਸਲ ਕਰ ਰਹੇ ਹਨ। ਇਹਨਾਂ ਗਲਤ ਜਾਣਕਾਰੀਆਂ ਕਰਕੇ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਕਦੇ- ਕਦੇ ਤਾਂ ਸਮਾਜ ਵਿਚ ਤਨਾਓ ਦਾ ਮਾਹੌਲ ਵੀ ਬਣ ਜਾਂਦਾ ਹੈ। ਇਹਨਾਂ ਦਾ ਮੂਲ ਕਾਰਣ ਆਪੂ ਬਣੇ ਚੈਨਲਾਂ ਦੀਆਂ ਬੇਤੁਕੀਆਂ ਖ਼ਬਰਾਂ ਹੁੰਦੀਆਂ ਹਨ। ਇਹਨਾਂ ਚੈਨਲਾਂ ਦਾ ਮੂਲ ਮਕਸਦ ਆਪਣੀ ਮਸ਼ਹੂਰੀ ਕਰਨਾ ਹੁੰਦਾ ਹੈ / ਪੈਸਾ ਕਾਮਉਣਾ ਹੁੰਦਾ ਹੈ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਆਪਣੀ ਪਹੁੰਚ ਬਣਾਉਣਾ ਹੁੰਦਾ ਹੈ।

ਖ਼ੈਰ ! ਇੱਥੇ ਕੁਝ ਅਹਿਮ ਨੁਕਤੇ ਦਿੱਤੇ ਜਾ ਰਹੇ ਹਨ ਜਿਸ ਨਾਲ ਅਜਿਹੇ ਲੋਕਾਂ ਨੂੰ ਠੱਲ ਪਾਈ ਜਾ ਸਕਦੀ ਹੈ। ਇਹਨਾਂ ਨੁਕਤਿਆਂ ਤੇ ਚੱਲ ਕੇ ਅਜਿਹੇ ਲੋਕਾਂ ਨੂੰ ਅਸਫ਼ਲ ਕੀਤਾ ਜਾ ਸਕਦਾ ਹੈ ਜਿਹੜੇ ਨਕਾਰਤਮਕਤਾ ਭਰਪੂਰ ਵੀਡੀਓਜ਼ ਰਾਹੀਂ ਮਕਬੂਲ ਹੋਣਾ ਚਾਹੁੰਦੇ ਹਨ/ ਸੋਸ਼ਲ- ਮੀਡੀਆ ਉੱਪਰ ਸ.ਫਲ ਹੋਣਾ ਚਾਹੁੰਦੇ ਹਨ ਅਤੇ ਪੈਸਾ ਕਮਾਉਣਾ ਚਾਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਵਾਧੂ ਦੀਆਂ ਵੀਡੀਓਜ਼ ਨੂੰ ਵੇਖਣਾ ਬੰਦ ਕਰਨਾ ਚਾਹੀਦਾ ਹੈ। ਜਿਸ ਜਾਣਕਾਰੀ ਦੀ ਤੁਹਾਨੂੰ ਜ਼ਰੂਰਤ ਹੈ ਉਸ ਜ਼ਰੂਰਤ ਦੇ ਮੁਤਾਬਕ ਵੀਡੀਓ ਦੀ ਭਾਲ (ਸਰਚ) ਕੀਤੀ ਜਾ ਸਕਦੀ ਹੈ। ਵਾਧੂ ਦੀਆਂ ਵੀਡੀਓਜ਼ ਨੂੰ ਬਿਨਾਂ ਵੇਖੇ ਹੀ ਛੱਡ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ .ਗੈਰ ਜ਼ਰੂਰੀ ਚੈਨਲਾਂ ਨੂੰ ਸਬਸਕਰਾਈਬ ਨਹੀਂ ਕਰਨਾ ਚਾਹੀਦਾ/ ਫ਼ੋਲੋ ਨਹੀਂ ਕਰਨਾ ਚਾਹੀਦਾ ਕਿਉਂਕਿ ਇਕ ਵਾਰ ਵੀਡੀਓ ਵੇਖਣ ਤੋਂ ਬਾਅਦ ਉਸ ਚੈਨਲ ਦੀ ਹਰ ਵੀਡੀਓ ਤੁਹਾਡੇ ਅਕਾਉਂਟ ਤੇ ਦਿਖਾਈ ਦੇਵੇਗੀ।

ਹਰ ਵੀਡੀਓ ਉੱਪਰ ਕੁਮੈਂਟ ਨਹੀਂ ਕਰਨਾ ਚਾਹੀਦਾ। ਹਾਂ, ਜੇਕਰ ਤੁਸੀਂ ਆਪਣੇ ਵਿਚਾਰ ਸਾਂਝੇ ਕਰਨਾ ਚਾਹੁੰਦੇ ਹੋ ਤਾਂ ਸਾਰਥਕ ਵੀਡੀਓ ਉੱਪਰ ਵਿਚਾਰ ਜ਼ਰੂਰ ਸਾਂਝੇ ਕਰੋ। ਪਰ ! ਐਵੇਂ ਹਰ ਨਕਾਰਤਮਕ ਵੀਡੀਓ ਉੱਪਰ ਕੁਮੈਂਟ ਕਰਨਾ ਫ਼ਿਜ਼ੂਲ ਵੀਡੀਓ ਨੂੰ ਪ੍ਰਮੋਟ ਕਰਨ ਵਾਲਾ ਕੰਮ ਹੋ ਨਿਬੜਦਾ ਹੈ। ਇਸ ਨਾਲ ਇੱਕ ਨੁਕਸਾਨ ਇਹ ਵੀ ਹੁੰਦਾ ਹੈ ਕਿ ਉਹ ਵੀਡੀਓ ਤੁਹਾਡੇ ਦੋਸਤਾਂ- ਮਿੱਤਰਾਂ ਨੂੰ ਵੀ ਦਿਖਾਈ ਦੇਣ ਲੱਗਦੀ ਹੈ ਅਤੇ ਉਹਨਾਂ ਦੇ ਵੇਖਣ ਨਾਲ ਵੀਡੀਓ ਪਰਮੋਟ ਹੁੰਦੀ ਜਾਂਦੀ ਹੈ/ ਸ.ਫਲ ਹੁੰਦੀ ਜਾਂਦੀ ਹੈ। ਇਹ ਲੜੀ ਇਸੇ ਤਰ੍ਹਾਂ ਅੱਗੇ ਤੋਂ ਅੱਗੇ ਤੁਰਦੀ ਜਾਂਦੀ ਹੈ ਅਤੇ ਵੀਡੀਓ ਬਣਾਉਣ ਵਾਲਾ ਆਪਣੇ ਮਕਸਦ ਵਿਚ ਸ.ਫਲ ਹੋ ਜਾਂਦਾ ਹੈ। ਦੂਜੀ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸੋਸ਼ਲ- ਮੀਡੀਆ ਤੇ ਵਾਧੂ ਦੇ ਚੈਨਲਾਂ ਨੂੰ ਸਬਸਕਰਾਈਬ ਨਾ ਕਰੋ ਕਿਉਂਕਿ ਇਹਨਾਂ ਦੀਆਂ ਫ਼ਿਜ਼ੂਲ ਜਾਣਕਾਰੀਆਂ ਸਮਾਜ ਲਈ ਘਾਤਕ ਸਿੱਧ ਹੁੰਦੀਆਂ ਹਨ। ਇਸ ਪ੍ਰਕਾਰ ਉੱਪਰ ਕੀਤੀ ਗਈ ਵਿਚਾਰ- ਚਰਚਾ ਅਨੁਸਾਰ ਅਸੀਂ ਬੇਲੋੜੀਆਂ ਵੀਡੀਓਜ਼ ਤੋਂ ਬਚ ਸਕਦੇ ਹਾਂ ਅਤੇ ਅਜਿਹੀਆਂ ਵੀਡੀਓਜ਼ ਦੇ ਅਸਲ ਮਕਸਦ ਨੂੰ ਠੱਲ ਪਾ ਸਕਦੇ ਹਾਂ ਤਾਂ ਕਿ ਭਵਿੱਖ ਵਿਚ ਅਜਿਹੀਆਂ .ਗੈਰ ਜ਼ਰੂਰੀ ਵੀਡੀਓਜ਼ ਦੀ ਗਿਣਤੀ ਵਿਚ ਗਿਰਾਵਟ ਆ ਸਕੇ। ਪਰ ! ਇਹ ਹੁੰਦਾ ਕਦੋਂ ਹੈ ?, ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।

# ਮਿੰਨੀ ਕਹਾਣੀ... ਸੁਪਨਾ

ਦਲਬੀਰ ਸਿੰਘ ਫੌਜੀ ਨੇ ਫੌਜ ਦੀ ਨੌਕਰੀ ਪੂਰੀ ਕਰਕੇ ਪੈਂਨਸ਼ਨ ਆਉਂਦਿਆਂ ਸਾਰ ਹੀ ਪਿੰਡ ਦਿਆਂ ਕੰਮਾਂ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਫੌਜ ਵਿੱਚ ਰਹਿੰਦਿਆਂ ਜਦ ਓਹ ਕਿਸੇ ਆਦਰਸ਼ (ਸੁਧਾਰਕ) ਪਿੰਡ ਦੀ ਬਦਲੀ ਦਿੱਖ ਦੀ ਖਬਰ ਪੜ੍ਹਦਾ ਓਸੇ ਸਮੇਂ ਹੀ ਓਹ ਆਪਣੇ ਪਿੰਡ ਦੀ ਨੁਹਾਰ ਇਸ ਤਰ੍ਹਾਂ ਬਣਾਉਣ ਦੇ ਸੁਪਨੇ ਦਿਲ ਵਿੱਚ ਗੁੰਦਦਾ ਰਹਿੰਦਾ ਸੀ।

ਪੈਂਨਸ਼ਨ ਆਉਣ ਤੋਂ ਬਾਅਦ ਦਲਬੀਰ ਨੇ ਸਮੁੱਚੇ ਪਿੰਡ ਦੀ ਤੇ ਪੰਚਾਇਤ ਦੀ ਸਹਿਮਤੀ ਨਾਲ ਪਿੰਡ ਦੇ ਅਧੂਰੇ ਪਏ ਕੰਮਾਂ ਨੂੰ ਪੂਰੀ ਕਰਨ ਦੀ ਠਾਣ ਲਈ ਸੀ। ਪਿੰਡ ਦੇ ਸਰਕਾਰੀ ਅਦਾਰਿਆਂ ਜਿਵੇਂ ਕਿ ਕੋਆਪਰੇਟਿਵ ਬੈਂਕ ਪੰਚਾਇਤ ਘਰ, ਡਿਸਪੈਂਸਰੀ ਤੇ ਆਰ ਓ ਆਦਿ ਦੀਆਂ ਊਣਤਾਈਆਂ ਨੋਟ ਕੀਤੀਆਂ ਤੇ ਸਬੰਧਿਤ ਮਹਿਕਮਿਆਂ ਵਿਚ ਪਹੁੰਚ ਕਰਕੇ ਸਰਪੰਚ ਨੂੰ ਨਾਲ ਲੈਕੇ ਇੱਕ ਸਾਲ ਦੇ ਵਿੱਚ ਹੀ ਪੂਰਾ ਕਰਵਾ ਦਿੱਤਾ। ਪਿੰਡ ਦੀਆਂ ਗਲੀਆਂ ਨਾਲੀਆਂ ਦੀਆਂ ਗ੍ਰਾਂਟਾਂ ਲੈ ਕੇ ਪੂਰੀਆਂ ਕਰਵਾਈਆਂ ,ਤੇ ਸ਼ਗਨ ਸਕੀਮ ਦੀਆਂ ਖੜੀਆਂ ਹੋਈਆਂ ਗ੍ਰਾਂਟਾਂ ਨੂੰ ਸਬੰਧਤ ਮਹਿਕਮੇ ਤੋਂ ਲੈਕੇ ਘਰ ਘਰ ਪਹੁੰਚਦਾ ਕੀਤਾ। ਪਿੰਡ ਦੇ ਲੋਕਾਂ ਵਿੱਚ ਦਲਬੀਰ ਪ੍ਰਤੀ ਸਤਿਕਾਰ ਤੇ ਸ਼ਰਧਾ ਵਧਦੀ ਹੀ ਜਾ ਰਹੀ ਸੀ। ਕਿਉਂਕਿ ਉਸਨੇ ਆਪਣੇ ਘਰ ਦੇ ਕੰਮਾਂ ਨਾਲੋਂ ਪਿੰਡ ਦੇ ਕੰਮਾਂ ਵਿੱਚ ਦਿਲਚਸਪੀ ਵਿਖਾਉਣੀ ਸ਼ੁਰੂ ਕਰ ਦਿੱਤੀ ਸੀ। ਇੱਕ ਰਿਟਾਇਰ ਫੌਜੀ ਦੀ ਸਰਕਾਰੇ ਦਰਬਾਰੇ ਸੁਣੀ ਜਾਂਦੀ ਕਰਕੇ ਦਲਬੀਰ ਦੇ ਸਾਰੇ ਕੰਮ ਹੀ ਜਲਦੀ ਜਲਦੀ ਹੋ ਜਾਂਦੇ।

ਤਿੰਨ ਸਾਲਾਂ ਮਗਰੋਂ ਪੰਚਾਇਤੀ ਚੋਣਾਂ ਦਾ ਬਿਗੁਲ ਵੱਜਣ ਤੋਂ ਬਾਅਦ ਦਲਬੀਰ ਨੇ ਸਰਪੰਚੀ ਲਈ ਪਿੰਡ ਦੇ ਸਤਿਕਾਰਤ ਬਜ਼ੁਰਗਾਂ ਚੋਂ ਇੱਕ ਨੂੰ ਪੂਰੇ ਪਿੰਡ ਦੇ ਮੋਹਤਬਰਾਂ ਨੂੰ ਨਾਲ ਲੈਕੇ ਸਰਪੰਚੀ ਲਈ ਜਦ ਉਸ ਦੇ ਘਰ ਜਾਕੇ ਸਰਬਸੰਮਤੀ ਕਰਨ ਲਈ ਕਿਹਾ ਤਾਂ ਅੱਗੋਂ ਮਹਿੰਦਰ ਸਿੰਘ ਨੇ ਸਾਰੇ ਹੀ ਪਿੰਡ ਦੇ ਮੋਹਤਬਰਾਂ ਦੇ ਤੇ ਸਮੁੱਚੇ ਪਿੰਡ ਤੇ ਭਾਈਚਾਰੇ ਦੇ ਸਾਹਮਣੇ ਪਰ੍ਹੇ



ਜਸਵੀਰ ਸ਼ਰਮਾਂ ਦੱਦਾਹੂਰ
95691-49556

ਪੰਚਾਇਤ ਵਿੱਚ ਕਹਿ ਦਿੱਤਾ ਕਿ ਪੁੱਤਰਾ ਅਸੀਂ ਤਾਂ ਅੱਜ ਦਾ ਦਿਨ ਸੁੱਖਾਂ ਸੁੱਖ ਸੁੱਖ ਕੇ ਲਿਆਂਦਾ ਹੈ। ਅਸੀਂ ਸਮੁੱਚੇ ਪਿੰਡ ਨੇ ਤੇਰੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਹਿਲੀ ਬਣੀ ਪੰਚਾਇਤ ਨੇ ਆਪਣੇ ਕੋਰਮ ਵਿਚ ਦੋ ਸਾਲ ਪਹਿਲਾਂ ਹੀ ਤੈਨੂੰ ਸਰਬਸੰਮਤੀ ਨਾਲ ਸਰਪੰਚ ਨਾਮਜ਼ਦ ਕੀਤਾ ਹੋਇਆ ਹੈ, ਤੇ ਹੁਣ ਚੋਣਾਂ ਦਾ ਬਿਗੁਲ ਸਰਕਾਰ ਵਲੋਂ ਵੱਜ ਚੁਕਾ ਹੈ, ਤੇ ਸਿਰਫ਼ ਐਲਾਨ ਹੋਣਾ ਹੀ ਬਾਕੀ ਰਹਿ ਗਿਆ ਹੈ। ਸਾਨੂੰ ਤਾਂ ਤੇਰੇ ਵਰਗੇ ਅਣਥੱਕ ਮਿਹਨਤੀ ਸਰਪੰਚ ਦੀ ਬਹੁਤ ਦੇਰ ਤੋਂ ਲੋੜ ਸੀ,ਜੋ ਸਮੁੱਚੇ ਪਿੰਡ ਨੂੰ ਨਾਲ ਲੈਕੇ ਕਿਸੇ ਭੇਦ-ਭਾਵ ਤੋਂ ਬਿਨਾਂ ਪਿੰਡ ਦੇ ਸਾਂਝੇ ਕੰਮਾਂ ਨੂੰ ਕਰਵਾ ਕੇ ਇਕ ਨਮੂਨੇ ਦਾ ਪਿੰਡ ਬਣਾ ਸਕੇ।ਸੋ ਓਹ ਸਾਡੇ ਦਿਲ ਦੀ ਤਮੰਨਾ ਅੱਜ ਵਾਹਿਗੁਰੂ ਜੀ ਨੇ ਪੂਰੀ ਕਰ ਦਿੱਤੀ ਹੈ। ਅਸੀਂ ਸਮੁੱਚੇ ਪਿੰਡ ਨੇ ਹੀ ਤੈਨੂੰ ਅੱਜ ਤੋਂ ਹੀ ਸਰਪੰਚ ਮੰਨ ਲਿਆ ਹੈ।

ਦਲਬੀਰ ਨੂੰ ਫੌਜ ਵਿੱਚ ਸੋਚੇ ਸੁਪਨੇ ਨੂੰ ਅੱਜ ਬੂਰ ਪੈਂਦਾ ਨਜ਼ਰੀਂ ਆਇਆ। ਪਿੰਡ ਦੇ ਬਾਕੀ ਰਹਿੰਦੇ ਅਧੂਰੇ ਕਾਰਜਾਂ ਦਾ ਭਾਰ ਵੀ ਉਸ ਦੇ ਮੋਢਿਆਂ ਤੇ ਆਣ ਪਿਆ।ਜਿਸ ਨੂੰ ਉਸ ਨੇ ਖਿੜੇ ਮੱਥੇ ਪ੍ਰਵਾਨ ਕਰ ਕੇ ਨੇਪਰੇ ਚਾੜ੍ਹਨ ਲਈ ਮਨ ਬਣਾ ਲਿਆ ਸੀ।

# ਮਾਵਾਂ ਠੰਡੀਆਂ ਛਾਂਵਾਂ

ਇਨਸਾਨੀ ਜੀਵਨ ਵਿਚ ਮਾਂ ਦਾ ਰੂਪ ਪੁਰਖ ਨਾਲੋਂ ਵੀ ਵਧੇਰੇ ਮਹੱਤਵਪੂਰਨ ਤੇ ਸੰਪੂਰਨ ਹੁੰਦਾ ਹੈ। ਇਕ ਮਾਂ ਹੀ ਹੈ, ਜੋ ਬੱਚੇ ਨੂੰ ਨੌਂ ਮਹੀਨੇ ਆਪਣੇ ਗਰਭ ਵਿਚ ਰੱਖ ਕੇ ਜਨਮ ਦਿੰਦੀ ਹੈ। ਹਰ ਬੱਚਾ ਮਾਂ ਲਈ ਰੱਬ ਵੱਲੋਂ ਇੱਕ ਬਹੁਤ ਵੱਡੀ ਸੁਗਾਤ ਹੁੰਦਾ ਹੈ। ਉਹ ਮਾਂ ਜੋ ਏਨੀ ਪੀੜ ਸਹਿ ਕੇ ਬੱਚੇ ਨੂੰ ਜਨਮ ਦਿੰਦੀ ਹੈ। ਉਹ ਬੱਚੇ ਲਈ ਦੁੱਖ ਸਹਿਣ ਕਰਨ ਲਈ ਤਿਆਰ ਹੁੰਦੀ ਹੈ। ਬੱਚਾ ਮਾਂ ਲਈ ਇੱਕ ਪੈਗੰਬਰ ਹੁੰਦਾ ਹੈ। ਜਿਸ ਦੀ ਟਹਿਲ ਸੇਵਾ ਕਰਕੇ ਉਹ ਕਦੇ ਥਕਾਵਟ ਮਹਿਸੂਸ ਨਹੀਂ ਕਰਦੀ। ਆਪਣੇ ਬੱਚੇ ਨੂੰ ਪੰਘੂੜੇ ਵਿਚ ਪਾ ਕੇ ਜਦ ਕੋਈ ਮਾਂ ਲੋਰੀਆਂ ਦਿੰਦੀ ਹੈ ਤਾਂ ਇਸ ਤੋਂ ਵੱਧ ਕੇ ਕੋਈ ਵੀ ਖ਼ੂਬਸੂਰਤ ਦ੍ਰਿਸ਼ ਦੁਨੀਆ ਵਿਚ ਨਜ਼ਰ ਨਹੀਂ ਆਉਂਦਾ। ਬੱਚਾ ਜਨਮ ਤੋਂ ਪਹਿਲਾਂ ਉਸ ਦੇ ਸਰੀਰ ਦਾ ਹਿੱਸਾ ਹੁੰਦਾ ਹੈ। ਜਨਮ ਤੋਂ ਬਾਅਦ ਉਸ ਦੀਆਂ ਆਂਦਰਾਂ ਦਾ ਹਿੱਸਾ ਬਣ ਜਾਂਦਾ ਹੈ। ਜਦ ਕਿਸੇ ਬੱਚੇ ਨੂੰ ਕੋਈ ਤਕਲੀਫ ਹੁੰਦੀ ਹੈ ਤਾਂ ਮਾਂ ਦਾ ਹਿਰਦਾ ਕਿੰਨਾ ਤੜਫਦਾ ਹੈ। ਮਾਂ ਆਪਣੇ ਬੱਚੇ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਰਹਿੰਦੀ ਹੈ। ਮਾਂ ਤਾਂ ਆਪਣੇ ਬੱਚੇ ਨੂੰ ਨਿੱਕੇ ਹੁੰਦਿਆਂ ਸੁੱਕੀ ਥਾਂ 'ਤੇ ਪਾ ਕੇ ਆਪ ਗਿੱਲੇ ਥਾਂ ਪੈ ਜਾਂਦੀ ਹੈ। ਅਸਲ ਵਿਚ ਮਾਂ ਹੀ ਬੱਚੇ ਦੀ ਸਿਰਜਕ ਹੁੰਦੀ ਹੈ। ਉਹ ਆਪਣੀ ਸਿਰਜਣਾ ਨੂੰ ਅਦੁੱਤੀ ਸਮਝ ਨੇ ਰੱਬ ਅੱਗੇ ਹੱਥ ਅੱਡਦੀ ਹੈ ਕਿ ਹੇ ਰੱਬਾ ! ਮੇਰੇ ਬੱਚੇ ਨੂੰ ਤੱਤੀ ਵਾਅ ਨਾ ਲੱਗੇ। ਮੇਰੇ ਬੱਚੇ ਨੂੰ ਤਕਲੀਫ ਨਾ ਹੋਵੇ ਤੇ ਮੇਰਾ ਬੱਚਾ ਸਭ ਬੱਚਿਆਂ ਤੋਂ ਵੱਧ ਸੋਹਣਾ, ਖੁਸ਼, ਹਸਮੁੱਖ ਤੇ ਕਾਮਯਾਬ ਹੋਵੇ। ਮਾਂ ਤਾਂ ਆਪਣੇ ਬੱਚੇ ਨੂੰ ਕਾਲਾ ਟਿੱਕਾ ਲਾ ਦਿੰਦੀ ਹੇ ਕਿ ਬੱਚੇ ਨੂੰ ਕਿਸੇ ਦੀ ਬੁਰੀ ਨਜ਼ਰ ਨਾ ਲੱਗੇ। ਬੱਚਾ ਸਾਰੀ ਉਮਰ ਆਪਣੀ ਮਾਂ ਦਾ ਦੇਣਾ ਨਹੀਂ ਦੇ ਸਕਦਾ। ਇਹ ਹੀ ਕਾਰਨ ਹੈ ਕਿ ਸੰਸਾਰ ਵਿਚ ਮਹਾਨ ਪੁਰਸ਼ਾਂ ਨੇ ਮਾਂ ਰੂਪ ਦਾ ਜਸ ਗਾਇਆ ਹੈ। ਕਿ ਮਾਂ ਵਰਗਾ ਕੋਈ ਹੋਰ ਨਹੀਂ ਹੋ ਸਕਦਾ। ਸੰਸਾਰ ਵਿਚ ਸਭ ਤੋਂ ਵੱਧ ਸਤਿਕਾਰ ਦਾ ਪਾਤਰ ਮਾਂ ਹੀ ਹੁੰਦੀ ਹੈ, ਮਾਂ ਦੀ ਠੰਡੀ ਛਾਂ ਹਮੇਸ਼ਾ ਸਾਡੇ ਰਸਤੇ ਦੀਆਂ ਦੁਸ਼ਵਾਰੀਆਂ ਨੂੰ ਦੂਰ ਕਰਦੀ ਹੈ। ਮਾਂ ਦੀ ਪੂਜਾ ਹੀ ਪ ਰਮਾਤਮਾ ਦੀ ਪੂਜਾ ਕਰਨ ਦੇ ਸਮਾਨ ਹੈ। ਲਿੰਕਨ ਕਹਿੰਦਾ ਹੈ ਮੈਂ ਜੋ ਕੁਝ ਵੀ ਹਾਂ ਤੇ ਬਣਨਾ ਚਾਹੁੰਦਾ ਹਾਂ, ਸਭ ਮਾਂ ਕਰ ਕੇ ਹੀ ਹੈ। ਦੁਨੀਆ ਦਾ ਪ੍ਰਸਿੱਧ ਫਿਲਾਸਫਰ ਕਵੀ ਕਾਲਰਿਜ ਦਾ ਕਥਨ ਹੈ"ਜ਼ਿੰਦਗੀ ਦੀ ਸਭ ਤੋਂ ਪਵਿੱਤਰ ਵਸਤੂ ਮਾਂ ਹੈ" ਕਿਪਲਿੰਗ ਦਾ ਕਥਨ ਹੈ, "ਜੇ ਮੈਨੂੰ ਸਭ ਤੋਂ ਉਚੀ ਚੋਟੀ ਤੇ ਫਾਂਸੀ ਤੇ ਲਟਕਾਇਆ ਜਾਵੇ ਤਾਂ ਇਹ ਮਾਂ ਦਾ ਹੀ ਦਿਲ ਹੈ, ਜੋ ਮੇਰਾ ਪਿੱਛਾ ਕਰੇਗਾ।

ਸ਼ਿਵਾ ਜੀ ਦੀ ਮਾਂ ਨੇ ਵੀ ਸ਼ਿਵਾ ਜੀ ਨੂੰ ਵੀਰ ਪੁਰਸ਼ਾਂ ਦੀਆਂ ਕਹਾਣੀਆਂ ਸੁਣਾ ਕੇ ਉਸ ਨੂੰ ਮਹਾਨ ਯੋਧਾ ਬਣਾਇਆ ਸੀ। ਸਿੱਖ ਧਰਮ ਵਿਚ ਮਾਤਾ ਗੁਜਰੀ ਵੱਲੋਂ ਵੱਧ ਕੁਰਬਾਨੀ ਦੇਣ ਵਾਲੀ ਦੁਨੀਆ ਵਿਚ ਮਿਸਾਲ ਲਭਣੀ ਮੁਸ਼ਕਿਲ ਹੈ, ਜਿਸ ਨੇ ਆਪਣੇ ਪਤੀ, ਪੁੱਤਰ, ਪੋਤਰਿਆਂ ਨੂੰ ਸ਼ਹੀਦੀ ਦੇ ਰਸਤੇ 'ਤੇ ਤੋਰਿਆ। ਨਾ ਕੇਵਲ ਸਿੱਖ ਅਤੇ ਰਾਜਪੂਤੀ ਮਾਵਾਂ ਨੇ ਆਪਣ ਧਰਤੀ ਦੀ ਰੱਖਿਆ ਲਈ ਢਾਲ ਬਣਾ ਕੇ ਭੂਮਿਕਾ ਨਿਭਾਈ ਹੈ, ਸਗੋਂ ਸੰਸਾਰ ਵਿੱਚ ਜਿਥੇ ਕਿਥੇ ਵੀ ਮਾਂ ਹੈ ਉਹ ਕੁਰਬਾਨੀ ਦੀ ਮੂਰਤ ਹੈ ਜਿਨ੍ਹਾਂ ਮਾਂਵਾਂ ਦੇ ਪੁੱਤਰ ਪਰਦੇਸੀ ਜਾ ਵਸਦੇ ਹਨ ਮਾਂਵਾਂ ਉਨ੍ਹਾਂ ਲਈ ਲੱਖ ਅਸੀਸਾਂ ਰੱਬ ਕੋਲੋ ਮੰਗਦੀਆਂ ਹਨ ਕਿ ਪੁੱਤਰ ਰਾਜੀਖੁਸ਼ੀ ਹੋਣ ਇਹੀ ਵਜ੍ਹਾ ਹੈ ਕਿ ਜਦੋਂ ਕੋਈ ਫੋਨ ਆਉਂਦਾ ਹੈ ਤਾਂ ਮਾਂ ਦਾ ਹਿਰਦਾ ਆਪਣੇ ਪੁੱਤਰ (ਲਾਡਲੇ) ਦੀ ਅਵਾਜ ਸੁਣ ਕੇ ਗਦ-ਗਦ ਹੋ ਜਾਂਦਾ ਹੈ ਪਰ ਮੁਆਫ ਕਰਨਾ ਕਈ ਵਾਰ ਪੁੱਤਰ ਪਰਦੇਸੀ ਵਸ ਕੇ ਪੁੱਤ ਨਾ ਹੋ ਕੇ ਕਪੁੱਤ ਹੋ ਜਾਂਦੇ ਹਨ ਉਹ ਘਰੇ ਮਾਂ ਨੂੰ ਫੋਨ ਵੀ ਨਹੀਂ ਕਰਦੇ ਅਤੇ ਕਈ ਵਾਰੀ ਇਹ ਫੋਨ ਕਈ-ਕਈ ਮਹੀਨੇ ਵੀ ਨਹੀਂ ਆਉਂਦਾ ਮਾਂ ਤਾਂ ਕੰਧਾ ਕੋਲਿਆ ਲੱਗਦੀ ਫਿਰਦੀ ਹੈ। ਜਿਵੇਂ ਹਵਾਵਾਂ ਤੋਂ ਆਪਣੇ ਪੁੱਤ ਦੀ ਸੁੱਖ ਸਾਂਦ ਪੁਛ ਰਹੀ ਹੋਵੇ ਤੇ ਜੇ ਕਦੇ ਉਸ ਦੇ ਪੁੱਤ ਦੀ ਕੋਈ ਅਫਵਾਹ ਉਸਨੂੰ ਮਿਲ ਜਾਵੇ ਜਾਂ ਕੋਈ ਦੁਰਘਟਨਾ ਵਾਪਰ ਜਾਵੇ ਤਾਂ ਮਾਂ ਦਾ ਹਿਰਦਾ ਵਲੂੰਧਰਿਆ ਜਾਂਦਾ ਹੈ। ਸਾਰੀ ਸਾਰੀ ਰਾਤ ਨੀਂਦ ਨਹੀਂ ਪੈਦੀ ਮਾਂ ਰੱਬ ਅੱਗੇ ਲੱਖਾਂ ਅਰਜੋਈਆ ਕਰਕੇ ਪੁੱਤਰ ਲਈ ਸ਼ੁਭ ਕਾਮਨਾਵਾਂ ਲੋਚਦੀ ਹੈ। ਹਜ਼ਾਰਾਂ ਲੱਖਾਂ ਮੀਲਾਂ ਦੀ ਦੂਰੀ ਤੋਂ ਪੁੱਤ ਦੀ ਆਹਟ ਸੁਣਨ ਲਈ ਵਿਲਕ ਜਾਂਦੀ ਹੈ। ਪੌਣਾਂ ਹੱਥ ਸੁਨੇਹੇ ਭੇਜਦੀ ਹੈ ਤੇ ਆਸਮਾਨ ਅੱਗੇ ਹੱਥ ਅੱਡ ਕੇ ਪੁੱਤਰ ਲਈ ਇਨਸਾਫ ਭਾਲਦੀ ਹੈ। ਉਸਦੀ ਸਲਾਮਤੀ ਲਈ ਅਰਦਾਸ ਕਰਦੀ ਹੈ ਇਹ ਇਕ ਅਟਲ ਸੱਚਾਈ ਹੈ ਕਿ ਮਾਂ, ਮਾਂ ਹੀ ਰਹਿੰਦੀ ਪੁੱਤ ਭਾਵੇਂ ਕਪੁੱਤ ਹੋ ਜਾਵੇ।

ਮਾਂ ਹਰ ਬੱਚੇ ਲਈ ਰੋਟੀ ਪਰੋਸਦੀ ਹੈ ਤੇ ਕਿੰਨੇ ਪਿਆਰ ਨਾਲ ਰੋਟੀਆਂ ਪਕਾ ਬੱਚਿਆਂ ਦੀ ਥਾਲੀ ਵਿਚ ਰੱਖਦੀ ਹੈ। (ਕਈ ਵਾਰ ਆਪ ਤਾਂ ਮਾਂ ਬੇਹਾ ਬੱਚਿਆਂ ਹੋਇਆ) ਭੋਜਨ ਖਾ ਲੈਂਦੀ ਹੈ ਪਰ ਪੁੱਤਰ, ਧੀਆਂ ਲਈ ਸੱਜਰਾ ਭੋਜਨ ਪਕਾ ਕੇ ਦਿੰਦੀ ਹੈ। ਚੰਗੀ ਤੋਂ ਚੰਗੀ ਚੀਜ਼ ਖੁਆ ਕੇ ਖੁਸ਼ ਹੁੰਦੀ ਹੈ। ਕੋਂ ਮਾਂ ਕਿਸੇ ਹੋਰ ਘਰੋਂ ਮਿਲੀ ਕੋਈ ਮਿੱਠੀ ਚੀਜ਼ ਚੁੰਨੀ ਦੇ ਲੜਲ ਨਾਲ ਬੰਨ ਕੇ ਲੈ ਆਉਂਦੀ ਹੈ ਤਾ ਫਿਰ ਪੁੱਤਰ ਨੂੰ ਭੇਟ ਕਰਕੇ ਖੁਸ਼ ਹੁੰਦੀ ਹੈ। ਸਿਆਣਿਆਂ ਕਿਹਾ ਹੈ ਕਿ ਕਦੇ ਵੀ ਕਿਸੇ ਨੂੰ ਮਾਂ ਦਾ ਹਿਰਦਾ ਨਹੀਂ ਦੁਖਾਉਣਾ ਚਾਹੀਦਾ। ਮਾਂ ਦੇ ਹਿਰਦੇ ਵਿਚ ਰੱਬ ਵਸਦਾ ਹੈ ਤੇ ਕਈ ਵਾਰ ਮਾਂ ਜੇ ਕਿਸੇ ਨੂੰ ਦੂਰ ਅਸੀਸ ਦੇ ਦੇਵੇ ਤਾਂ ਉਹੀ ਪੂਰੀ ਹੋ ਜਾਂਦੀ ਹੈ। ਮਾਂ ਦੇਹਿਰਦੇ ਦੇ ਬੋਲ ਰੱਬ ਦੀ ਦਰਗਾਹ ਵਿਚੋਂ ਨਿਕਲੇ ਬੋਲ ਹੁੰਦੇ ਹਨ।ਜਿਹੜੇ ਬੱਚੇ ਵੱਡੇ ਹੋ ਕੇ ਆਪਣਿਆਂ ਮਾਵਾਂ ਦੀ ਸੇਵਾ ਸੰਭਾਲ ਕਰਦੇ ਹਨ, ਉਹ ਜਸ ਖੱਟ ਲੈਂਦੇ ਹਨ ਤੇ ਮਾਂ ਦੇ ਚਰਨਾਂ ਵਿਚ ਰਹਿੰਦਿਆਂ ਦੁਨੀਆ ਦੀਆਂ ਸਭ ਖੁਸ਼ੀਆਂ ਹਾਸਲ ਕਰ ਲੈਂਦੇ ਹਨ। ਮਾਂ ਬੱਚੇ ਦੀ ਸਭ ਤੋਂ ਪਹਿਲੀ ਅਧਿਆਪਕ ਹੁੰਦੀ ਹੈ। ਮਾਂ ਦੇ ਚਰਨਾਂ ਤੋਂ ਵੱਡਾ ਕੋਈ ਸਕੂਲ ਨਹੀਂ। ਮਾਂ ਦੀ ਨਜ਼ਰ ਆਪਣੈ ਬੱਚੇ ਨੂੰ ਖੂਬਸੂਰਤੀ ਬਖਸ਼ ਦਿੰਦੀ ਹੈ।

ਇੱਕ ਮਾਂ ਕਈ ਰਿਸ਼ਤੇ ਨਿਭਾਉਂਦੀ ਹੈ। ਪਹਿਲਾਂ ਲੜਕੀ ਦੇ ਰੂਪ ਵਿਚ ਫਿਰ ਪਤਨੀ ਦੇ ਰੂਪ ਵਿਚ ਤੇ ਆਖਰ ਮਾਂ ਦੇ ਰੂਪ ਵਿਚ। ਇਹ ਤਿੰਨੇ ਰੂਪ ਆਪਸ ਵਿਚ ਸੰਗਲ ਦੀ ਕੜੀ ਦੀ ਤਰ੍ਹਾਂ ਇੱਕ ਦੂਜੇ ਨਾਲ ਜੁੜੇ ਹੋਏ ਹੁੰਦੇ ਹਨ ਤੇ ਇਹ ਤਿੰਨੇ ਇਕੱਠੇ ਹੀ ਨਿਭਾਏ ਜਾਂਦੇ ਹਨ।ਜਿਹੜਾ ਬੱਚਾ ਵੱਡਾ ਹੋ ਕੇ ਵੀ ਮਾਂ ਨੂੰ ਬਚਪਨ ਵਾਲੇ ਬੋਲ, ਮਾਂ ਦੀਆਂ ਦਿੱਤੀਆਂ ਲੋਰੀਆਂ ਨੂੰ ਯਾਦ ਰੱਖਦਾ ਹੈ, ਉਹ ਕਦੇ ਖਤਾ ਨਹੀਂ ਖਾ ਸਕਦਾ। ਪਰ ਜਿਹੜੇ ਪ੍ਰਦੇਸ਼ਾਂ ਵਿਚ ਵਸਦੇ, ਮਾਵਾਂ ਨੂੰ ਭੁੱਲ ਜਾਣ, ਉਹ ਸੰਸਾਰਿਕ ਚਕਾਂਚੌਂਦ, ਵਿਚ ਗੁੰਮ ਗੁਆਚ ਜਾਂਦੇ ਹਨ। ਕੋਈ ਵੱਡਾ ਹੋਕੇ, ਕਿਤੇ ਵੀ ਰਹਿੰਦਾ ਹੋਵੇ, ਉਸ ਨੂੰ ਆਪਣੀ ਮਾਂ ਦੀਆਂ ਅਸੀਸਾਂ ਦੀ ਹਰ ਵਕਤ ਲੋੜ ਰਹਿੰਦੀ ਹੈ। ਕਈ ਵਾਰ ਤਾਂ ਮਾਂ ਦੀਆਂ ਦਿੱਤੀਆਂ ਗਾਲ੍ਹਾਂ ਵੀ ਘਿਓ ਦੀਆਂ ਲਾਲਾਂ ਸਾਬਤ ਹੁੰਦੀਆਂ ਹਨ। ਮਾਂ ਬੱਚੇ ਨੂੰ ਹਰ ਬੋਲੀ ਆਪਣੇ ਦਿਲ ਦੀ ਪਵਿੱਤਰ ਕੋਠੀ ਵਿਚੋਂ ਉਚਾਰਦੀ ਹੈ।ਇਸ ਲਈ ਇਹ ਬੋਲ ਪੈਗੰਬਰ ਦੀ ਦੁਆ ਵਰਗੇ ਹੋਂਦੇ ਹਨ। ਮਾਂ ਦੀ ਮਹਾਨਤਾ ਉਦੋਂ ਪਤਾ ਚਲਦੀ ਹੈ ਜਦੋਂ ਮਾਂ ਦਾ ਸਾਇਆ ਹਮੇਸ਼ਾਂ ਲਈ ਸਾਡੇ ਉਤੋਂ ਉਠ ਜਾਂਦਾਹੈ। ਉਦੋਂ ਜਾਪਦਾ ਹੈ ਕਿ ਜਿਵੇਂ ਸੰਘਣੀ ਦਰਖ਼ਤ ਦੀ ਠੰਡੀ ਛਾਂ ਥੱਲੇ ਸਾਨੂੰ ਕਿਸੇ ਨੂੰ ਤਪਦੇ ਮਾਰੂਥਲ ਵੱਲ ਧਕੇਲ ਦਿੱਤਾਹੋਵੇ, ਉਸ ਵੇਲੇ ਇਕੱਲਤਾ ਦਾ ਅਹਿਸਾਸ ਹੁੰਦਾ ਹੈ। ਮਾਂ ਤਾਂ ਤੁਰ ਜਾਂਦੀ ਹੈ ਪਰ ਆਪਣੀਆਂ ਯਾਦਾਂ ਘਰ ਦੇ ਵਾਤਾਵਰਣ ਵਿਚ ਛੱਡ ਜਾਂਦੀ ਹੈ। ਉਨ੍ਹਾਂ ਧੀਆਂ ਨੂੰ ਪੁਛ ਕੇ ਦੇਖੋ ਜੋ ਵਿਦੇਸ਼ਾਂ ਵਿਚ ਵਿਆਹ ਕਰਵਾ ਕੇ ਚਲੀਆਂ ਜਾਂਦੀਆਂ ਤੇ ਕਈ ਕਈ ਵਾਰੇ ਆਪਣੀਆਂ ਮਾਵਾਂ ਦੇ ਲਿੰਕ ਤੋਂ ਵਾਜਿਆਂ ਰਹਿ ਜਾਂਦੀਆਂ ਹਨ। ਮਾਂ ਦੇ ਗੱਲ੍ਹ ਲੱਗ ਕੇ ਰੌਣ ਨੂੰ ਵੀ ਤਰਸ ਜਾਂਦੀਆਂ ਹਨ। ਮਨ ਦੇ ਅੰਦਰੋਂ ਬਿਰਹਾ ਦਾ ਇੱਕ ਕੜ ਪਾਟ ਕੇ ਤੁਰਦਾ ਹੈ ਤੇ ਇਕ ਚੀਖ ਵਿਲਕਦੀ ਬਣ ਕੇ ਦਿਲ ਦੇ ਕਿਸੇ ਨੁੱਕਰ ਵਿਚ ਪੁਕਾਰ ਬਣ ਕੇ ਨਿਕਲਦੀ ਹੈ। ਮਾਵਾਂ ਇਸ ਕਾਰਨ ਵੀ ਮਹਾਨ ਹਨ ਕਿਉਂਕਿ ਮਾਵਾਂ ਨੂੰ ਪੈਂਗਬਰ, ਪੀਰਾਂ ਤੇ ਵੱਡੇ ਮਹਾਪੁਰਸ਼ਾਂ ਨੂੰ ਜਨਮ ਦਿੱਤਾ ਹੈ। ਮਾਂ ਦਾ ਦਿੱਤਾ ਕੌਣ ਦੇ ਸਕਦਾ ਹੈ ? ਮਾਂ ਦੀ ਇੱਕ ਇੱਕ ਝੁਰੜੀ ਵਿਚੋਂ ਉਸ ਦੀ ਉਮਰ ਦੀ ਕਮਾਈ ਝਲਕਾਂ ਮਾਰਦੀ ਹੈ। ਇਸੇ ਲਈ ਕਿਸੇ ਮਾਂ ਦਾ ਬੁੱਢੇ ਵੇਲੇ ਦਾ ਵੀ ਚਿਹਰਾ ਖ਼ੂਬਸੂਰਤ ਦਿਖਦਾ ਹੈ। ਵੇਲਾ ਨਾ ਖੁੰਝਾਓ ? ਜੇ ਤੁਹਾਡੀ ਮਾਂ ਜ਼ਿੰਦਾ ਹੈ ਤਾਂ ਉਸ ਦੇ ਚਰਚਾਂ ਵਿਚ ਆਪਣਾ ਸੀਸ ਝੁਕਾ ਦਿਓ।

**ਰਵਿੰਦਰ ਕੌਰ**



# ਅਸਹਿਮਤੀ ਦਾ ਖਾਤਮਾ, ਅੱਜ ਦੇ ਸ਼ਾਸਕ ਅਤੇ ਆਵਾਮ

ਪਿਆਰੇ ਦੋਸਤੋ, ਸਾਥੀਓ, ਲੇਖਕੋ ਅਤੇ ਫਨਕਾਰੋ!

ਇਹ ਜਗ੍ਹਾ ਜਿਥੇ ਅਸੀਂ ਅੱਜ ਜੁੜੇ ਹਾਂ, ਉਸ ਜਗ੍ਹਾ ਤੋਂ ਕੋਈ ਜ਼ਿਆਦਾ ਫਾਸਲੇ 'ਤੇ ਨਹੀਂ ਹੈ ਜਿਥੇ ਚਾਰ ਦਿਨ ਪਹਿਲਾਂ ਫਾਸ਼ੀਵਾਦੀ ਹਜੂਮ ਨੇ ਜਿਸ ਵਿਚ ਸੱਤਾਧਾਰੀ ਪਾਰਟੀਆਂ ਦੇ ਆਗੂਆਂ ਦੇ ਭਾਸ਼ਣਾਂ ਦੀ ਅੱਗ ਭੜਕ ਰਹੀ ਸੀ, ਜਿਸ ਨੂੰ ਪੁਲਿਸ ਦੀ ਸਰਗਰਮ ਹਮਾਇਤ ਤੇ ਮਦਦ ਹਾਸਲ ਸੀ, ਜਿਸ ਨੂੰ ਇਲੈਕਟ੍ਰਾਨਿਕ ਮੀਡੀਆ ਦੇ ਬੜੇ ਹਿੱਸੇ ਦਾ ਸਹਿਯੋਗ ਹਾਸਲ ਸੀ, ਤੇ ਜਿਸ ਨੂੰ ਪੂਰਾ ਭਰੋਸਾ ਸੀ ਕਿ ਅਦਾਲਤਾਂ ਉਹਨਾਂ ਦੇ ਰਾਹ ਵਿਚ ਅੜਿੱਕਾ ਬਣਨ ਦੀ ਕੋਸ਼ਿਸ਼ ਨਹੀਂ ਕਰਨਗੀਆਂ ਉਸ ਹਜੂਮ ਨੇ ਉਤਰ-ਪੂਰਬੀ ਦਿੱਲੀ ਦੀਆਂ ਕਿਰਤੀ ਬਸਤੀਆਂ ਦੇ ਮੁਸਲਮਾਨਾਂ ਉਪਰ ਹਥਿਆਰਬੰਦ, ਵਹਿਸ਼ੀਆਨਾ ਹਮਲਾ ਕੀਤਾ ਹੈ। ਇਸ ਹਮਲੇ ਦਾ ਆਭਾਸ ਕੁਝ ਸਮਾਂ ਪਹਿਲਾਂ ਹੀ ਫਿਜ਼ਾ ਵਿਚ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਲੋਕ ਵੀ, ਜਿਵੇਂ ਉਸ ਦਾ ਸਾਹਮਣਾ ਕਰਨ ਲਈ ਕੁਝ ਨਾ ਕੁਝ ਤਿਆਰ ਸਨ। ਇਸ ਤਰ੍ਹਾਂ ਉਹਨਾਂ ਨੇ ਸਵੈਰੱਖਿਆ ਦੇ ਤੌਰ ਇਸ ਦਾ ਜਵਾਬ ਦਿੱਤਾ। ਬਾਜ਼ਾਰ, ਦੁਕਾਨਾਂ, ਘਰ, ਸਕੂਲ, ਮਸਜਿਦਾਂ, ਵਾਹਨ ਵਗੈਰਾ ਸਾੜ ਕੇ ਸੁਆਹ ਕਰ ਦਿੱਤੇ ਗਏ। ਸੜਕਾਂ ਅਤੇ ਗਲੀਆਂ ਪੱਥਰਾਂ ਅਤੇ ਮਲਬੇ ਨਾਲ ਭਰੀਆਂ ਪਈਆਂ ਹਨ। ਹਸਪਤਾਲ ਜ਼ਖਮੀਆਂ ਅਤੇ ਮਰ ਰਹੇ ਲੋਕਾਂ ਨਾਲ ਭਰੇ ਹੋਏ ਹਨ। ਮੁਰਦਾਘਰਾਂ ਵਿਚ ਲਾਸ਼ਾਂ ਹੀ ਲਾਸ਼ਾਂ ਹਨ। ਇਹਨਾਂ ਵਿਚ ਇਕ ਪੁਲਸੀਆ ਅਤੇ ਇੰਟੈਲੀਜੈਂਸ ਬਿਊਰੋ ਦੇ ਇਕ ਨੌਜਵਾਨ ਅਫਸਰ ਸਮੇਤ ਮੁਸਲਮਾਨ ਅਤੇ ਹਿੰਦੂ ਦੋਨੋਂ ਸ਼ਾਮਿਲ ਹਨ। ਜੀ ਹਾਂ, ਦੋਨਾਂ ਪਾਸਿਆਂ ਦੇ ਲੋਕਾਂ ਨੇ ਇਹ ਦਿਖਾ ਦਿੱਤਾ ਹੈ ਕਿ ਉਹਨਾਂ ਵਿਚ ਭਿਆਨਕ ਕਰੂਰਤਾ ਦਿਖਾਉਣ ਦੀ ਸਮਰੱਥਾ ਵੀ ਹੈ ਅਤੇ ਬੇਅੰਤ ਦਲੇਰੀ, ਸੰਜੀਦਗੀ ਅਤੇ ਦਇਆ ਦੀ ਸਮਰੱਥਾ ਵੀ। ਲੇਕਿਨ, ਇਥੇ ਦੋਨਾਂ ਗੱਲਾਂ ਦੀ ਤੁਲਨਾ ਬੇਮਾਇਨੀ ਹੈ। ਇਹਨਾਂ ਗੱਲਾਂ ਨਾਲ ਇਹ ਹਕੀਕਤ ਨਹੀਂ ਬਦਲ ਜਾਂਦੀ ਕਿ ਇਹ ਹਮਲਾ ਜੈ ਸ਼੍ਰੀਰਾਮ!' ਦੇ ਨਾਅਰੇ ਲਾਉਂਦੇ ਹਜੂਮ ਨੇ ਸ਼ੁਰੂ ਕੀਤਾ ਸੀ ਅਤੇ ਉਸ ਨੂੰ ਇਕ ਐਸੀ ਸਰਕਾਰ ਦੇ ਪ੍ਰਸ਼ਾਸਨ-ਤੰਤਰ ਦੀ ਹਮਾਇਤ ਹਾਸਲ ਸੀ ਜੋ ਹੁਣ ਪੂਰੀ ਬੇਹਯਾਈ ਨਾਲ ਫਾਸ਼ੀਵਾਦੀ ਰੂਪ ਵਿਚ ਨੰਗੀ ਹੋ ਚੁੱਕੀ ਹੈ। ਇਹਨਾਂ ਨਾਅਰਿਆਂ ਤੋਂ ਇਲਾਵਾ, ਇਹ ਸਥਿਤੀ ਐਸੀ ਵੀ ਨਹੀਂ ਹੈ ਜਿਸ ਨੂੰ ਲੋਕ ਹਿੰਦੂ-ਮੁਸਲਿਮ ਦੰਗਾਂ' ਕਹਿਣਾ ਚਾਹੁਣਗੇ। ਇਹ ਤਾਂ ਫਾਸ਼ੀਵਾਦ ਅਤੇ ਗੈਰਫਾਸ਼ੀਵਾਦ ਦਰਮਿਆਨ ਚੱਲ ਰਹੀ ਟੱਕਰ ਦਾ ਇਜ਼ਹਾਰ ਹੈ ਜਿਸ ਵਿਚ ਮੁਸਲਮਾਨ ਇਹਨਾਂ ਫਾਸ਼ੀਵਾਦੀਆਂ ਦੇ ਨੰਬਰ ਇਕ ਦੁਸ਼ਮਣ ਹਨ। ਇਸ ਨੂੰ ਦੰਗਾਂ' ਜਾਂ ਫਸਾਦ' ਕਹਿਣਾ, ਜਾਂ ਇਸ ਉਪਰ ਸੱਜਾ-ਪੱਖ ਬਨਾਮ ਖੱਬਾ-ਪੱਖ' ਜਾਂ ਸਹੀ ਬਨਾਮ ਗਲਤ' ਦਾ ਲੇਬਲ ਲਗਾਉਣਾ ਖਤਰਨਾਕ ਹੋਵੇਗਾ ਅਤੇ ਭੁਲੇਖਾ ਪਾਊ ਵੀ। ਅਸੀਂ ਸਾਰਿਆਂ ਨੇ ਐਸੇ ਵੀਡੀਓ ਦੇਖੇ ਹਨ ਜਿਹਨਾਂ ਵਿਚ ਪੁਲਿਸ ਵਾਲੇ ਖਾਮੋਸ਼ ਖੜ੍ਹੇ ਹਨ ਅਤੇ ਕਈ ਜਗ੍ਹਾ ਅੱਗਜ਼ਨੀ ਅਤੇ ਹਿੰਸਾ ਵਿਚ ਭਾਗ ਵੀ ਲੈ ਰਹੇ ਹਨ। ਅਸੀਂ ਉਹਨਾਂ ਨੂੰ ਸੀ.ਸੀ.ਟੀ.ਵੀ. ਕੈਮਰੇ ਤੋੜਦੇ ਹੋਏ ਦੇਖਿਆ ਹੈ, ਐਨ ਉਸੇ ਤਰ੍ਹਾਂ, ਜਿਵੇਂ ਉਹਨਾਂ ਨੇ 15 ਦਸੰਬਰ ਨੂੰ ਜਾਮੀਆ ਮਿਲੀਆ ਇਸਲਾਮੀਆ ਦੀ ਲਾਇਬ੍ਰੇਰੀ ਵਿਚ ਭੰਨਤੋੜ ਅਤੇ ਹਿੰਸਾ ਕਰਦੇ ਹੋਏ ਕੀਤਾ ਸੀ। ਅਸੀਂ ਦੇਖਿਆ ਹੈ ਕਿ ਇਹ ਪੁਲਿਸ ਵਾਲੇ ਸੜਕ ਦੇ ਕੰਢੇ ਇਕ ਦੂਸਰੇ ਉਪਰ ਡਿੱਗੇ ਪਏ ਜ਼ਖਮੀ ਮੁਸਲਮਾਨ ਨੌਜਵਾਨਾਂ ਨੂੰ ਕੁੱਟ ਰਹੇ ਹਨ ਅਤੇ ਉਹਨਾਂ ਨੂੰ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕਰ ਰਹੇ ਹਨ। ਅਸੀਂ ਜਾਣਦੇ ਹਾਂ ਕਿ ਹੁਣ ਉਹਨਾਂ ਵਿਚੋਂ ਇਕ ਨੌਜਵਾਨ ਦਮ ਤੋੜ ਚੁੱਕਾ ਹੈ। ਸਾਰੇ ਮ੍ਰਿਤਕ, ਸਾਰੇ ਜ਼ਖਮੀ ਅਤੇ ਬਰਬਾਦ ਹੋ ਚੁੱਕੇ ਸਾਰੇ ਲੋਕ, ਮੁਸਲਮਾਨ ਅਤੇ ਹਿੰਦੂ, ਇਸੇ ਸ਼ਾਸਨਤੰਤਰ ਦਾ ਸ਼ਿਕਾਰ ਹੋਏ ਹਨ ਜਿਸ ਦਾ ਮੁਖੀ ਨਰਿੰਦਰ ਮੋਦੀ ਹੈ, ਸਾਡਾ ਪੂਰੀ ਤਰ੍ਹਾਂ ਫਾਸ਼ੀਵਾਦੀ ਪ੍ਰਧਾਨ ਮੰਤਰੀ। ਉਸ ਦੇ ਲਈ ਐਸੀਆਂ ਘਟਨਾਵਾਂ ਨਵੀਂਆਂ ਨਹੀਂ ਹਨ ਅਤੇ ਜੋ ਅੱਜ ਤੋਂ 18 ਸਾਲ ਪਹਿਲਾਂ ਆਪਣੇ ਰਾਜ ਵਿਚ ਕਈ ਹਫਤਿਆਂ ਤੱਕ ਅਤੇ ਹੁਣ ਨਾਲੋਂ ਕਿਤੇ ਬੜੇ ਪੈਮਾਨੇ 'ਤੇ ਕੀਤੇ ਜਾਣ ਵਾਲੇ ਕਤਲੇਆਮ ਦਾ ਇਸੇ ਤਰ੍ਹਾਂ ਜ਼ਿੰਮੇਵਾਰ ਸੀ। ਆਉਣ ਵਾਲੇ ਕਈ ਸਾਲਾਂ ਤੱਕ ਇਸ ਹਿੰਸਾ ਕਾਂਡ ਦੀ ਸੰਰਚਨਾ ਦੀ ਚੀਰਫਾੜ ਹੁੰਦੀ ਰਹੇਗੀ। ਇਸ ਕਾਂਡ ਦੀਆਂ ਬਾਰੀਕੀਆਂ ਇਤਿਹਾਸ ਦੇ ਪੰਨਿਆਂ ਵਿਚ ਮਹਿਫੂਜ਼ ਹੋ ਜਾਣਗੀਆਂ ਲੇਕਿਨ ਫਿਲਹਾਲ ਇਸ ਦੀਆਂ ਲਹਿਰਾਂ ਨਫਰਤ ਅਤੇ ਜ਼ਹਿਰੀਲੀਆਂ ਅਫਵਾਹਾਂ ਦੇ ਰੂਪ ਵਿਚ ਸੋਸ਼ਲ ਮੀਡੀਆ ਦੇ ਮੋਢਿਆਂ ਉਪਰ ਸਵਾਰ ਹੋ ਕੇ ਤੂਫਾਨ ਬਣਨ ਦੀ ਦਿਸ਼ਾ ਵਿਚ ਹੋ ਤੁਰੀਆਂ ਹਨ ਅਤੇ ਅਸੀਂ ਪੌਣਾਂ ਵਿਚ ਲਹੂ ਦੀ ਗੰਧ ਮਹਿਸੂਸ ਕਰ ਸਕਦੇ ਹਾਂ। ਹਾਲਾਂ ਕਿ ਉਤਰੀ ਦਿੱਲੀ ਵਿਚ ਵੱਢ-ਟੁੱਕ ਤੇ ਕਤਲੇਆਮ ਦੀਆਂ ਘਟਨਾਵਾਂ ਬੰਦ ਹੋ ਚੁੱਕੀਆਂ ਹਨ, ਲੇਕਿਨ ਕੱਲ੍ਹ ਫਿਰ (29 ਫਰਵਰੀ ਨੂੰ) ਦਿੱਲੀ ਵਿਚ ਹਜੂਮ ਦੇਖਿਆ ਗਿਆ ਜੋ ਇਹ ਨਾਅਰੇ ਲਗਾ ਕੇ ਗੋਲੀ ਮਾਰਨ ਦੇ ਲਈ ਉਕਸਾ ਰਿਹਾ ਸੀ: ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ! ਸਿਰਫ ਦੋ ਦਿਨ ਪਹਿਲਾਂ ਹੀ, ਦਿੱਲੀ ਹਾਈਕੋਰਟ ਦੇ ਜਸਟਿਸ ਮੁਰਲੀਧਰਨ ਇਸ ਗੱਲ ਉਪਰ ਸਖਤ ਗੁੱਸੇ ਵਿਚ ਸਨ ਕਿ ਪੁਲਿਸ ਨੇ ਹੁਣ ਤੱਕ ਭਾਜਪਾ ਆਗੂ ਕਪਿਲ ਮਿਸ਼ਰਾ ਦੇ ਵਿਰੁਧ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜਿਸ ਨੇ ਪਹਿਲਾਂ ਵੀ ਐਮ.ਐਲ਼ਏ. ਦੀ ਚੋਣ ਵਿਚ ਇਹੀ ਨਾਅਰਾ ਲਗਾ ਕੇ ਹਜੂਮ ਨੂੰ ਉਕਸਾਇਆ ਸੀ। 26 ਫਰਵਰੀ ਦੀ ਅੱਧੀ ਰਾਤ ਨੂੰ ਜੱਜ ਨੂੰ ਇਹ ਹੁਕਮ ਸੁਣਾ ਦਿੱਤਾ ਗਿਆ ਕਿ ਉਹ ਜਾ ਕੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਆਪਣੀਆਂ ਨਵੀਂਆਂ ਜ਼ਿੰਮੇਵਾਰੀਆਂ ਸੰਭਾਲ ਲਏ। ਕਪਿਲ ਮਿਸ਼ਰਾ ਇਹੀ ਨਾਅਰਾ ਲਗਾਉਣ ਲਈ ਹੁਣ ਦੁਬਾਰਾ ਸੜਕਾਂ ਉਪਰ ਆ ਚੁੱਕਾ ਹੈ। ਅਗਲਾ ਨੋਟਿਸ ਮਿਲਣ ਤੱਕ ਨਾਅਰੇ ਦਾ ਇਸਤੇਮਾਲ ਜਾਰੀ ਰਹਿ ਸਕਦਾ ਹੈ। ਜੱਜਾਂ ਦੇ ਨਾਲ ਇਹ ਚੂਹੇ-ਬਿੱਲੀ ਦਾ ਖੇਲ ਕੋਈ ਨਵੀਂ ਗੱਲ ਨਹੀਂ ਹੈ। ਜਸਟਿਸ ਲੋਇਆ ਦੀ ਕਹਾਣੀ ਸਾਨੂੰ ਸਭ ਨੂੰ ਪਤਾ ਹੈ। ਹੋ ਸਕਦਾ ਹੈ ਕਿ ਬਾਬੂ ਬਜਰੰਗੀ ਦੀ ਕਹਾਣੀ ਅਸੀਂ ਭੁੱਲ ਗਏ ਹੋਈਏ, ਜੋ 2002 ਦੀ ਗੁਜਰਾਤ ਨਸਲਕੁਸ਼ੀ ਦੇ ਦੌਰਾਨ ਨਰੋਦਾ-ਪਾਟਿਆ ਦੇ 96 ਮੁਸਲਮਾਨਾਂ ਦੇ ਕਤਲੇਆਮ ਵਿਚ ਸ਼ਾਮਲ ਹੋਣ ਦਾ ਦੋਸ਼ੀ ਸਾਬਤ ਹੋਇਆ ਸੀ। ਯੂ-ਟਿਊਬ ਉਪਰ ਜ਼ਰਾ ਉਸ ਦੀ ਗੱਲਬਾਤ ਨੂੰ ਸੁਣੋ: ਉਹ ਤੁਹਾਨੂੰ ਦੱਸ ਰਿਹਾ ਹੈ ਕਿ ਕਿਸ ਤਰ੍ਹਾਂ ਨਰਿੰਦਰ ਭਾਈ' ਨੇ ਜੱਜ ਬਦਲੇ ਅਤੇ ਜੱਜਾਂ ਦੇ ਨਾਲ ਸੈਟਿੰਗ' ਕਰਕੇ ਉਸ ਨੂੰ ਜੇਲ੍ਹ ਵਿਚੋਂ ਬਾਹਰ ਲਿਆਂਦਾ ਸੀ।

ਅਸੀਂ ਇਹ ਉਮੀਦ ਕਰਨੀ ਸਿੱਖ ਲਈ ਹੈ ਕਿ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਦੇ ਕਤਲੇਆਮ ਤਾਂ ਹੋ ਹੀ ਸਕਦੇ ਹਨ ਇਹ ਵੋਟਾਂ ਦੀ ਪਾਲਾਬੰਦੀ ਦੇ ਲਈ ਇਕ ਤਰ੍ਹਾਂ ਦੀ ਵਹਿਸ਼ੀ ਚੋਣ ਮੁਹਿੰਮ ਦਾ ਰੂਪ ਅਖਤਿਆਰ ਕਰ ਚੁੱਕੇ ਹਨ। ਲੇਕਿਨ ਦਿੱਲੀ ਦੇ ਕਤਲੇਆਮ ਨੂੰ ਅੰਜਾਮ ਚੋਣ ਅਮਲ ਦੇ ਖਤਮ ਹੋਣ ਅਤੇ ਉਸ ਵਿਚ ਭਾਜਪਾ-ਆਰ.ਐਸ਼ਐਸ਼ ਦੀ ਕਰਾਰੀ ਹਾਰ ਤੋਂ ਬਾਅਦ ਦਿੱਤਾ ਗਿਆ ਹੈ। ਇਹ ਦਿੱਲੀ ਨੂੰ ਇਸ ਹਾਰ ਦੀ ਸਜ਼ਾ ਦਿੱਤੀ ਗਈ ਹੈ ਅਤੇ ਇਹ ਅਗਾਮੀ ਚੋਣਾਂ ਵਿਚ ਬਿਹਾਰ ਦੇ ਲਈ ਚਿਤਾਵਨੀ ਵੀ ਹੈ।

ਹਰ ਗੱਲ ਦਾ ਰਿਕਾਰਡ ਹੈ। ਹਰ ਚੀਜ਼ ਹਰ ਕਿਸੇ ਲਈ ਹਾਸਲ ਹੈ, ਹਰ ਬੰਦਾ ਇਸ ਨੂੰ ਚੰਗੀ ਤਰ੍ਹਾਂ ਦੇਖ-ਸੁਣ ਲਵੇ ਕਪਿਲ ਮਿਸ਼ਰਾ, ਪਰਵੇਸ਼ ਵਰਮਾ, ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਅਦਿਤਿਆਨਾਥ, ਗ੍ਰਹਿ ਮੰਤਰੀ ਅਮਿਤ ਸ਼ਾਹ, ਇਥੋਂ ਤੱਕ ਕਿ ਖੁਦ ਪ੍ਰਧਾਨ ਮੰਤਰੀ ਦੇ ਭੜਕਾਊ ਭਾਸ਼ਣ; ਇਸ ਸਭ ਕਾਸੇ ਦੇ ਬਾਵਜੂਦ ਹਰ ਚੀਜ਼ ਨੂੰ ਪੂਰੀ ਤਰ੍ਹਾਂ ਉਲਟਾ ਦਿੱਤਾ ਗਿਆ ਹੈ ਐਸਾ ਦਿਖਾਇਆ ਜਾ ਰਿਹਾ ਹੈ, ਜਿਵੇਂ ਸਾਰਾ ਭਾਰਤ ਉਹਨਾਂ ਔਰਤ ਪ੍ਰਦਰਸ਼ਨਕਾਰੀਆਂ ਦਾ ਸਤਾਇਆ ਹੋਇਆ ਹੋਵੇ ਜਿਹਨਾਂ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਹੈ ਲੇਕਿਨ ਜੋ ਸਿਰਫ ਮੁਸਲਮਾਨ ਨਹੀਂ ਅਤੇ ਜੋ ਦਹਿ-ਹਜ਼ਾਰਾਂ ਦੀ ਤਾਦਾਦ 'ਚ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਦੇ ਖਿਲਾਫ ਪੂਰੀ ਤਰ੍ਹਾਂ ਸ਼ਾਂਤਮਈ ਵਿਰੋਧ ਕਰ ਰਹੀਆਂ ਹਨ ਅਤੇ ਜਿਹਨਾਂ ਦੇ ਵਿਰੋਧ ਨੂੰ ਲਗਭਗ 75 ਦਿਨ ਪੂਰੇ ਹੋ ਚੁੱਕੇ ਹਨ।

ਸੀ.ਏ.ਏ. ਗੈਰਮੁਸਲਿਮ ਘੱਟਗਿਣਤੀਆਂ ਨੂੰ ਨਾਗਰਿਕਤਾ ਦੇਣ ਦਾ ਇਕ ਫਾਸਟ-ਟਰੈਕ ਰੂਟ ਹੈ ਅਤੇ ਪੂਰੀ ਤਰ੍ਹਾਂ ਗੈਰਸੰਵਿਧਾਨਕ ਅਤੇ ਘੋਰ ਮੁਸਲਿਮ ਵਿਰੋਧੀ ਹੈ। ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐਨ.ਪੀ.ਆਰ.), ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨ.ਆਰ.ਸੀ.) ਦੇ ਨਾਲ ਮਿਲਾ ਕੇ ਇਸ ਦੀ ਵਰਤੋਂ ਨਾ ਸਿਰਫ ਮੁਸਲਮਾਨਾਂ ਨੂੰ ਬਲਕਿ ਐਸੇ ਕਰੋੜਾਂ ਭਾਰਤੀਆਂ ਨੂੰ ਨਾਜਾਇਜ਼, ਉਜੜ ਕੇ ਆਏ ਅਤੇ ਮੁਜਰਿਮ ਕਰਾਰ ਦੇ ਦੇਵੇਗੀ ਜਿਹਨਾਂ ਦੇ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹੋਣਗੇ। ਇਹਨਾਂ ਵਿਚ ਐਸੇ ਵੀ ਬਹੁਤ ਸਾਰੇ ਲੋਕ ਸ਼ਾਮਲ ਹੋਣਗੇ ਜੋ ਅੱਜ ਗੋਲੀ ਮਾਰੋ ਸਾਲੋਂ ਕੋ!' ਦਾ ਜਾਪ ਕਰ ਰਹੇ ਹਨ। ਜੇ ਨਾਗਰਿਕਤਾ ਉਪਰ ਹੀ ਸਵਾਲੀਆ ਚਿੰਨ੍ਹ ਲੱਗ ਜਾਵੇ ਤਾਂ ਫਿਰ ਹਰ ਚੀਜ਼ ਸਵਾਲਾਂ ਦੇ ਘੇਰੇ ਵਿਚ ਆ ਜਾਂਦੀ ਹੈ ਤੁਹਾਡੇ ਬੱਚਿਆਂ ਦੇ ਹੱਕ, ਵੋਟ ਪਾਉਣ ਦਾ ਹੱਕ, ਜ਼ਮੀਨ ਦੀ ਮਾਲਕੀ ਵਗੈਰਾ। ਜਿਵੇਂ ਵਿਦਵਾਨ ਹੱਨਾ ਆਰੈਂਦਤ ਨੇ ਕਿਹਾ ਸੀ: ਨਾਗਰਿਕਤਾ ਤੁਹਾਨੂੰ ਹੱਕਾਂ ਨੂੰ ਪ੍ਰਾਪਤ ਕਰਨ ਦਾ ਹੱਕ ਦਿੰਦੀ ਹੈ। ਜੇ ਕੋਈ ਇਹ ਸਮਝਦਾ ਹੈ ਕਿ ਮਾਮਲਾ ਇਸ ਤਰ੍ਹਾਂ ਨਹੀਂ ਹੈ ਤਾ ਉਹ ਕ੍ਰਿਪਾ ਕਰਕੇ ਜ਼ਰਾ ਅਸਾਮ ਵਲ ਨਜ਼ਰ ਮਾਰ ਲਵੇ ਅਤੇ ਦੇਖੇ ਕਿ ਉਥੇ ਵੀਹ ਲੱਖ ਦੇ ਕਰੀਬ ਲੋਕਾਂ ਨਾਲ ਕੀ ਹੋਇਆ ਹੈ ਹਿੰਦੂ, ਮੁਸਲਮਾਨ, ਦਲਿਤ, ਆਦਿਵਾਸੀ, ਸਾਰਿਆਂ ਦੇ ਨਾਲ। ਅੱਜ ਮੀਡੀਆ ਵਿਚ ਮੇਘਾਲਿਆ ਤੋਂ ਆਦਿਵਾਸੀਆਂ ਅਤੇ ਗੈਰ-ਆਦਿਵਾਸੀਆਂ ਦਰਮਿਆਨ ਕਸ਼ੀਦਗੀ ਪੈਦਾ ਹੋਣ ਦੀਆਂ ਖਬਰਾਂ ਵੀ ਆ ਚੁੱਕੀਆਂ ਹਨ। ਸ਼ਿਲਾਂਗ ਵਿਚ ਕਰਫਿਊ ਲੱਗ ਚੁੱਕਾ ਹੈ। ਗੈਰ-ਸਥਾਨਕ ਲੋਕਾਂ ਦੇ ਲਈ ਰਾਜ ਦੀਆਂ ਸਰਹੱਦਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਐਨ.ਪੀ.ਆਰ.-ਐਨ.ਆਰ.ਸੀ.-ਸੀ.ਏ.ਏ. ਦਾ ਇਕੋ-ਇਕ ਮਨੋਰਥ ਲੋਕਾਂ ਨੂੰ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਪੂਰੇ ਉਪਮਹਾਂਦੀਪ ਵਿਚ ਉਜਾੜਨਾ, ਮੁਸੀਬਤ ਵਿਚ ਪਾਉਣਾ ਅਤੇ ਵੰਡਣਾ ਹੈ। ਜੇ ਹਕੀਕਤ ਵਿਚ ਐਸੇ ਲੱਖਾਂ ਪ੍ਰੇਤ ਨੁਮਾ ਮਨੁੱਖ ਮੌਜੂਦ ਹਨ ਜਿਹਨਾਂ ਨੂੰ ਮੌਜੂਦਾ ਗ੍ਰਹਿ ਮੰਤਰੀ ਨੇ ਬੰਗਲਾਦੇਸ਼ੀ ਸਿਉਂਕ' ਦਾ ਨਾਂਅ ਦਿੱਤਾ ਹੈ ਤਾਂ ਫਿਰ ਨਾ ਤਾਂ ਉਹਨਾਂ ਨੂੰ ਨਜ਼ਰਬੰਦੀ ਕੈਂਪਾਂ ਵਿਚ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਡੀਪੋਰਟ ਕੀਤਾ ਜਾ ਸਕਦਾ ਹੈ। ਐਸੀ ਸ਼ਬਦਾਵਲੀ ਵਰਤ ਕੇ ਅਤੇ ਵਾਹਿਯਾਤ ਅਤੇ ਸ਼ੈਤਾਨੀ ਵਾਲੀ ਯੋਜਨਾ ਬਣਾ ਕੇ ਇਹ ਸਰਕਾਰ ਹਕੀਕਤ ਵਿਚ ਉਹਨਾਂ ਲੱਖਾਂ ਹਿੰਦੂਆਂ ਨੂੰ ਖਤਰੇ ਵਿਚ ਪਾ ਰਹੀ ਹੈ ਜੋ ਬੰਗਲਾਦੇਸ਼, ਪਾਕਿਸਤਾਨ ਅਤੇ ਪਾਕਿਸਤਾਨ ਵਿਚ ਰਹਿੰਦੇ ਹਨ ਅਤੇ ਜਿਹਨਾਂ ਦੇ ਲਈ ਉਸ ਨੇ ਫਿਕਰਮੰਦੀ ਜ਼ਾਹਿਰ ਕਰਨ ਦਾ ਦਿਖਾਵਾ ਕੀਤਾ ਹੈ, ਜਦਕਿ ਉਹ ਲੋਕ ਨਵੀਂ ਦਿੱਲੀ ਤੋਂ ਫੁੱਟਣ ਵਾਲੀ ਇਸ ਧਾਰਮਿਕ ਕੱਟੜਤਾ ਦੇ ਕਾਰਨ ਜਵਾਬੀ ਹਿੰਸਾ ਦਾ ਸ਼ਿਕਾਰ ਬਣ ਸਕਦੇ ਹਨ। ਜ਼ਰਾ ਸੋਚੋ ਕਿ ਅਸੀਂ ਕਿਥੇ ਆ ਪਹੁੰਚੇ ਹਾਂ। 1947 ਵਿਚ ਅਸੀਂ ਬਸਤੀਵਾਦੀ ਰਾਜ ਤੋਂ ਆਜ਼ਾਦੀ ਦੀ ਜੰਗ ਨਾਲ ਨਿਜਾਤ ਪਾਈ। ਇਹ ਜੰਗ ਲਗਭਗ ਹਰ ਇਕ ਨੇ ਲੜੀ ਸੀ ਸਿਰਫ ਮੌਜੂਦਾ ਸੱਤਾਧਾਰੀ ਧਿਰ ਉਸ ਜੰਗ ਵਿਚ ਸ਼ਾਮਲ ਨਹੀਂ ਸੀ। ਉਦੋਂ ਤੋਂ ਲੈ ਕੇ ਹਰ ਤਰ੍ਹਾਂ ਦੇ ਸਮਾਜੀ ਅੰਦੋਲਨਾਂ, ਜਾਤਪਾਤ ਵਿਰੋਧੀ ਸੰਘਰਸ਼ਾਂ, ਪੂੰਜੀਵਾਦ ਦੇ ਵਿਰੁਧ ਅੰਦੋਲਨਾਂ, ਨਾਰੀਵਾਦੀ ਸੰਘਰਸ਼ਾਂ ਦਾ ਲੰਮਾ ਸਿਲਸਿਲਾ ਹੈ ਜੋ ਸਾਡੀ ਹੁਣ ਤੱਕ ਦੀ ਯਾਤਰਾ ਨੂੰ ਦਰਸਾਉਂਦਾ ਹੈ। 1960ਵਿਆਂ ਵਿਚ ਇਨਕਲਾਬ ਦਾ ਹੋਕਾ ਦਰਅਸਲ ਨਿਆਂ, ਸਰਮਾਏ ਦੀ ਮੁੜ-ਵੰਡ ਅਤੇ ਸੱਤਾਧਾਰੀ ਜਮਾਤ ਦਾ ਤਖਤਾ ਉਲਟਾਉਣ ਦਾ ਹੋਕਾ ਸੀ। 1990 ਦੇ ਦਹਾਕੇ ਵਿਚ ਸਾਡੀ ਲੜਾਈ ਸਿਮਟ ਕੇ ਲੱਖਾਂ ਲੋਕਾਂ ਨੂੰ ਆਪਣੀ ਹੀ ਜ਼ਮੀਨ ਅਤੇ ਪਿੰਡਾਂ ਤੋਂ ਉਜਾੜਨ ਵਿਰੁਧ ਲੜਾਈ ਬਣ ਕੇ ਰਹਿ ਗਈ, ਉਹਨਾਂ ਲੋਕਾਂ ਦੀ ਲੜਾਈ ਬਣ ਕੇ ਰਹਿ ਗਈ ਜੋ ਐਸੇ ਨਵੇਂ ਭਾਰਤ ਦੇ ਨਿਰਮਾਣ ਦੇ ਅਮਲ ਦਰਮਿਆਨ ਹੋਣ ਵਾਲਾ ਨੁਕਸਾਨ ਬਣ ਕੇ ਰਹਿ ਗਏ ਹਨ ਜਿਸ ਵਿਚ ਮੁਲਕ ਦੇ ਸਿਰਫ 63 ਧਨਾਢਾਂ ਦੇ ਲੋਕ 120 ਕਰੋੜ ਲੋਕਾਂ ਦੇ ਲਈ ਬਣਾਏ ਗਏ ਸਾਲਾਨਾ ਬਜਟ ਤੋਂ ਵਧੇਰੇ ਧਨ-ਦੌਲਤ ਹੈ। ਤੇ ਹੁਣ ਅਸੀਂ ਹੋਰ ਜ਼ਿਆਦਾ ਸਿਮਟ ਕੇ ਸਿਰਫ ਬਤੌਰ ਨਾਗਰਿਕ ਆਪਣੇ ਹੱਕਾਂ ਦੀ ਭੀਖ ਮੰਗਣ ਲਈ ਮਜਬੂਰ ਕਰ ਦਿੱਤੇ ਗਏ ਹਾਂ। ਅਤੇ ਹੁਣ ਅਸੀਂ ਉਹਨਾਂ ਲੋਕਾਂ ਨੂੰ ਫਰਿਆਦਾਂ ਕਰ ਰਹੇ ਹਾਂ ਜਿਹਨਾਂ ਨੇ ਇਸ ਮੁਲਕ ਦੇ ਨਿਰਮਾਣ ਵਿਚ ਕੋਈ ਭੂਮਿਕਾ ਨਿਭਾਈ ਹੀ ਨਹੀਂ। ਅਸੀਂ ਇਹ ਵੀ ਦੇਖ ਚੁੱਕੇ ਹਾਂ ਕਿ ਸਰਕਾਰ ਸਾਨੂੰ ਸੁਰੱਖਿਆ ਦੇਣ ਤੋਂ ਪਿੱਛੇ ਹਟ ਰਹੀ ਹੈ, ਅਸੀਂ ਪੁਲਿਸ ਦਾ ਫਿਰਕੂਕਰਨ ਹੁੰਦਾ ਦੇਖ ਰਹੇ ਹਾਂ, ਅਸੀਂ ਜੱਜਾਂ ਨੂੰ ਸਹਿਜੇ-ਸਹਿਜੇ ਆਪਣੇ ਫਰਜ਼ ਤੋਂ ਬੇਮੁਖ ਹੁੰਦੇ ਦੇਖ ਰਹੇ ਹਾਂ, ਅਸੀਂ ਦੇਖ ਰਹੇ ਹਾਂ ਮੀਡੀਆ, ਜਿਸ ਦਾ ਕੰਮ ਸੁੱਖ ਭੋਗੀਆਂ ਨੂੰ ਕਸ਼ਟ ਦੇਣਾ ਅਤੇ ਕਸ਼ਟ ਭੋਗਣ ਵਾਲਿਆਂ ਨੂੰ ਸੁੱਖ ਦੇਣਾ ਹੈ, ਹੁਣ ਇਸ ਤੋਂ ਉਲਟੀ ਦਿਸ਼ਾ ਵਿਚ ਤੁਰ ਪਿਆ ਹੈ। ਅੱਜ ਤੋਂ ਠੀਕ 210 ਦਿਨ ਪਹਿਲਾਂ ਗੈਰ-ਸੰਵਿਧਾਨਕ ਤਰੀਕੇ ਨਾਲ ਜੰਮੂ ਕਸ਼ਮੀਰ ਤੋਂ ਉਸ ਦਾ ਵਿਸ਼ੇਸ਼ ਦਰਜਾ ਖੋਹ ਲਿਆ ਗਿਆ ਸੀ। ਤਿੰਨ ਸਾਬਕਾ ਮੁੱਖ ਮੰਤਰੀਆਂ ਸਮੇਤ ਹਜ਼ਾਰਾਂ ਕਸ਼ਮੀਰੀ ਹੁਣ ਵੀ ਜੇਲ੍ਹਾਂ ਵਿਚ ਹਨ। ਸੱਤਰ ਲੱਖ ਲੋਕਾਂ ਨੂੰ ਅਸਲੋਂ ਹੀ ਬਾਕੀ ਦੁਨੀਆ ਨਾਲੋਂ ਕੱਟ ਕੇ ਜਾਣਕਾਰੀ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ ਜੋ ਮਨੁੱਖੀ ਹੱਕਾਂ ਦੇ ਸਮੂਹਿਕ ਘਾਣ ਦੀ ਨਵੀਂ ਕਵਾਇਦ ਹੈ। 26 ਫਰਵਰੀ ਨੂੰ ਦਿੱਲੀ ਦੀਆਂ ਸੜਕਾਂ ਸ੍ਰੀਨਗਰ ਦੀਆਂ ਸੜਕਾਂ ਦੀ ਤਰ੍ਹਾਂ ਸੁੰਨਸਾਨ ਸਨ। ਇਹ ਉਹੀ ਦਿਨ ਸੀ, ਜਦ ਕਸ਼ਮੀਰ ਬੱਚੇ ਸੱਤ ਮਹੀਨਿਆਂ ਤੋਂ ਬਾਅਦ ਪਹਿਲੀ ਵਾਰ ਸਕੂਲ ਗਏ, ਲੇਕਿਨ ਐਸੇ ਸਕੂਲ ਜਾਣ ਦਾ ਕੀ ਮਤਲਬ ਰਹਿ ਜਾਂਦਾ ਹੈ ਜਦ ਤੁਹਾਡੇ ਚਾਰ-ਚੁਫੇਰੇ ਅਤੇ ਸਹਿਜੇ-ਸਹਿਜੇ ਹਰ ਚੀਜ਼ ਦਾ ਗਲ਼ਾ ਘੁੱਟਿਆ ਜਾ ਰਿਹਾ ਹੋਵੇ?

ਇਕ ਅਜਿਹੀ ਜਮਹੂਰੀਅਤ ਜੋ ਸੰਵਿਧਾਨ ਦੁਆਰਾ ਸੰਚਾਲਤ ਨਾ ਕੀਤੀ ਜਾ ਰਹੀ ਹੋਵੇ ਅਤੇ ਜਿਸ ਦੀਆਂ ਤਮਾਮ ਸੰਸਥਾਵਾਂ ਨੂੰ ਖੋਖਲਾ ਕਰ ਦਿੱਤਾ ਗਿਆ ਹੋਵੇ, ਸਿਰਫ ਬਹੁਗਿਣਤੀਵਾਦੀ ਰਾਜ ਹੀ ਬਣ ਸਕਦਾ ਹੈ। ਤੁਸੀਂ ਪੂਰੀ ਤਰ੍ਹਾਂ ਸੰਵਿਧਾਨ ਦੇ ਹੱਕ ਜਾਂ ਵਿਰੋਧ ਵਿਚ ਹੋ ਸਕਦੇ ਹੋ, ਜਾਂ ਇਸ ਦੇ ਕੁਝ ਹਿੱਸਿਆਂ ਨਾਲ ਸਹਿਮਤ ਜਾਂ ਅਸਹਿਮਤ ਹੋ ਸਕਦੇ ਹੋ, ਲੇਕਿਨ ਇੰਞ ਵਿਹਾਰ ਕਰਨਾ ਜਿਵੇਂ ਉਸ ਦੀ ਕੋਈ ਹੋਂਦ ਹੀ ਨਹੀਂ ਹੈ, ਜਿਵੇਂ ਇਹ ਸਰਕਾਰ ਕਰ ਰਹੀ ਹੈ, ਜਮਹੂਰੀਅਤ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਨ ਬਰਾਬਰ ਹੈ। ਸ਼ਾਇਦ ਉਹਨਾਂ ਦਾ ਮਨੋਰਥ ਵੀ ਇਹੀ ਹੈ। ਇਹ ਸਾਡਾ ਆਪਣਾ ਕੋਰੋਨਾ ਵਾਇਰਸ ਹੈ। ਅਸੀਂ ਬਿਮਾਰ ਹਾਂ। ਦੁਮੇਲ ਉਪਰ ਮਦਦ ਦਾ ਕੋਈ ਨਾਮ-ਨਿਸ਼ਾਨ ਨਜ਼ਰ ਨਹੀਂ ਆ ਰਿਹਾ। ਕੋਈ ਐਸਾ ਮੁਲਕ ਨਹੀਂ ਜੋ ਕੋਈ ਵੁਕਅਤ ਰੱਖਦਾ ਹੋਵੇ। ਸੰਯੁਕਤ ਰਾਸ਼ਟਰ ਸੰਘ ਵੀ ਨਹੀਂ।

ਤੇ ਚੋਣਾਂ ਜਿਤਣ ਦੀ ਖਾਹਸ਼ ਰੱਖਣ ਵਾਲੀ ਇਕ ਵੀ ਐਸੀ ਰਾਜਨੀਤਕ ਪਾਰਟੀ ਨਹੀਂ ਹੈ ਜੋ ਇਕ ਨੈਤਿਕ ਪੁਜੀਸ਼ਨ ਲੈ ਸਕੇ। ਕਿਉਂਕਿ ਅੱਗ ਪਾਈਪਾਂ ਵਿਚ ਵੜ ਚੁੱਕੀ ਹੈ। ਵਿਵਸਥਾ ਢਹਿ-ਢੇਰੀ ਹੋ ਰਹੀ ਹੈ। ਸਾਨੂੰ ਜ਼ਰੂਰਤ ਹੈ ਐਸੇ ਲੋਕਾਂ ਦੀ ਜੋ ਇਸ ਲਈ ਤਿਆਰ ਹੋਵੇ ਕਿ ਜੇ ਉਹਨਾਂ ਦੀ ਹਰਮਨਪਿਆਰਤਾ ਖੁੱਸਦੀ ਹੈ ਤਾਂ ਖੁੱਸ ਜਾਵੇ। ਜੋ ਖੁਦ ਨੂੰ ਖਤਰਿਆਂ ਵਿਚ ਪਾਉਣ ਲਈ ਤਿਆਰ ਹੋਣ। ਜੋ ਸੱਚ ਨੂੰ ਸੱਚ ਕਹਿਣ ਲਈ ਤਿਆਰ ਹੋਣ। ਇਹ ਕੰਮ ਦਲੇਰ ਪੱਤਰਕਾਰ ਕਰ ਸਕਦੇ ਹਨ, ਅਤੇ ਕਰ ਰਹੇ ਹਨ। ਦਲੇਰ ਵਕੀਲ ਐਸਾ ਕਰ ਸਕਦੇ ਹਨ ਅਤੇ ਕਰ ਰਹੇ ਹਨ; ਤੇ ਕਲਾਕਾਰ ਖੂਬਸੂਰਤ, ਸ਼ਾਨਦਾਰ, ਦਲੇਰ ਲੇਖਕ, ਸ਼ਾਇਰ, ਗੀਤਕਾਰ, ਚਿਤਰਕਾਰ ਅਤੇ ਫਿਲਮਸਾਜ਼ ਐਸਾ ਕਰ ਸਕਦੇ ਹਨ। ਖੂਬਸੂਰਤੀ ਸਾਡੇ ਹੱਕ ਵਿਚ ਹੈ। ਸਾਰੀ ਦੀ ਸਾਰੀ।

ਕਰਨ ਲਈ ਸਾਡੇ ਸਾਹਮਣੇ ਬਹੁਤ ਕੁਝ ਹੈ ਅਤੇ ਜਿੱਤਣ ਲਈ ਦੁਨੀਆ ਪਈ ਹੈ।

**ਅਨੁਵਾਦ: ਬੂਟਾ ਸਿੰਘ**

**ਅਰੁੰਧਤੀ ਰਾਏ**

# ਪ੍ਰੀਤ ਫੁਲਵਾੜੀ

## ਬੋਲੀਆਂ

ਰਲ ਮਿਲ ਕੇ ਰਹਿਣ ਵਾਲਿਆਂ ਤੋਂ
ਕਲੇਸ਼ ਦਾ ਭੂਤ ਸਦਾ ਦੂਰ ਭੱਜਦਾ।
ਉਹ ਜੀਵਨ @ਚ ਤਰੱਕੀ ਖੂਬ ਕਰਦੇ
ਜੋ ਸਮੇਂ ਸਿਰ ਲੈਣ ਸਹੀ ਫੈਸਲੇ।
ਦੋਵੇਂ ਇੱਕ, ਦੂਜੇ ਤੋਂ ਵੱਖ ਨਾ ਹੁੰਦੇ
ਜੇ ਪਤੀ- ਪਤਨੀ ਡੂੰਘਾ ਸੋਚਦੇ।
ਕੱਲਾ, ਕੱਲਾ ਪੁੱਤ ਮਾਪਿਆਂ ਦਾ
ਜਾ ਕੇ ਕਨੇਡਾ ਵਿੱਚ ਬਹਿ ਗਿਆ।
ਉਸ ਦਾ ਪੁੱਤ ਨਸ਼ਿਆਂ ਤੋਂ ਕਿਵੇਂ ਬਚੂ ?
ਜਿਸ ਘਰ @ਚ ਪਿਉ ਨਸ਼ੇ ਕਰਦਾ।
ਗਰੀਬ ਨੂੰ ਮਾਰਨ ਵਾਲੇ ਦਾ ਦੋਸ਼ੀ
ਪੈਸੇ ਨਾਲ ਜੇਲ੍ਹੋਂ ਬਾਹਰ ਆ ਗਿਆ।
ਜੋ ਪਿਉ ਦੀ ਜਾਇਦਾਦ ਤੇ ਅੱਖ ਰੱਖੇ
ਉਹ ਕਦੇ ਨ੍ਹੀ ਅੱਗੇ ਵੱਧ ਸਕਦਾ।
ਉਸ ਨੂੰ ਯਾਰਾਂ ਦੀ ਘਾਟ ਕੋਈ ਨਾ
ਜੋ ਸਦਾ ਖੁੱਲ੍ਹਾ ਰੱਖੇ ਬੂਹਾ ਦਿਲ ਦਾ।
**ਮਹਿੰਦਰ ਸਿੰਘ ਮਾਨ**
**ਫੋਨ 9915803554**

## ਹਲਾਤ ਪੰਜਾਬ ਦੇ

ਨੇਂਤਾ ਰੋਂਦੇ ਕੁਰਸੀ ਨੂੰ
ਤੇ ਜਨਤਾ ਦੋ ਵਕਤ ਦੀ ਰੋਟੀ
ਚੋਂਣ ਨਿਸਾਨ
ਵੱਖੋ ਵੱਖ ਲਾ ਲਏ ਨੇ
ਪਾਕੇ ਸਕੇ ਭਰਾਵਾਂ
ਇੱਕ ਰੰਗਲੀ ਕੋਠੀ
ਨੇਂਤਾ ਰੋਂਦੇ ਕੁਰਸੀ ਨੂੰ
ਤੇ ਜਨਤਾ ਦੋ ਵਕਤ ਦੀ ਰੋਟੀ
ਨੇਤਾ ਬੈਠ ਕੇ ਕੁਰਸੀ ਤੇ
ਕਰਦੇ ਨਿੱਤ ਜਨਤਾ ਨਾਲ ਧੋਖਾ
ਇਹ ਆਪਣੇ ਸਵਾਰਥ ਲਈ
ਲੁੱਟਦੇ ਫਿਰ ਇਹ ਚੰਗਾ ਚੋਖਾ
ਹੱਥਾਂ ਨਾਲ ਪਾ ਕੇ ਵੋਟਾ ਨੂੰ
ਫਿਰ ਲਾਉਂਦੇ
ਕਿਸਾਨ ਸੜਕਾਂ ਉਤੇ ਧਰਨੇ
ਸਾਬ ਫਿਰ ਕਿਸਮਤ ਨੂੰ ਕੋਸਣ ਬਈ
ਜੋ ਕਹਿੰਦੇ ਸੀ ਖਰੀ ਪਰ
ਨਿਕਲੀ ਏ ਖੋਟੀ
ਨੇਤਾ ਰੋਂਦੇ ਕੁਰਸੀ ਨੂੰ
ਤੇ ਜਨਤਾ ਦੋ ਵਕਤ ਦੀ ਰੋਟੀ
ਤੇ ਜਨਤਾ ਦੋ ਵਕਤ ਦੀ ਰੋਟੀ
**ਕੁੱਲਦੀਪ ਸਿੰਘ ਸਾਬਾ ਮੱਰੜੀ ਕਲਾਂ**
**99142 26365**

## ਬੋਲੀਆਂ

ਰਲ ਮਿਲ ਕੇ ਰਹਿਣ ਵਾਲਿਆਂ ਤੋਂ
ਕਲੇਸ਼ ਦਾ ਭੂਤ ਸਦਾ ਦੂਰ ਭੱਜਦਾ।
ਉਹ ਜੀਵਨ @ਚ ਤਰੱਕੀ ਖੂਬ ਕਰਦੇ
ਜੋ ਸਮੇਂ ਸਿਰ ਲੈਣ ਸਹੀ ਫੈਸਲੇ।
ਦੋਵੇਂ ਇੱਕ, ਦੂਜੇ ਤੋਂ ਵੱਖ ਨਾ ਹੁੰਦੇ
ਜੇ ਪਤੀ- ਪਤਨੀ ਡੂੰਘਾ ਸੋਚਦੇ।
ਕੱਲਾ, ਕੱਲਾ ਪੁੱਤ ਮਾਪਿਆਂ ਦਾ
ਜਾ ਕੇ ਕਨੇਡਾ ਵਿੱਚ ਬਹਿ ਗਿਆ।
ਉਸ ਦਾ ਪੁੱਤ ਨਸ਼ਿਆਂ ਤੋਂ ਕਿਵੇਂ ਬਚੂ ?
ਜਿਸ ਘਰ @ਚ ਪਿਉ ਨਸ਼ੇ ਕਰਦਾ।
ਗਰੀਬ ਨੂੰ ਮਾਰਨ ਵਾਲੇ ਦਾ ਦੋਸ਼ੀ
ਪੈਸੇ ਨਾਲ ਜੇਲ੍ਹੋਂ ਬਾਹਰ ਆ ਗਿਆ।
ਜੋ ਪਿਉ ਦੀ ਜਾਇਦਾਦ ਤੇ ਅੱਖ ਰੱਖੇ
ਉਹ ਕਦੇ ਨ੍ਹੀ ਅੱਗੇ ਵੱਧ ਸਕਦਾ।
ਉਸ ਨੂੰ ਯਾਰਾਂ ਦੀ ਘਾਟ ਕੋਈ ਨਾ
ਜੋ ਸਦਾ ਖੁੱਲ੍ਹਾ ਰੱਖੇ ਬੂਹਾ ਦਿਲ ਦਾ।
**ਮਹਿੰਦਰ ਸਿੰਘ ਮਾਨ**
**ਫੋਨ 9915803554**

## ਓਹ ਤਸਵੀਰਾਂ

ਓਹ ਤਸਵੀਰਾਂ ਨਾ ਮਿਲੀਆਂ
ਮੁੱਲ ਕੀਤਾ ਜੋ ਤਸਵੀਰਾਂ ਦਾ
ਨਾ ਮੰਨੀਆਂ ਤੇ ਨਾ ਰੁੱਸੀਆਂ
ਹਾੜਾ ਕੱਢ ਤਾ ਤਕਦੀਰਾਂ ਦਾ

ਹਰ ਬੋਲ ਤੇਰਾ ਯਾਦ ਰਿਹਾ
ਮਰਨੇ ਵਾਲਾ ਅਬਾਦ ਰਿਹਾ
ਬੋਲ ਰੋਮ ਰੋਮ ਨੂੰ ਵੱਢਦੇ ਨੇ
ਫੱਟ ਹੌਲਾ ਹੈ ਸ਼ਮਸ਼ੀਰਾਂ ਦਾ

ਇੰਝ ਹੁੰਦਾ ਫਿਰ ਉਂਝ ਹੁੰਦਾ
ਉਂਝ ਹੁੰਦਾ ਫਿਰ ਇੱਝ ਹੁੰਦਾ
ਬੇਗੈਰਤ ਜੁਗਤ ਜ਼ਹੀਨੀ ਏ
ਨਾ ਹਸ਼ਰ ਹੈ ਤਕਰੀਰਾਂ ਦਾ

ਮੇਰਾ ਨਾ ਹੈ ਬੇਗਾਨਾ ਛੱਲਾ
ਵਜ਼ਮ ਵਿੱਚ ਬੈਠੇ ਓਹ ਝੱਲਾ
ਕਿੰਝ ਸਾਂਭੂਗਾ ਕੱਲਾ ਚੰਦਨ
ਇਹ ਹੰਝੂ ਵੈਣ ਲਕੀਰਾਂ ਦਾ
**ਚੰਦਨ ਹਾਜੀਪੁਰੀਆ**

## .ਗ਼ਜ਼ਲ

ਦਿਲ ਵਿਚ ਕੋਈ ਥਾਂ ਹੁੰਦੀ ਏ।
ਐਵੇਂ ਤਾਂ ਨਈਂ ਹਾਂ ਹੁੰਦੀ ਏ।
ਬਾਪੂ ਦੇ ਪੈਰਾਂ ਵਿਚ ਜੰਨਤ,
ਬੋਹੜ ਦੀ ਠੰਡੀ ਛਾਂ ਹੁੰਦੀ ਏ।
ਲੋਅ ਹੀ ਲੋਅ ਹੈ ਜਿਸ ਦੇ ਅੰਦਰ,
ਸੂਰਜ ਵਰਗੀ ਮਾਂ ਹੁੰਦੀ ਏ।
ਜੋ ਕਰਦੀ ਚਿੰਗਾਰੀ ਕਰਦੀ,
ਕੱਖਾਂ ਵਿਚ ਚੁਪ ਚਾਂ ਹੁੰਦੀ ਏ।
ਘਰ ਨੂੰ ਰੀਝਾਂ ਨਾਲ ਸਜਾਇਆ,
ਕੋਠੇ 'ਤੇ ਕਾਂ-ਕਾਂ ਹੁੰਦੀ ਏ।
ਇੱਕ ਤਿਊੜੀ ਖੰਜਰ ਵਰਗੀ,
ਉਸ ਦੇ ਵੱਲੋਂ ਨ੍ਹਾਂ ਹੁੰਦੀ ਏ।
ਐਵੇਂ ਤਾਂ ਸੂਰਜ ਨਈਂ ਡੁਬਦਾ,
ਜ਼ਿੰਦ ਸਜਣਾਂ ਦੇ ਨਾਂ ਹੁੰਦੀ ਏ।
ਬਾਲਮ ਉਹ ਸੁਖ ਹੀ ਸੁਖ ਦੇਵੇ,
ਦਾਦੀ ਵਰਗੀ ਗਾਂ ਹੁੰਦੀ ਏ।
**ਬਲਵਿੰਦਰ ਬਾਲਮ ਗੁਰਦਾਸਪੁਰ**
**ਓਂਕਾਰ ਨਗਰ ਗੁਰਦਾਸਪੁਰ ਪੰਜਾਬ**
**ਮੋ. 98156-25409**

## ਮੁਨਿਆਦੀ ਵਾਲਾ ਭਾਈ

ਸੁਣੋਂ ਬਈ ਸੁਣੋਂ ਹੋਕਾ ਢੋਲ ਵਾਲਾ
ਲਾਉਂਦਾ ਸੀ,
ਚੌਂਕ ਵਿੱਚ ਖੜ੍ਹ ਕੇ ਲੋਕਾਂ ਤਾਈਂ
ਸੁਣਾਉਂਦਾ ਸੀ।
ਜਦ ਪਿੰਡ ਵਿੱਚ ਘੋਲ ਜਾਂ ਬਾਜ਼ੀ
ਵਾਲੇ ਆਉਂਦੇ ਸੀ,
ਪਹਿਲਾਂ ਮੁਨਿਆਦੀ ਢੋਲ ਵਾਲੇ
ਤੋਂ ਕਰਾਉਂਦੇ ਸੀ।
ਬਹੁਤੇ ਵਾਰੀ ਸਮਾਂ ਦਿੰਦੇ ਸ਼ਾਮੀਂ
ਚਾਰ ਵਜੇ ਦਾ,
ਆਜੋ ਵੇਖੋ ਨਜ਼ਾਰਾ ਭਾਈ ਇੱਕਠ
ਉੱਥੇ ਸਜੇ ਦਾ।
ਸਾਰਿਆਂ ਨੇ ਜਾਣਾਂ ਕੰਮ ਧੰਦਿਆਂ
ਨੂੰ ਕਰਕੇ,
ਬੁੜੀਆਂ ਨੇ ਵੇਖਣਾ ਕੋਠਿਆਂ ਤੇ
ਖੜਕੇ।
ਸਿੱਧੇ ਸਾਧੇ ਬੰਦਿਆਂ ਦੇ ਉਦੋਂ ਖੁਲ੍ਹੇ
ਸੁਭਾਅ ਸੀ,
ਇਹੋ ਜੇਹੀਆਂ ਖੇਡਾਂ ਵੇਖਣ ਦਾ ਹੁੰਦਾ
ਬੜਾ ਚਾਅ ਸੀ।
ਅੱਜ ਉਹ ਦਿਨ ਕਿੱਥੇ ਮਾਰ ਗਏ
ਉੱਡਾਰੀਆ,
ਨਾ ਰਹੀਆਂ ਖੇਡਾਂ ਹੁਣ,ਪੱਤੋ, ਉਹ
ਪਿਆਰੀਆਂ।
**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਚਿੱਟਾ ਕੁੜਤਾ

ਰੁੱਤ ਆਈ ਚਿੱਟੇ ਕੁੜਤੇ ਵਾਲਿਆਂ ਦੀ,
ਇਸਦਾ ਪਰਦਾ ਬੜਾ ਕੁਝ ਕੱਜਦਾ ਏ।
ਮਾਰੀਆਂ ਠੱਗੀਆਂ ਹੇਰਾ ਫੇਰੀਆਂ
ਨੂੰ,
ਇਹ ਬੜਾ ਸਾਂਭ ਸਾਂਭ ਕੇ ਰੱਖਦਾ
ਏ।
ਉਂਝ ਤਾਂ ਪਾਉਂਦੇ ਲੋਕ ਨੇ ਬਹੁਤ ਸਾਰੇ,
ਸਾਧਾਂ ਲੀਡਰਾਂ ਦੇ ਜਾਂ ?ਆਦੇ ਫੱਬਦਾ ਏ।
ਖਾ ਖਾ ਕੇ ਪੂਰਿਆ ਇਹਨਾਂ ਢਿੱਡ ਹੁੰਦਾ,
ਦਾਅ ਵੇਖਦੇ ਫੇਰ ਕਿਵੇਂ ਲੱਗਦਾ
ਏ।
ਚਿੱਟਾ ਬਗਲਾ ਵੀ ਤਾਂ ਬਹੁਤ ਹੁੰਦਾ,
ਵਿੱਚ ਛੱਪੜ ਦੇ ਡੱਡਾ ਪਿਆ ਲੱਭਦਾ ਏ।
ਵਿਹਲੜ ਦੇਵੇ ਨਾ ਜੁੱਤੀ ਤੇ ਪੈਣ
ਮਿੱਟੀ,
ਨਾਲ ਕੱਪੜੇ ਬੜਾ ਈ ਝੰਬਦਾ ਏ।
ਮਿਹਨਤਕਸ ਦੇ ਗੱਲੋਂ ਨਾ ਮੈਲ ਜਾਵੇ,
ਘਰੇ ਸੰਖ ਗਰੀਬੀ ਦਾ ਵੱਜਦਾ ਏ।
ਹੱਥ ਜੋੜ ਮਿੰਨਤ ਨਾ ਸੁਣੇ ਕੋਈ,
ਮਰ ਜਾਂਦਾ ਦੁੱਖਾਂ ਨੂੰ ਦੱਸਦਾ ਏ।
ਇਹ ਚਿੱਟੇ ਪਾ ਘੁੰਮਦੇ ਵਿੱਚ ਗੱਡੀਆਂ,
ਬੇਰੁਜਗਾਰ ਸੜਕਾਂ ਤੇ ਜੱਬਦਾ ਏ।
ਚਿੱਟੇ ਕੁੜਤੇ ਨੇ ਦੇਸ ਸਾਡਾ ਨੰਗ
ਕੀਤਾ,
ਕਈ ਘਰਾਂ ਦਾ ਦਿਵਾਲਾ ਵੀ ਕੱਢਦਾ ਏ।
ਪਰ, ਪੱਤੋ ,ਸਾਰੇ ਨਹੀ ਹੁੰਦੇ ਇੱਕੋ
ਜਿਹੇ,
ਡਰ ਚੋਰਾਂ ਦਾ ਦਿਲ ਨੂੰ ਵੱਢਦਾ ਏ।
**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ**
**ਫੋਨ ਨੰਬਰ**
**94658-21417**

## ਕੋਈ ਕੋਈ

ਮਿੱਧੇ ਮੰਜ਼ਿਲ ਖਾਤਰ ਖ਼ਾਰ ਕੋਈ ਕੋਈ,
ਚੁੰਮੇ ਲੋਕਾਂ ਖਾਤਰ ਦਾਰ ਕੋਈ ਕੋਈ।
ਖੁਸ਼ੀਆਂ ਦੇ ਵਿੱਚ ਸਾਰੇ ਸਾਰ ਲੈ ਲੈਂਦੇ ਨੇ,
ਪਰ ਗ਼ਮਾਂ ਵਿੱਚ ਲਏ ਸਾਰ ਕੋਈ ਕੋਈ।
ਹਰ ਕੋਈ ਫੁੱਲ ਸਵੀਕਾਰ ਕਰ ਲੈਂਦਾ ਹੈ,
ਪਰ ਕੰਡੇ ਕਰੇ ਸਵੀਕਾਰ ਕੋਈ ਕੋਈ।
ਹਰ ਕਿਸੇ ਨੂੰ ਅੱਜ ਕੱਲ੍ਹ ਰੋਟੀ ਦੀ ਚਿੰਤਾ ਹੈ,
ਇਸ਼ਕ ਦਾ ਕਰਦਾ ਏ ਵਪਾਰ ਕੋਈ ਕੋਈ।
ਸਭ ਨਜ਼ਮ ਸੁਣ ਕੇ ਗਏ ਨੇ ਭਾਵੇਂ,
ਪਰ ਕਰੇਗਾ ਇਸ ਤੇ ਵਿਚਾਰ ਕੋਈ ਕੋਈ।
**ਮਹਿੰਦਰ ਸਿੰਘ ਮਾਨ**
**ਚੈਨਲਾਂ ਵਾਲੀ ਕੋਠੀ**
**ਨਵਾਂ ਸ਼ਹਿਰ-9915803554**

## ਕਵਿਤਾ

ਆਖਰੀ ਮੌਕਾ ਮੁੜ ਹੱਥ ਨਹੀਂ ਆਉਣਾ,
ਪੰਜ ਸਾਲ ਫਿਰ ਪਊ ਪਛਤਾਉਣਾ ।
ਗਲੀ ਗਲੀ ਜੋ ਫਿਰਦੇ ਨੇ ਹੁਣ ,
ਇਨ੍ਹਾਂ ਹੀ ਸਾਡੀਆਂ ਪੱਗਾਂ ਨੂੰ ਢਾਹੁਣਾ।
ਸਾਡੀਆਂ ਭੈਣਾਂ ਉੱਪਰ ਤਸ਼ੱਦਦ ਢਾਹੁਣਗੇ
ਜਦ ਮੰਗਣੇ ਹੱਕ ਤੁਸੀਂ ਧਰਨਾ ਲਾਉਣਾ ।
ਜਿੱਤ ਦਾ ਬਟਨ ਸਾਹਮਣੇ ਪਿਆ ਹੋਊ ,
ਪਰ ਅਫਸੋਸ ਜੇ ਲੋਕਾਂ ਹਾਰ ਚੁਣ ਲਈ ।
ਵੋਟਾਂ ਵਾਲੀ ਮਸ਼ੀਨ ਵੀ ਫੁੱਟ ਫੁੱਟ ਰੋਵੇਗੀ '
ਜੇ ਐਤਕੀਂ ਵੀ ਪੰਜਾਬੀਆਂ ਨੇ ਗਲਤ
ਸਰਕਾਰ ਚੁਣ ਲਈ ॥
**ਲੇਖਕ -ਮਨਦੀਪ ਖਾਨਪੁਰੀ**
**ਖਾਨਪੁਰ ਸਹੋਤਾ ਹੁਸ਼ਿਆਰਪੁਰ**
**9779179060**

## ਬੋਲੀਆਂ

ਰੱਬ ਉਨ੍ਹਾਂ ਦੇ ਮਨਾਂ ਵਿੱਚ ਵੱਸਦਾ,
ਖੌਰੇ ਲੋਕੀਂ ਮੰਦਰਾਂ ਚੋਂ ਕੀ ਭਾਲਦੇ ?
ਆਪ ਮਾਇਆ ਬਿਨਾਂ ਪੈਰ ਨਾ ਪੁੱਟਦੇ,
ਸਾਨੂੰ ਬਾਬੇ ਕਹਿੰਦੇ ਮਾਇਆ ਨਾਗਣੀ।
ਲੋਕਾਂ ਨੂੰ ਆਪਸ ਵਿੱਚ ਲੜਾ ਕੇ,
ਆਪ ਨੇਤਾ ਕੱਠੇ ਹੋ ਕੇ ਮਜ਼ੇ ਲੁੱਟਦੇ।
ਪਾਣੀ ਪੀਣ ਨੂੰ ਵੀ ਲੱਭਣਾ ਨਹੀਂ,
ਜੇ ਨਾ ਬੰਦੇ ਨੇ ਅਕਲ ਵਰਤੀ।
ਹੁਣ ਬੰਦਾ ਠੰਢੀ ਛਾਂ ਭਾਲਦਾ ਫਿਰੇ,
ਚਾਰੇ, ਪਾਸੇ ਰੁੱਖਾਂ ਨੂੰ ਜੜ੍ਹੋਂ ਪੁੱਟ ਕੇ।
ਲੋਕੀਂ ਇਸ ਨੂੰ ਖਰੀਦਣ ਤੋਂ ਡਰਦੇ,
ਘਰੇਲੂ ਗੈਸ ਸਲੰਡਰ ਦਾ ਮੁੱਲ ਸੁਣ ਕੇ।
ਲੋਕਾਂ ਦੇ ਦਿਲਾਂ 'ਚ ਪਿਆਰ ਨਾ ਰਿਹਾ,
ਹੁਣ ਨਾਂ ਦੇ ਰਹਿ ਗਏ ਰਿਸ਼ਤੇ।
**ਮਹਿੰਦਰ ਸਿੰਘ ਮਾਨ**
**ਫੋਨ 9915803554**

## ਇੱਕ ਹੋਰ ਆਜ਼ਾਦੀ ਦਿਹਾੜਾ...

ਆਜ਼ਾਦੀ ਦਿਹਾੜਾ ਆ ਗਿਆ
ਬਦਲ ਕੇ ਹੋਰ ਇਕ ਸਾਲ
ਕੀ ਸੱਚ ਮੁੱਚ ਅਸੀਂ ਆਜ਼ਾਦ ਹਾਂ
ਇਹ ਵੀ ਬਸ ਇਕ ਭਰਮ ਜਾਲ।
ਇਸ ਆਜ਼ਾਦੀ ਦੀ ਕੀਮਤ ਭਾਰੀ
ਜੋ ਚੁਕਾਈ ਕੁਰਬਾਨੀਆਂ ਨਾਲ
ਕਈ ਫਾਂਸੀਆਂ ਉੱਤੇ ਝੂਲ ਗਏ
ਕਈਆਂ ਜੇਲ ਗੁਜ਼ਾਰੇ ਕੀਮਤੀ ਸਾਲ।
ਭਗਤ ਸਿੰਘ ਊਧਮ ਤੇ ਕਰਤਾਰ ਸਰਾਭਾ
ਬਾਲ ਪਾਲ ਦੇ ਲਾਲ
ਸੁਪਨੇ ਇਹਨਾਂ ਦੇ ਅਧੂਰੇ ਅੱਜ ਵੀ
ਜੋ ਸੀ ਵੇਖੇ ਚਾਵਾਂ ਨਾਲ।
ਵੰਡ ਦੇ ਨਾਲ ਸੀ ਹੋਇਆ ਖ਼ੂਨ ਖ਼ਰਾਬਾ
ਚੱਲੀ ਸਿਆਸਤਦਾਨਾਂ ਡੂੰਘੀ ਚਾਲ
ਆਮ ਬੰਦੇ ਨੇ ਚੁਕਾਈ ਕੀਮਤ
ਲੁਟਾ ਕੇ ਆਪਣਾ ਜਾਨ ਤੇ ਮਾਲ।
ਸੱਤਾ ਬਦਲੀ ਪਰ ਸੋਚ ਨਾ ਬਦਲੀ
ਗੋਰੇ ਗਏ ਕਾਲੇ ਆਏ ਲਾਲ
ਆਮ ਲੋਕ ਨੇ ਰੁਲਦੇ ਸੜਕਾਂ ਉੱਤੇ
ਕਰਨ ਰੋਜ਼ੀ ਰੋਟੀ ਦੀ ਭਾਲ।
ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ
ਨੇ ਕੀਤਾ ਹਾਲ ਬੇਹਾਲ
79 ਸਾਲ ਤਾਂ ਗੁਜਰ ਗਏ
ਹੋਰ ਗੁਜ਼ਰਨੇ ਕਿੰਨੇ ਸਾਲ।
ਧਰਮਾ ਜਾਤਾਂ ਤੋਂ ਉੱਪਰ ਉੱਠ ਕੇ
ਧਰਮਿੰਦਰਾ ਜੇ ਸੋਚ ਬਣਾਈਏ ਵਿਸ਼ਾਲ
ਫੇਰ ਹੀ ਮਿਲਣੀ ਅਸਲ ਆਜ਼ਾਦੀ
ਹਰ ਬਾਸ਼ਿੰਦਾ ਹੋਣਾ ਖ਼ੁਸ਼ਹਾਲ।
**ਧਰਮਿੰਦਰ ਸਿੰਘ**
**ਮੰਨਵੀ,ਮਲੇਰਕੋਟਲਾ**

## ਆਜ਼ਾਦੀ ਦਾ ਦੁਖਾਂਤ

ਅੱਜ ਵੀ ਬਾਪੂ ਰੋਂਦਾ ਚੁੱਪ ਨਹੀਂ ਕਰਦਾ
ਉਹਨੂੰ ਚੇਤਾ ਆਉਂਦਾ ਪਿਛਲੇ ਘਰ ਦਾ
ਰਾਤੋ ਰਾਤ ਸਭ ਕੁੱਝ ਛੱਡਣਾ ਪੈ ਗਿਆ
ਜਿਹੜਾ ਧੇਲੀ ਡਿੱਗੀ ਨਹੀਂ ਸੀ ਜਰਦਾ
ਅੰਗਰੇਜ਼ਾਂ ਨੇ ਦਿੱਤੀਆਂ ਖਿੱਚ ਲਕੀਰਾਂ
ਪਲਾਂ ਵਿੱਚ ਪੰਜਾਬ ਨੂੰ ਕਰਤਾ ਲੀਰੋ ਲੀਰਾਂ
ਖਾਲੀ ਹੱਥ ਤੁਰ ਪਏ ਛੱਡ ਪਿੰਡਾਂ ਨੂੰ
ਦਿੱਸਣ ਚਾਰ ਚੁਫੇਰੇ ਵਹੀਰਾਂ ਹੀ ਵਹੀਰਾਂ
ਰਾਹ ਵਿੱਚ ਲੁੱਟਣ ਲੱਗ ਪਏ ਲੁਟੇਰੇ
ਉਹਨਾਂ ਨਾਲ ਕੀਤੇ ਮੁਕਾਬਲੇ ਬਥੇਰੇ
ਕਈ ਵੱਢ ਟੁੱਕ ਵਿੱਚ ਗਏ ਮਾਰੇ
ਕਈਆਂ ਦੇ ਬੱਝੇ ਰਹਿ ਗਏ ਵਿੱਚੇ ਸਿਹਰੇ
ਕੋਈ ਅੱਗੇ ਪੱਕਾ ਨਹੀਂ ਸੀ ਟਿਕਾਣਾ
ਪਤਾ ਨਹੀਂ ਕਿੱਧਰ ਨੂੰ ਕਿਸੇ ਜਾਣਾ
ਭੁੱਖੇ ਰੋਂਦੇ ਸੀ ਬੀਬੀਆਂ ਕੋਲ ਨਿਆਂਣੇ
ਉਹਨਾਂ ਨੂੰ ਔਖਾ ਸੀ ਚੁੱਪ ਕਰਾਨਾ
ਇਹ ਕਿਹਨਾਂ ਲਈ ਸੀ ਆਜ਼ਾਦੀ
ਜਿਹੜੀ ਸਾਡੀ ਕਰ ਗਈ ਬਰਬਾਦੀ
ਅਸੀਂ ਉਹਨਾਂ ਵੇਲਿਆਂ ਦੇ ਮਾਰੇ
ਇਹ ਗੱਲ ਦਸਦੀ ਰੋ ਰੋ ਕੇ ਦਾਦੀ
ਹਰ ਸਾਲ ਜਖਮਾਂ ਤੇ ਲੂਣ ਲਾਉਂਦੇ
ਦਸੋ ਇਹ ਖੁਸ਼ੀ ਕਾਹਦੀ ਮਨਾਉਂਦੇ
ਲੋਕ ਜਸਵਿੰਦਰ ਫੜ੍ਹ ਕੇ ਹੱਥ ਤਿਰੰਗੇ
ਫਿਰਦੇ ਅੱਜ ਵੀ ਨਫਰਤ ਫਲਾਉਂਦੇ
ਲੋਕ ਜਸਵਿੰਦਰ ਫੜ੍ਹ ਕੇ ਹੱਥ ਤਿਰੰਗੇ
ਫਿਰਦੇ ਅੱਜ ਵੀ ਨਫਰਤ ਫਲਾਉਂਦੇ
**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**
**7589155501**

## ਕੂੜਾ ਕੂੜੇਦਾਨ ਵਿੱਚ ਪਾਓ

ਚੰਗੇ ਨਾਗਰਿਕ ਹੋਣ ਦਾ ਫਰਜ ਨਿਭਾਓ ,
ਰੱਖ ਕੇ ਆਲ਼ਾ - ਦੁਆਲ਼ਾ ਸਾਫ - ਸੁਥਰਾ
ਗੰਦਗੀ ਤੇ ਬਿਮਾਰੀਆਂ ਤੋਂ ਸਭ ਨੂੰ ਬਚਾਓ ।
ਕੂੜਾ ਕੂੜੇਦਾਨ ਵਿੱਚ ਪਾ ਕੇ
ਆਪਣੇ ਪਿੰਡ - ਸ਼ਹਿਰ ਨੂੰ ਸੁੰਦਰ ਬਣਾਓ ,
ਪੌਦੇ , ਪਾਣੀ ਤੇ ਪੰਛੀਆਂ ਨੂੰ ਬਚਾਓ
ਜਾਨਵਰਾਂ ਪ੍ਰਤੀ ਵੀ ਇਨਸਾਨੀਅਤ ਦਿਖਾਓ ।
ਇੱਧਰ - ਉੱਧਰ ਕੂੜਾ ਸੁੱਟਣਾ
ਇਹ ਇਵੇਂ ਹੀ ਹੈ
ਜਿਵੇਂ ਆਪਣੇ ਰਾਹ ਆਪ ਖੱਡਾ ਪੁੱਟਣਾ ।
ਸੋਚੋ !ਸਮਝੋ ਤੇ ÷ ਧਰਮਾਣੀ ÷ ਥੋੜ੍ਹਾ ਵਿਚਾਰੋ
ਇੱਧਰ - ਉੱਧਰ ਨਾ ਕੂੜਾ ਖਿਲਾਰੋ ।
ਆਓ !ਸਭ ਲਈ ਚੰਗਾ ਸੋਚੀਏ - ਕਰੀਏ
ਕੂੜਾ ਕੂੜੇਦਾਨ ਵਿੱਚ ਹੀ ਭਰੀਏ ।
**ਮਾਸਟਰ ਸੰਜੀਵ ਧਰਮਾਣੀ**
**ਸ਼ ?ਰੀ ਅਨੰਦਪੁਰ ਸਾਹਿਬ**
**9478561356**

## ਹਲਾਤ ਪੰਜਾਬ ਦੇ

ਨੇਂਤਾ ਰੋਂਦੇ ਕੁਰਸੀ ਨੂੰ
ਤੇ ਜਨਤਾ ਦੋ ਵਕਤ ਦੀ ਰੋਟੀ
ਚੋਂਣ ਨਿਸਾਨ
ਵੱਖੋ ਵੱਖ ਲਾ ਲਏ ਨੇ
ਪਾਕੇ ਸਕੇ ਭਰਾਵਾਂ
ਇੱਕ ਰੰਗਲੀ ਕੋਠੀ
ਨੇਂਤਾ ਰੋਂਦੇ ਕੁਰਸੀ ਨੂੰ
ਤੇ ਜਨਤਾ ਦੋ ਵਕਤ ਦੀ ਰੋਟੀ
ਨੇਤਾ ਬੈਠ ਕੇ ਕੁਰਸੀ ਤੇ
ਕਰਦੇ ਨਿੱਤ ਜਨਤਾ ਨਾਲ ਧੋਖਾ
ਇਹ ਆਪਣੇ ਸਵਾਰਥ ਲਈ
ਲੁੱਟਦੇ ਫਿਰ ਇਹ ਚੰਗਾ ਚੋਖਾ
ਹੱਥਾਂ ਨਾਲ ਪਾ ਕੇ ਵੋਟਾ ਨੂੰ
ਫਿਰ ਲਾਉਂਦੇ
ਕਿਸਾਨ ਸੜਕਾਂ ਉਤੇ ਧਰਨੇ
ਸਾਬ ਫਿਰ ਕਿਸਮਤ ਨੂੰ ਕੋਸਣ ਬਈ
ਜੋ ਕਹਿੰਦੇ ਸੀ ਖਰੀ ਪਰ
ਨਿਕਲੀ ਏ ਖੋਟੀ
ਨੇਤਾ ਰੋਂਦੇ ਕੁਰਸੀ ਨੂੰ
ਤੇ ਜਨਤਾ ਦੋ ਵਕਤ ਦੀ ਰੋਟੀ
ਤੇ ਜਨਤਾ ਦੋ ਵਕਤ ਦੀ ਰੋਟੀ
**ਕੁੱਲਦੀਪ ਸਿੰਘ ਸਾਬਾ ਮੱਰੜੀ ਕਲਾਂ**
**99142 26365**

# 15 ਅਗਸਤ 1947: ਆਜ਼ਾਦੀ ਦੀ ਰੌਸ਼ਨੀ ਪਿੱਛੇ ਲੁਕਿਆ ਉਜਾੜੇ ਦਾ ਹਨੇਰਾ




ਹਰ ਸਾਲ 15 ਅਗਸਤ ਨੂੰ ਜਦੋਂ ਸਾਰਾ ਦੇਸ਼ ਆਜ਼ਾਦੀ ਦਾ ਜਸ਼ਨ ਮਨਾਉਂਦਾ ਹੈ, ਸਰਕਾਰੀ ਇਮਾਰਤਾਂ ਉੱਤੇ ਤਿਰੰਗਾ ਲਹਿਰਾਉਂਦਾ ਹੈ ਅਤੇ ਸ਼ਹੀਦਾਂ ਦੀਆਂ ਅਸੀਮ ਕੁਰਬਾਨੀਆਂ ਨੂੰ ਯਾਦ ਕਰਦਾ ਹੈ, ਉਸ ਸਮੇਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀ ਧਰਤੀ ਨਾਲ ਜੁੜੀਆਂ ਕਈ ਪੁਰਾਣੀਆਂ ਯਾਦਾਂ ਵੀ ਤਾਜ਼ਾ ਹੋ ਜਾਂਦੀਆਂ ਹਨ। ਕਿਸੇ ਪਿੰਡ ਦੇ ਕਿਸੇ ਕੋਨੇ ਵਿੱਚ ਬੈਠਾ ਕੋਈ ਬਜ਼ੁਰਗ ਭਾਵੇਂ ਉਹ ਕਿਸੇ ਵੀ ਪੰਜਾਬ ਨਾਲ ਸੰਬੰਧਿਤ ਹੋਵੇ ਅੱਜ ਵੀ ਆਪਣੇ ਉਸ ਪਿੰਡ ਨੂੰ ਯਾਦ ਕਰਦਾ ਹੈ ਜੋ ਹੁਣ ਸਰਹੱਦ ਦੇ ਉਸ ਪਾਰ ਰਹਿ ਗਿਆ ਹੈ।ਉਸ ਦੀਆਂ ਧੁੰਦਲੀਆਂ ਅੱਖਾਂ ਸਾਹਮਣੇ ਉਹ ਘਰ ਆ ਜਾਂਦਾ ਹੈ ਜਿੱਥੇ ਉਸ ਦਾ ਜਨਮ ਹੋਇਆ, ਜਿੱਥੇ ਉਸਨੇ ਆਪਣੇ ਕਿਸੇ ਪਿਆਰੇ ਦੀਆਂ ਅਸਥੀਆਂ ਨੂੰ ਨੱਪਿਆ ਹੋਵੇਗਾ, ਉਹ ਵਿਹੜਾ ਜਿੱਥੇ ਉਸ ਦਾ ਬਚਪਨ ਬੀਤਿਆ, ਉਹ ਖੂਹ ਜਿਸ ਦਾ ਠੰਢਾ ਪਾਣੀ ਉਹ ਪੀਂਦਾ ਸੀ, ਅਤੇ ਉਹ ਮਿੱਟੀ ਜਿਸ ਨਾਲ ਉਸ ਦੀਆਂ ਪੀੜ੍ਹੀਆਂ ਦਾ ਆਪਸੀ ਸਾਂਝ ਦਾ ਰਿਸ਼ਤਾ ਸੀ।15 ਅਗਸਤ 1947 ਭਾਰਤ ਲਈ ਆਜ਼ਾਦੀ ਦਾ ਇੱਕ ਸੁਨਹਿਰੀ ਦਿਨ ਸੀ, ਪਰ ਪੰਜਾਬ ਅਤੇ ਬੰਗਾਲ ਦੀ ਧਰਤੀ ਲਈ ਇਹ ਵੰਡ, ਵਿਛੋੜੇ ਅਤੇ ਇਤਿਹਾਸ ਦੇ ਸਭ ਤੋਂ ਵੱਡੇ ਉਜਾੜੇ ਦਾ ਅਜਿਹਾ ਕਾਲਾ ਦਿਨ ਸੀ, ਜਿਸ ਦੇ ਜ਼ਖ਼ਮ ਅੱਜ ਵੀ ਪੂਰੀ ਤਰ੍ਹਾਂ ਨਹੀਂ ਭਰੇ।

15 ਅਗਸਤ 1947 ਭਾਰਤ ਦੀ ਆਜ਼ਾਦੀ ਦਾ ਦਿਨ ਸੀ, ਪਰ ਪੰਜਾਬ ਲਈ ਇਹ ਵੰਡ ਅਤੇ ਵਿਛੋੜੇ ਦਾ ਦਿਨ ਵੀ ਸੀ। ਇਹ ਸਿਰਫ਼ ਨਕਸ਼ੇ ਉੱਤੇ ਕਾਗਜ਼ਾਂ ਰਾਹੀਂ ਖਿੱਚੀ ਇੱਕ ਲਕੀਰ ਨਹੀਂ ਸੀ, ਇਹ ਲੱਖਾਂ ਲੋਕਾਂ ਦੇ ਦਿਲਾਂ ਉੱਤੇ ਲੱਗਿਆ ਇੱਕ ਡੂੰਘਾ ਜ਼ਖ਼ਮ ਸੀ। ਬ੍ਰਿਟਿਸ਼ ਹਕੂਮਤ ਦੇ ਸਰ ਸੀਰਿਲ ਰੈੱਡਕਲਿਫ਼ ਵੱਲੋਂ ਖਿੱਚੀ ਗਈ ਉਸ ਇੱਕ ਲਕੀਰ ਨੇ ਸਦੀਆਂ ਤੋਂ ਨਾਲ ਰਹਿੰਦੇ ਆ ਰਹੇ ਲੋਕਾਂ ਨੂੰ ਰਾਤੋ-ਰਾਤ ਇੱਕ-ਦੂਜੇ ਲਈ ਬੇਗਾਨਾ ਕਰ ਦਿੱਤਾ। ਜਿਹੜੇ ਲੋਕ ਇੱਕੋ ਪਿੰਡ ਵਿੱਚ ਰਹਿੰਦੇ ਸਨ, ਇੱਕੋ ਖੂਹ ਦਾ ਪਾਣੀ ਪੀਂਦੇ ਸਨ, ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ ਸਨ ਅਤੇ ਤਿਉਹਾਰਾਂ ਨੂੰ ਆਪਸੀ ਸਾਂਝ ਨਾਲ ਮਨਾਉਂਦੇ ਸਨ, ਉਹ ਅਚਾਨਕ ਸਰਹੱਦਾਂ ਦੇ ਦੋ ਪਾਸਿਆਂ ਵੰਡ ਦਿੱਤੇ ਗਏ। ਧਰਮ ਦੇ ਨਾਂ 'ਤੇ ਵੰਡੇ ਗਏ ਇਸ ਪੰਜਾਬ ਵਿੱਚ ਭਾਈਚਾਰਕ ਸਾਂਝ ਦੀਆਂ ਤੰਦਾਂ ਰਾਤੋ-ਰਾਤ ਤਾਰ-ਤਾਰ ਹੋ ਗਈਆਂ।

ਇਤਿਹਾਸਕਾਰਾਂ ਦੇ ਅਨੁਸਾਰ 1947 ਦੀ ਵੰਡ ਮਨੁੱਖੀ ਇਤਿਹਾਸ ਦੇ ਸਭ ਤੋਂ ਵੱਡੇ ਉਜਾੜਿਆਂ ਵਿੱਚੋਂ ਇੱਕ ਸੀ। ਲਗਭਗ ਇੱਕ ਤੋਂ ਡੇਢ ਕਰੋੜ ਲੋਕਾਂ ਨੂੰ ਆਪਣੇ ਘਰ-ਬਾਰ, ਧਨ-ਦੌਲਤ ਅਤੇ ਜਨਮ-ਭੂਮੀ ਛੱਡ ਕੇ ਅਣਜਾਣ ਥਾਵਾਂ ਵੱਲ ਰਵਾਨਗੀ ਕਰਨੀ ਪਈ। ਵੱਖ-ਵੱਖ ਅੰਦਾਜ਼ਿਆਂ ਅਨੁਸਾਰ 5 ਲੱਖ ਤੋਂ 10 ਲੱਖ ਤੋਂ ਵੱਧ ਲੋਕ ਫਿਰਕੂ ਹਿੰਸਾ ਅਤੇ ਕਤਲੇਆਮ ਦਾ ਸ਼ਿਕਾਰ ਹੋਏ ਅਤੇ ਹਜ਼ਾਰਾਂ ਔਰਤਾਂ ਨੇ ਅਸਹਿਣ ਪੀੜ ਝੱਲੀ। ਪਰ ਕਿਸੇ ਵੀ ਸਰਕਾਰੀ ਅੰਕੜੇ ਜਾਂ ਇਤਿਹਾਸਕ ਦਸਤਾਵੇਜ਼ ਵਿੱਚ ਉਹ ਦਰਦ ਪੂਰੀ ਤਰ੍ਹਾਂ ਨਹੀਂ ਸਮਾ ਸਕਦਾ ਜੋ ਇੱਕ ਮਾਂ, ਇੱਕ ਧੀ, ਇੱਕ ਭਰਾ ਜਾਂ ਇੱਕ ਬਜ਼ੁਰਗ ਨੇ ਆਪਣੇ ਦਿਲ ਵਿੱਚ ਹੰਡਾਇਆ। ਅੰਕੜੇ ਤਾਂ ਸਿਰਫ਼ ਗਿਣਤੀ ਦੱਸਦੇ ਹਨ, ਪਰ ਉਹ ਹੰਝੂ, ਚੀਖਾਂ ਅਤੇ ਵਿਛੋੜੇ ਦਾ ਦਰਦ ਕਿਸੇ ਪੈਮਾਨੇ ਨਾਲ ਨਹੀਂ ਮਾਪਿਆ ਜਾ ਸਕਦਾ।

ਸੋਚੋ, ਉਹ ਪਲ ਕਿਹੋ ਜਿਹਾ ਹੋਵੇਗਾ ਜਦੋਂ ਕਿਸੇ ਪਰਿਵਾਰ ਨੇ ਆਪਣੇ ਘਰ ਦੀ ਚੌਖਟ ਨੂੰ ਆਖ਼ਰੀ ਵਾਰ ਛੂਹਿਆ ਹੋਵੇਗਾ। ਉਹ ਘਰ ਜਿੱਥੇ ਬਚਪਨ ਦੀਆਂ ਯਾਦਾਂ ਸਨ, ਜਿੱਥੇ ਵਿਆਹ-ਸ਼ਾਦੀਆਂ ਦੇ ਚਾਅ ਪੂਰੇ ਹੋਏ, ਜਿੱਥੇ ਬੱਚਿਆਂ ਦੀਆਂ ਕਿਲਕਾਰੀਆਂ ਗੂੰਜੀਆਂ। ਉਹ ਖੇਤ ਜਿਨ੍ਹਾਂ ਨੂੰ ਕਿਸਾਨ ਆਪਣੀ ਮਾਂ ਵਾਂਗ ਪਿਆਰ ਕਰਦਾ ਸੀ ਅਤੇ ਆਪਣੀ ਮਿਹਨਤ ਦੇ ਮੁੜ੍ਹਕੇ ਨਾਲ ਪਾਣੀ ਦਿੰਦਾ ਸੀ। ਉਹ ਅੰਬ, ਟਾਹਲੀਆਂ ਅਤੇ ਬੋਹੜ ਦੇ ਦਰੱਖ਼ਤ ਜਿਨ੍ਹਾਂ ਦੀ ਛਾਂ ਹੇਠ ਪੀੜ੍ਹੀਆਂ ਪਲੀਆਂ ਸਨ। ਉਹ ਗਾਂਵਾਂ, ਮੱਝਾਂ ਅਤੇ ਬਲਦ ਜਿਨ੍ਹਾਂ ਨੂੰ ਪਰਿਵਾਰ ਦਾ ਹਿੱਸਾ ਸਮਝ ਕੇ ਪਾਲਿਆ ਗਿਆ ਸੀ। ਇਹ ਸਭ ਕੁਝ ਇੱਕੋ ਝਟਕੇ ਵਿੱਚ ਛੱਡ ਕੇ ਅਣਜਾਣ ਥਾਂ ਵੱਲ ਤੁਰ ਪੈਣਾ ਸਿਰਫ਼ ਘਰ ਛੱਡਣਾ ਨਹੀਂ ਸੀ, ਸਗੋਂ ਆਪਣੀ ਰੂਹ ਦਾ ਇੱਕ ਵੱਡਾ ਹਿੱਸਾ ਪਿੱਛੇ ਛੱਡ ਆਉਣਾ ਸੀ।

ਵੰਡ ਦੇ ਉਹ ਕਾਫ਼ਲੇ ਸਿਰਫ਼ ਲੋਕਾਂ ਦੇ ਕਾਫ਼ਲੇ ਨਹੀਂ ਸਨ, ਉਹ ਟੁੱਟੇ ਹੋਏ ਸੁਪਨਿਆਂ ਦੇ ਕਾਫ਼ਲੇ ਸਨ। ਮੀਲਾਂ ਲੰਬੀਆਂ ਲਾਈਨਾਂ ਵਿੱਚ ਤੁਰਦੇ ਲੋਕਾਂ ਦੇ ਹੱਥਾਂ ਵਿੱਚ ਭੁੱਖੇ-ਭਾਣੇ ਬੱਚੇ ਸਨ, ਕਿਸੇ ਕੋਲ ਥੋੜ੍ਹਾ ਜਿਹਾ ਸਮਾਨ ਸੀ ਅਤੇ ਕਿਸੇ ਨੇ ਆਪਣੇ ਘਰ ਦੇ ਵਿਹੜੇ ਦੀ ਮਿੱਟੀ ਦੀ ਇੱਕ ਮੁੱਠੀ ਕੱਪੜੇ ਵਿੱਚ ਸੰਭਾਲ ਲਈ ਸੀ। ਕਈਆਂ ਨੇ ਸੋਚਿਆ ਹੋਵੇਗਾ ਕਿ ਇਹ ਰੌਲਾ-ਰੱਪਾ ਕੁਝ ਦਿਨਾਂ ਦੀ ਗੱਲ ਹੈ ਅਤੇ ਹਾਲਾਤ ਠੀਕ ਹੁੰਦਿਆਂ ਹੀ ਉਹ ਵਾਪਸ ਆਪਣੇ ਘਰਾਂ ਨੂੰ ਆ ਜਾਣਗੇ, ਪਰ ਇਤਿਹਾਸ ਨੇ ਉਹ ਮੌਕਾ ਬਹੁਤਿਆਂ ਨੂੰ ਮੁੜ ਨਾ ਦਿੱਤਾ। ਉਹ ਚਾਬੀਆਂ ਜੋ ਲੋਕ ਆਪਣੇ ਘਰਾਂ ਦੇ ਜੰਦਰਿਆਂ ਦੀਆਂ ਨਾਲ ਲੈ ਕੇ ਆਏ ਸਨ, ਉਹ ਵਰ੍ ?ਆਂ ਤੱਕ ਉਨ੍ਹਾਂ ਦੀਆਂ ਜੇਬਾਂ ਅਤੇ ਸੰਦੂਕਾਂ ਵਿੱਚ ਪਈਆਂ-ਪਈਆਂ ਜੰਗਾਲ ਗਈਆਂ, ਪਰ ਉਨ੍ਹਾਂ ਦੇ ਘਰਾਂ ਦੇ ਦਰਵਾਜ਼ੇ ਮੁੜ ਕਦੇ ਉਨ੍ਹਾਂ ਵਾਸਤੇ ਨਹੀਂ ਖੁੱਲ੍ਹੇ।

ਇਸ ਵੰਡ ਦੀ ਸਭ ਤੋਂ ਡੂੰਘੀ ਅਤੇ ਅਸਹਿ ਪੀੜ ਔਰਤਾਂ ਨੇ ਝੱਲੀ। ਕਈ ਧੀਆਂ ਆਪਣੇ ਮਾਪਿਆਂ ਤੋਂ ਵਿਛੜ ਗਈਆਂ, ਕਈ ਭੈਣਾਂ ਆਪਣੇ ਵੀਰਾਂ ਤੋਂ ਦੂਰ ਹੋ ਗਈਆਂ ਅਤੇ ਲੱਖਾਂ ਔਰਤਾਂ ਨੂੰ ਫਿਰਕੂ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ। ਕਈ ਪਰਿਵਾਰ ਅਜਿਹੀਆਂ ਤ੍ਰਾਸਦੀਆਂ ਵਿੱਚੋਂ ਲੰਘੇ ਜਿਨ੍ਹਾਂ ਨੂੰ ਯਾਦ ਕਰਨਾ ਵੀ ਮਾਨਸਿਕ ਤੌਰ 'ਤੇ ਅਸੰਭਵ ਹੈ। ਆਪਣੀ ਇੱਜ਼ਤ ਬਚਾਉਣ ਲਈ ਕਈ ਧੀਆਂ-ਭੈਣਾਂ ਨੇ ਖੂਹਾਂ ਵਿੱਚ ਛਾਲਾਂ ਮਾਰ ਕੇ ਆਪਣੀਆਂ ਜਾਨਾਂ ਦਿੱਤੀਆਂ। ਵੰਡ ਤੋਂ ਬਾਅਦ ਉਹ ਧੀਆਂ ਜੋ ਸਰਹੱਦ ਦੇ ਉਸ ਪਾਰ ਰਹਿ ਗਈਆਂ, ਉਨਾਂ ਨੇ ਅਸਹਿ ਮਾਨਸਿਕ ਤੇ ਸਰੀਰਿਕ ਪੀੜਾਂ ਨੂੰ ਝੱਲਿਆ ਉਹ ਔਰਤਾਂ ਜਿਨ੍ਹਾਂ ਦੇ ਵਿਆਹ ਤੇ ਬੱਚੇ ਵੀ ਉਥੇ ਹੋ ਗਏ ਸਨ ਜਦ ਉਹਨਾਂ ਨੂੰ ਛੱਡ ਆਪਣੇ ਦੇਸ਼ਾਂ ਨੂੰ ਪਰਤੀਆਂ ਹੋਣਗੀਆਂ ਤਾਂ ਉਹਨਾਂ ਦੀ ਪੀੜਾ ਦਾ ਕੋਈ ਪੈਮਾਨਾ ਨਹੀਂ ਲਗਾਇਆ ਜਾ ਸਕਦਾ ਸੀ। ਉਨ੍ਹਾਂ ਨੇ ਕਿੰਨੀਆਂ ਰੱਖੜੀਆਂ ਆਪਣੇ ਵੀਰਾਂ ਦੀ ਉਡੀਕ ਵਿੱਚ ਬਿਤਾਈਆਂ ਹੋਣਗੀਆਂ ? ਕਿੰਨੇ ਸਾਉਣ ਉਨ੍ਹਾਂ ਨੇ ਪੇਕਿਆਂ ਦੇ ਵਿਹੜੇ ਦੀ ਯਾਦ ਵਿੱਚ ਗੁਜ਼ਾਰੇ ਹੋਣਗੇ ? ਕਿੰਨੀਆਂ ਦੀਵਾਲੀਆਂ ਉਨ੍ਹਾਂ ਨੇ ਆਪਣੇ ਪੁਰਾਣੇ ਘਰਾਂ ਅਤੇ ਪਰਿਵਾਰਾਂ ਨੂੰ ਯਾਦ ਕਰਦਿਆਂ ਅੱਖਾਂ ਵਿੱਚ ਅੱਥਰੂ ਭਰ ਕੇ ਮਨਾਈਆਂ ਹੋਣਗੀਆਂ ? ਕਿੰਨੀਆਂ ਮਾਵਾਂ ਨੇ ਆਪਣੀਆਂ ਧੀਆਂ ਦੀਆਂ ਯਾਦਾਂ ਦੇ ਵਿੱਚ ਦਿਵਾਲੀ ਦੀ ਰਾਤ ਦੀਵੇ ਜਗਾਏ ਹੋਣਗੇ ? ਵੰਡ ਦਾ ਇਹ ਦਰਦ ਸਿਰਫ਼ ਇਤਿਹਾਸ ਦੇ ਪੰਨਿਆਂ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਪੰਜਾਬੀ ਸਾਹਿਤ ਅਤੇ ਕਲਾ ਵਿੱਚ ਵੀ ਬਹੁਤ ਡੂੰਘਾਈ ਨਾਲ ਦਰਜ ਹੈ। ਸਾਹਿਤਕਾਰਾਂ ਨੇ ਇਸ ਤ੍ਰਾਸਦੀ ਨੂੰ ਆਪਣੇ ਦਿਲ ਦੇ ਖ਼ੂਨ ਨਾਲ ਲਿਖਿਆ। ਅੰਮ੍ਰਿਤਾ ਪ੍ਰੀਤਮ ਦੀ ਪ੍ਰਸਿੱਧ ਕਵਿਤਾ "ਅੱਜ ਆਖਾਂ ਵਾਰਿਸ ਸ਼ਾਹ ਨੂੰ" ਪੰਜਾਬ ਦੇ ਵੰਡੇ ਜਾਣ ਦੇ ਦਰਦ ਦੀ ਸਭ ਤੋਂ ਵੱਡੀ ਆਵਾਜ਼ ਬਣੀ।

ਇਸ ਕਵਿਤਾ ਵਿੱਚ ਉਸ ਪੰਜਾਬ ਦੀ ਚੀਖ ਹੈ ਜਿਸ ਨੇ ਆਪਣੇ ਪੁੱਤਰਾਂ, ਧੀਆਂ, ਪ੍ਰੇਮ-ਪਿਆਰ ਅਤੇ ਸਾਂਝੀ ਸੱਭਿਆਚਾਰਕ ਵਿਰਾਸਤ ਨੂੰ ਅੱਖਾਂ ਸਾਹਮਣੇ ਤਬਾਹ ਹੁੰਦਿਆਂ ਵੇਖਿਆ।

ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿੱਚ ਵੀ ਵੰਡ ਕਾਰਨ ਪੈਦਾ ਹੋਈ ਮਨੁੱਖੀ ਪੀੜ, ਸ਼ਰਨਾਰਥੀਆਂ ਦਾ ਸੰਘਰਸ਼ ਅਤੇ ਰਿਸ਼ਤਿਆਂ ਦੀ ਤੋੜ-ਫੋੜ ਦਾ ਦਰਦ ਸਾਫ਼ ਮਿਲਦਾ ਹੈ। ਹਿੰਦੀ ਅਤੇ ਅੰਗਰੇਜ਼ੀ ਸਾਹਿਤ ਵਿੱਚ ਵੀ ਇਸ ਦੁਖਾਂਤ ਨੂੰ ਉੱਘੜਵੇਂ ਰੂਪ ਵਿੱਚ ਪੇਸ਼ ਕੀਤਾ ਗਿਆ। ਖੁਸ਼ਵੰਤ ਸਿੰਘ ਦਾ ਮਸ਼ਹੂਰ ਨਾਵਲ TTrain to PakistanU1947 ਦੀ ਵੰਡ ਨੂੰ ਆਮ ਲੋਕਾਂ ਦੀ ਜ਼ਿੰਦਗੀ ਰਾਹੀਂ ਪੇਸ਼ ਕਰਦਾ ਹੈ। ਇਹ ਦੱਸਦਾ ਹੈ ਕਿ ਕਿਵੇਂ ਸਿਆਸੀ ਫੈਸਲਿਆਂ ਨੇ ਇੱਕ ਸ਼ਾਂਤ ਪਿੰਡ ਮਨੋਮਾਜਰਾ ਦੀ ਜ਼ਿੰਦਗੀ ਨੂੰ ਪਲਕ ਝਪਕਦਿਆਂ ਬਦਲ ਕੇ ਰੱਖ ਦਿੱਤਾ। ਸਿਨੇਮਾ ਅਤੇ ਫ਼ ?ਲਮਾਂ ਨੇ ਵੀ ਇਸ ਮਾਨਵੀ ਤ੍ਰਾਸਦੀ ਨੂੰ ਦਰਸ਼ਕਾਂ ਦੇ ਸਾਹਮਣੇ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਪਹੁੰਚਾਇਆ ਹੈ। "ਪਿੰਜਰ" ਅਤੇ "ਖਾਮੋਸ਼ ਪਾਣੀ" ਵਰਗੀਆਂ ਫ਼ ?ਲਮਾਂ ਨੇ ਵੰਡ ਦੇ ਸਮੇਂ ਔਰਤਾਂ ਉੱਤੇ ਹੋਏ ਜ਼ੁਲਮ, ਵਿਛੋੜੇ ਅਤੇ ਟੁੱਟੇ ਹੋਏ ਮਨੁੱਖੀ ਰਿਸ਼ਤਿਆਂ ਦੀ ਕਹਾਣੀ ਨੂੰ ਰੂਹ ਤੱਕ ਝੰਜੋੜਨ ਵਾਲੇ ਢੰਗ ਨਾਲ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਫ਼ ?ਲਮ "ਗਰਮ ਹਵਾ" ਨੇ ਵੰਡ ਤੋਂ ਬਾਅਦ ਆਪਣੇ ਹੀ ਦੇਸ਼ ਵਿੱਚ ਬੇਗਾਨੇ ਹੋ ਗਏ ਪਰਿਵਾਰਾਂ ਦੀ ਮਾਨਸਿਕ ਦੁਵਿਧਾ ਨੂੰ ਦਰਸਾਇਆ। ਇਹ ਸਾਰੀਆਂ ਰਚਨਾਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ 1947 ਸਿਰਫ਼ ਦੇਸ਼ ਦੀ ਵੰਡ ਜਾਂ ਆਜ਼ਾਦੀ ਦਾ ਜਸ਼ਨ ਨਹੀਂ ਸੀ, ਸਗੋਂ ਲੱਖਾਂ ਨਿਰਦੋਸ਼ ਜ਼ਿੰਦਗੀਆਂ ਦੀ ਤਬਾਹੀ ਅਤੇ ਦਰਦ ਦੀ ਅਮਰ ਕਹਾਣੀ ਸੀ। ਉਜਾੜੇ ਦੇ ਇਸ ਵੱਡੇ ਦੁਖਾਂਤ ਤੋਂ ਬਾਅਦ ਵੀ ਪੰਜਾਬੀਆਂ ਨੇ ਹਿੰਮਤ ਨਹੀਂ ਹਾਰੀ। ਆਪਣੇ ਘਰ, ਜ਼ਮੀਨਾਂ ਅਤੇ ਕਾਰੋਬਾਰ ਗੁਆ ਕੇ ਖਾਲੀ ਹੱਥ ਆਏ ਸ਼ਰਨਾਰਥੀਆਂ ਨੇ ਆਪਣੀ ਅਣਥੱਕ ਮਿਹਨਤ ਨਾਲ ਜ਼ੀਰੋ ਤੋਂ ਨਵੀਂ ਸ਼ੁਰੂਆਤ ਕੀਤੀ; ਬੰਜਰ ਜ਼ਮੀਨਾਂ ਨੂੰ ਉਪਜਾਊ ਬਣਾ ਕੇ ਆਰਥਿਕ ਤੌਰ 'ਤੇ ਮੁੜ ਪੈਰਾਂ 'ਤੇ ਖੜ੍ਹੇ ਹੋਏ। ਪਰ ਆਰਥਿਕ ਮਜ਼ਬੂਤੀ ਦੇ ਬਾਵਜੂਦ, ਜਨਮ-ਭੂਮੀ ਦਾ ਮੋਹ ਅਤੇ ਬਚਪਨ ਦੀਆਂ ਯਾਦਾਂ ਉਨ੍ਹਾਂ ਦੇ ਦਿਲਾਂ ਵਿੱਚੋਂ ਕਦੇ ਭੁੱਲੇ ਨਹੀਂ । ਦਹਾਕੇ ਬੀਤ ਜਾਣ ਅਤੇ ਨਵੀਆਂ ਪੀੜ੍ਹੀਆਂ ਦੇ ਆਉਣ 'ਤੇ ਵੀ, ਸਰਹੱਦ ਦੇ ਦੋਵੇਂ ਪਾਸੇ ਬੈਠੇ ਬਜ਼ੁਰਗਾਂ ਦੀਆਂ ਅੱਖਾਂ ਆਪਣੇ ਪੁਰਾਣੇ ਪਿੰਡਾਂ, ਖੂਹਾਂ, ਖੇਤਾਂ ਦੀ ਮਹਿਕ ਅਤੇ ਧਰਮਾਂ ਤੋਂ ਉੱਪਰ ਰਹੇ ਗੁਆਂਢੀਆਂ ਦੇ ਸਾਂਝੇ ਰਿਸ਼ਤਿਆਂ ਨੂੰ ਯਾਦ ਕਰਕੇ ਅੱਜ ਵੀ ਨਮ ਹੋ ਜਾਂਦੀਆਂ ਹਨ। ਉਨ੍ਹਾਂ ਲਈ ਇਹ ਵੰਡ ਸਿਰਫ਼ ਧਰਤੀ ਦੀ ਨਹੀਂ, ਸਗੋਂ ਰੂਹਾਂ ਅਤੇ ਅਨਮੋਲ ਯਾਦਾਂ ਦੀ ਵੰਡ ਸੀ। 15 ਅਗਸਤ ਸਾਨੂੰ ਆਜ਼ਾਦੀ ਦਾ ਮਾਣ ਦਿੰਦਾ ਹੈ ਅਤੇ ਉਨ੍ਹਾਂ ਸ਼ਹੀਦਾਂ ਅੱਗੇ ਸੀਸ ਝੁਕਾਉਣ ਦਾ ਮੌਕਾ ਦਿੰਦਾ ਹੈ ਜਿਨ੍ਹਾਂ ਨੇ ਦੇਸ਼ ਲਈ ਜਾਨਾਂ ਵਾਰੀਆਂ। ਪਰ ਇਸ ਦੇ ਨਾਲ ਹੀ 1947 ਦੀ ਵੰਡ ਸਾਨੂੰ ਇਹ ਸਦਾਚਾਰਕ ਸਬਕ ਵੀ ਦਿੰਦੀ ਹੈ ਕਿ ਨਫ਼ਰਤ ਅਤੇ ਫਿਰਕਾਪ੍ਰਸਤੀ ਦੀ ਅੱਗ ਸਭ ਤੋਂ ਪਹਿਲਾਂ ਇਨਸਾਨੀਅਤ ਨੂੰ ਸਾੜ ਕੇ ਸੁਆਹ ਕਰਦੀ ਹੈ। ਧਰਮ, ਜਾਤ, ਭਾਸ਼ਾ ਅਤੇ ਪਛਾਣ ਦੇ ਨਾਂ 'ਤੇ ਖਿੱਚੀਆਂ ਗਈਆਂ ਲਕੀਰਾਂ ਹਮੇਸ਼ਾ ਆਮ ਲੋਕਾਂ ਦੇ ਦਿਲਾਂ ਨੂੰ ਜ਼ਖ਼ਮੀ ਕਰਦੀਆਂ ਹਨ। ਇਸ ਲਈ ਆਜ਼ਾਦੀ ਦਾ ਸੱਚਾ ਸਤਿਕਾਰ ਇਹ ਹੈ ਕਿ ਅਸੀਂ ਆਪਸੀ ਭਾਈਚਾਰੇ, ਪਿਆਰ, ਸ਼ਾਂਤੀ ਅਤੇ ਸਾਂਝ ਨੂੰ ਹਰ ਕੀਮਤ 'ਤੇ ਕਾਇਮ ਰੱਖੀਏ।

ਜਦੋਂ ਇਸ 15 ਅਗਸਤ ਨੂੰ ਤਿਰੰਗਾ ਲਹਿਰਾਏ, ਤਾਂ ਆਜ਼ਾਦੀ ਦਾ ਜਸ਼ਨ ਮਨਾਉਂਦਿਆਂ ਉਨ੍ਹਾਂ ਲੱਖਾਂ ਲੋਕਾਂ ਨੂੰ ਵੀ ਯਾਦ ਕਰੀਏ ਜਿਨ੍ਹਾਂ ਨੇ ਆਪਣਾ ਘਰ, ਆਪਣੀ ਮਿੱਟੀ, ਆਪਣੇ ਪਰਿਵਾਰ ਅਤੇ ਆਪਣੀਆਂ ਯਾਦਾਂ ਗੁਆ ਕੇ ਆਜ਼ਾਦੀ ਦੀ ਸਭ ਤੋਂ ਵੱਡੀ ਕੀਮਤ ਚੁਕਾਈ। ਕਿਉਂਕਿ ਨਕਸ਼ੇ ਉੱਤੇ ਖਿੱਚੀਆਂ ਸਰਹੱਦਾਂ ਧਰਤੀ ਨੂੰ ਤਾਂ ਵੰਡ ਸਕਦੀਆਂ ਹਨ, ਪਰ ਲੋਕਾਂ ਦੀਆਂ ਯਾਦਾਂ ਨੂੰ ਨਹੀਂ ਵੰਡ ਸਕਦੀਆਂ; ਦੇਸ਼ ਸਿਆਸੀ ਤੌਰ 'ਤੇ ਵੱਖ ਹੋ ਸਕਦੇ ਹਨ, ਪਰ ਸਦੀਆਂ ਪੁਰਾਣੇ ਇਨਸਾਨੀ ਰਿਸ਼ਤੇ ਵੱਖ ਨਹੀਂ ਹੁੰਦੇ। 1947 ਦੀ ਇਸ ਵੱਡੀ ਤ੍ਰਾਸਦੀ ਦੀ ਸਭ ਤੋਂ ਵੱਡੀ ਸਿੱਖ ਇਹੀ ਹੈ ਕਿ ਜਦੋਂ ਸਿਆਸਤ ਅਤੇ ਫਿਰਕਾਪ੍ਰਸਤੀ ਮਨੁੱਖਤਾ ਤੋਂ ਵੱਡੀ ਹੋ ਜਾਂਦੀ ਹੈ, ਤਾਂ ਹਾਰ ਕਿਸੇ ਇੱਕ ਧਰਮ ਜਾਂ ਕੌਮ ਦੀ ਨਹੀਂ ਹੁੰਦੀ—ਉੱਥੇ ਹਾਰ ਸਿਰਫ਼ ਅਤੇ ਸਿਰਫ਼ ਇਨਸਾਨੀਅਤ ਦੀ ਹੁੰਦੀ ਹੈ।

ਪ੍ਰੋ. ਜਗਰੂਪ ਕੌਰ
7009529882

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366

Website: www.preetnama.com Email preetnamausa@gmail.com

14 AUGUST TO 20 AUGUST, 2026




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 366 | Website: www.preetnama.com Email preetnamausa@gmail.com | 14 AUGUST TO 20 AUGUST, 2026


